'ਜ਼ਿਕਰ ਪੰਜਾਬ' ਨੂੰ
ਲੋੜ ਹੈ
ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਕਸਬਿਆਂ ਤੋਂ ਤਜ਼ਰਬੇਕਾਰ ਪੜ੍ਹੇ-ਲਿਖੇ ਪੱਤਰਕਾਰਾਂ ਦੀ
ਸੰਪਰਕ:-
9815024577
E-mail:
zikarpunjab44@gmail.com

ਸੱਚ ਦੀ ਆਵਾਜ਼ ਹੱਕ ਦੀ ਆਵਾਜ਼

# ਜ਼ਿਕਰ ਪੰਜਾਬ

WEEKLY ZIKAR PUNJAB

ਹਫਤਾਵਾਰੀ ਅਖ਼ਬਾਰ

ਕੁਲ ਪੰਨੇ : 8 ਮੁੱਲ : 3/- ਰੁਪਏ
ਲੁਧਿਆਣਾ : ਸੋਮਵਾਰ, 11 ਮਈ ਤੋਂ ਐਤਵਾਰ, 17 ਮਈ, 2026

ਮੁੱਖ ਸੰਪਾਦਕ : ਅਸ਼ਵਨੀ ਜੇਤਲੀ/ਸਹਿ-ਸੰਪਾਦਕ : ਬਲਵਿੰਦਰ ਕੁਮਾਰ

Ludhiana : Monday, 11 May to Sunday, 17 May 2026

ਹਫਤਾਵਾਰੀ 'ਜ਼ਿਕਰ ਪੰਜਾਬ' ਅਖ਼ਬਾਰ ਵਿੱਚ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਛਪਣਯੋਗ ਸਮੱਗਰੀ ਛਪਵਾਉਣ ਲਈ
ਸੰਪਰਕ:-
9815024577
E-mail:
zikarpunjab44@gmail.com

E-mail : zikarpunjab44@gmail.com | RNI-PUNPUN/2017/75418 | ਮੋਬਾਈਲ ਨੰ. : 9815024577 | ਸਾਲ : 10 ਅੰਕ : 19 | Website : www.zikarpunjab.com

## ਪੈਟਰੋਲ, ਡੀਜ਼ਲ ਅਤੇ ਗੈਸ ਦੀ ਸੰਜਮ ਨਾਲ ਵਰਤੋਂ ਕਰਨਾ ਸਮੇਂ ਦੀ ਲੋੜ : ਮੋਦੀ

ਜ਼ਿਕਰ ਪੰਜਾਬ

**ਤੇਲੰਗਾਨਾ/ਬਿਊਰੋ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਿਹਾ ਕਿ ਪੱਛਮੀ ਏਸ਼ੀਆ ਦੇ ਸੰਕਟ ਦੇ ਮੱਦੇਨਜ਼ਰ ਪੈਟਰੋ ਉਤਪਾਦਾਂ (ਪੈਟਰੋਲ, ਡੀਜ਼ਲ ਅਤੇ ਗੈਸ) ਦੀ ਸੰਜਮ ਨਾਲ ਵਰਤੋਂ ਕਰਨਾ ਸਮੇਂ ਦੀ ਲੋੜ ਹੈ। ਤੇਲੰਗਾਨਾ ਵਿੱਚ 9,400 ਕਰੋੜ ਰੁਪਏ ਦੇ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਅਤੇ ਉਦਘਾਟਨ ਕਰਨ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਨੂੰ ਦਰਾਮਦ ਕੀਤੇ ਜਾਣ ਵਾਲੇ ਪੈਟਰੋ ਉਤਪਾਦਾਂ ਦੀ ਵਰਤੋਂ ਸਿਰਫ਼ ਲੋੜ ਪੈਣ 'ਤੇ ਹੀ ਕਰਨੀ ਚਾਹੀਦੀ ਹੈ, ਕਿਉਂਕਿ ਇਸ ਨਾਲ ਨਾ ਸਿਰਫ ਵਿਦੇਸ਼ੀ ਮੁਦਰਾ ਦੀ ਬਚਤ ਹੋਵੇਗੀ ਸਗੋਂ ਜੰਗ ਦੇ ਮਾੜੇ ਪ੍ਰਭਾਵ ਵੀ ਘੱਟ ਹੋਣਗੇ। ਪ੍ਰਧਾਨ ਮੰਤਰੀ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਭਾਰਤ ਸੂਰਜੀ ਊਰਜਾ



(ਸੋਲਰ ਪਾਵਰ) ਪੈਦਾ ਕਰਨ ਵਾਲੇ ਦੁਨੀਆ ਦੇ ਮੋਹਰੀ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਸਰਕਾਰ ਦਾ ਮੁੱਖ ਟੀਚਾ ਹਰ ਘਰ ਤੱਕ ਐੱਲ ਪੀ ਜੀ ਸਿਲੰਡਰ ਪਹੁੰਚਾਉਣਾ ਸੀ, ਪਰ ਹੁਣ ਧਿਆਨ ਸਸਤੀ ਪਾਈਪ ਵਾਲੀ ਗੈਸ ਦੀ ਸਪਲਾਈ ਵਧਾਉਣ ਵੱਲ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਸੀ ਐੱਨ ਜੀ ਅਧਾਰਤ ਸਿਸਟਮ ਨੂੰ ਵੀ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਕੋਸ਼ਿਸ਼ਾਂ ਕਾਰਨ ਭਾਰਤ ਦੁਨੀਆ ਦੇ ਵੱਡੇ ਊਰਜਾ ਸੰਕਟ ਨਾਲ ਨਜਿੱਠ ਰਿਹਾ ਹੈ। ਉਨ੍ਹਾਂ ਕਿਹਾ, ਪਰ ਅੱਜ ਪੈਟਰੋਲ, ਗੈਸ, • ਬਾਕੀ ਸਫ਼ਾ 2 'ਤੇ

## ਤਾਮਿਲਨਾਡੂ 'ਚ ਨਵਾਂ ਇਤਿਹਾਸ : ਸੁਪਰਸਟਾਰ ਵਿਜੇ ਨੇ ਮੁੱਖ ਮੰਤਰੀ ਵਜੋਂ ਲਿਆ ਹਲਫ਼

ਜ਼ਿਕਰ ਪੰਜਾਬ

**ਚੇਨਈ/ਬਿਊਰੋ**

ਤਾਮਿਲਾਗਾ ਵੇਤਰੀ ਕਜ਼ਗਮ' (ਟੀਵੀਕੇ) ਦੇ ਵਿਧਾਇਕ ਦਲ ਦੇ ਨੇਤਾ ਅਤੇ ਉੱਘੇ ਅਦਾਕਾਰ ਸੀ. ਜੋਸਫ ਵਿਜੇ ਨੇ ਅੱਜ ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਚੇਨਈ ਦੇ ਜਵਾਹਰ ਲਾਲ ਨਹਿਰੂ ਇੰਡੋਰ ਸਟੇਡੀਅਮ ਵਿੱਚ ਕਰਵਾਏ ਗਏ ਇੱਕ ਸ਼ਾਨਦਾਰ ਸਮਾਗਮ ਦੌਰਾਨ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਉਨ੍ਹਾਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਇਸ ਸਹੁੰ ਚੁੱਕ ਸਮਾਗਮ ਨਾਲ ਸੂਬੇ ਦੀ ਰਾਜਨੀਤੀ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ ਹੈ। ਪਿਛਲੇ 60 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਡੀ. ਐਮ. ਕੇ ਜਾਂ ਏ. ਆਈ. ਏ. ਡੀ. ਐਮ. ਕੇ ਵਰਗੀਆਂ ਦ੍ਰਾਵਿੜ ਪਾਰਟੀਆਂ ਨੂੰ ਪਛਾੜ ਕੇ ਕਿਸੇ ਤੀਜੀ ਧਿਰ ਨੇ ਸੱਤਾ ਸੰਭਾਲੀ ਹੈ। ਸਟੇਡੀਅਮ




ਦੇ ਅੰਦਰ ਅਤੇ ਬਾਹਰ ਲੱਖਾਂ ਦੀ ਗਿਣਤੀ ਵਿੱਚ ਵਿਜੇ ਦੇ ਪ੍ਰਸ਼ੰਸਕ ਅਤੇ ਸਮਰਥਕ ਜਸ਼ਨ ਮਨਾ ਰਹੇ ਹਨ। ਵਿਜੇ ਨੂੰ ਹੁਣ 13 ਮਈ ਤੱਕ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਾਬਤ ਕਰਨਾ ਹੋਵੇਗਾ। ਸਹੁੰ ਚੁੱਕਣ ਤੋਂ ਤੁਰੰਤ ਬਾਅਦ ਉਨ੍ਹਾਂ ਵੱਲੋਂ ਕੈਬਨਿਟ ਦੀ ਪਹਿਲੀ ਮੀਟਿੰਗ ਕੀਤੇ ਜਾਣ ਦੀ ਵੀ ਉਮੀਦ ਹੈ। ਵਿਜੇ ਦੀ ਨਵੀਂ ਕੈਬਨਿਟ ਵਿੱਚ 'ਬੱਸੀ' ਐਨ. ਆਨੰਦ, ਆਦਵ ਅਰਜੁਨ, ਕੇ.ਏ. ਸੇਂਗੋਟਈਅਨ, ਕੇ.ਜੀ. ਅਰੁਣਰਾਜ, ਪੀ. ਵੈਂਕਟਰਮਨਨ, ਸੀ.ਟੀ.ਆਰ. ਨਿਰਮਲ ਕੁਮਾਰ, ਏ. ਰਾਜਮੋਹਨ ਅਤੇ ਕੇ.ਟੀ. ਪ੍ਰਭੂ ਵਰਗੇ • ਬਾਕੀ ਸਫ਼ਾ 2 'ਤੇ




## 200 ਯੂਨਿਟ ਤੱਕ ਘਰੇਲੂ ਬਿਜਲੀ ਮਿਲੇਗੀ ਮੁਫ਼ਤ, ਮੁੱਖ ਮੰਤਰੀ ਵਿਜੇ ਨੇ ਹੁਕਮ 'ਤੇ ਕੀਤੇ ਦਸਤਖ਼ਤ

ਜ਼ਿਕਰ ਪੰਜਾਬ

**ਚੇਨਈ:** ਤਾਮਿਲਨਾਡੂ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਤੁਰੰਤ ਬਾਅਦ, ਟੀਵੀਕੇ ਦੇ ਨੇਤਾ ਸੀ. ਜੋਸਫ਼ ਵਿਜੇ ਨੇ ਆਪਣੇ ਪਹਿਲੇ ਅਧਿਕਾਰਿਤ ਆਦੇਸ਼ 'ਤੇ ਦਸਤਖਤ ਕੀਤੇ, ਜਿਸ ਵਿੱਚ 200 ਯੂਨਿਟ ਮੁਫ਼ਤ ਬਿਜਲੀ ਯੋਜਨਾ ਸ਼ੁਰੂ ਕੀਤੀ ਗਈ। ਇਹ ਯੋਜਨਾ ਸਿਰਫ 500 ਯੂਨਿਟ ਤੱਕ ਬਿਜਲੀ ਦੀ ਵਰਤੋਂ ਕਰਨ ਵਾਲੇ ਘਰਾਂ 'ਤੇ ਲਾਗੂ ਹੋਵੇਗੀ। ਉਨ੍ਹਾਂ ਨੇ ਰਾਜ ਭਰ ਵਿੱਚ ਔਰਤਾਂ ਦੀ ਸੁਰੱਖਿਆ ਅਤੇ ਨਸ਼ਾ ਤਸਕਰੀ ਵਿਰੋਧੀ ਇਕਾਈਆਂ ਲਈ ਇੱਕ ਵਿਸ਼ੇਸ਼ ਫੋਰਸ ਬਣਾਉਣ ਲਈ ਕਾਗਜ਼ਾਤ 'ਤੇ ਵੀ ਦਸਤਖਤ ਕੀਤੇ। ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਇੱਥੇ ਜਵਾਹਰ ਲਾਲ ਨਹਿਰੂ ਇਨਡੋਰ • ਬਾਕੀ ਸਫ਼ਾ 2 'ਤੇ

## ਅਦਾਲਤ ਨੇ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ ਨੂੰ 7 ਦਿਨਾਂ ਦੇ ਈ.ਡੀ. ਰਿਮਾਂਡ 'ਤੇ ਭੇਜਿਆ

ਜ਼ਿਕਰ ਪੰਜਾਬ

**ਗੁਰੂਗ੍ਰਾਮ/ਬਿਊਰੋ**

ਗੁਰੂਗ੍ਰਾਮ ਦੀ ਇੱਕ ਸੈਸ਼ਨ ਅਦਾਲਤ ਨੇ ਸ਼ਨੀਵਾਰ ਦੇਰ ਰਾਤ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਸੰਜੀਵ ਅਰੋੜਾ ਨੂੰ 100 ਕਰੋੜ ਰੁਪਏ ਦੇ ਕਥਿਤ ਜੀਐਸਟੀ ਧੋਖਾਧੜੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿੱਚ ਸੱਤ ਦਿਨਾਂ ਲਈ ਐਨਫੋਰਸਮੈਂਟ ਡਾਇਰੈਕਟੋਰੇਟ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਈਡੀ ਨੇ ਮੰਤਰੀ ਦੇ ਦਿੱਲੀ, ਗੁਰੂਗ੍ਰਾਮ ਅਤੇ



ਚੰਡੀਗੜ੍ਹ ਸਥਿਤ ਵੱਖ-ਵੱਖ ਟਿਕਾਣਿਆਂ ਅਤੇ ਕਾਰੋਬਾਰੀ ਇਕਾਈਆਂ 'ਤੇ ਦਿਨ ਭਰ ਚੱਲੀ ਛਾਪੇਮਾਰੀ ਤੋਂ ਬਾਅਦ ਉਨ੍ਹਾਂ ਨੂੰ ਪ੍ਰੀਵੈਂਸ਼ਨ ਆਫ਼ ਮਨੀ ਲਾਂਡਰਿੰਗ ਐਕਟ ਤਹਿਤ ਗ੍ਰਿਫ਼ਤਾਰ ਕੀਤਾ ਸੀ। ਈਡੀ ਦੇ ਅਧਿਕਾਰੀਆਂ ਅਨੁਸਾਰ, ਇਹ ਜਾਂਚ 100 ਕਰੋੜ ਰੁਪਏ ਤੋਂ ਵੱਧ ਦੇ ਮੋਬਾਈਲ ਫੋਨਾਂ ਦੀ ਕਥਿਤ ਫਰਜ਼ੀ ਜੀਐਸਟੀ ਖਰੀਦ ਦੇ ਆਲੇ-ਦੁਆਲੇ ਘੁੰਮਦੀ ਹੈ। ਜਾਂਚਕਰਤਾਵਾਂ ਦਾ ਦਾਅਵਾ ਹੈ ਕਿ ਦਿੱਲੀ ਸਥਿਤ ਗੈਰ-ਮੌਜੂਦ (ਬੋਗਸ) ਫਰਮਾਂ ਰਾਹੀਂ ਫਰਜ਼ੀ ਖਰੀਦ ਇਨਵੌਇਸ • ਬਾਕੀ ਸਫ਼ਾ 2 'ਤੇ

## ਕਿਸਾਨਾਂ ਵੱਲੋਂ 15 ਮਈ ਨੂੰ ਰਾਜ ਭਵਨ ਵੱਲ ਮਾਰਚ ਕਰਨ ਦਾ ਐਲਾਨ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਆਪਣੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲੈ ਕੇ ਪੰਜਾਬ ਭਰ ਦੇ ਹਜ਼ਾਰਾਂ ਕਿਸਾਨ 15 ਮਈ ਨੂੰ ਚੰਡੀਗੜ੍ਹ ਸਥਿਤ ਰਾਜ ਭਵਨ (ਪੰਜਾਬ ਲੋਕ ਭਵਨ) ਵੱਲ ਮਾਰਚ ਕਰਨਗੇ। ਇਹ ਰੋਸ ਪ੍ਰਦਰਸ਼ਨ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ ਉਲੀਕਿਆ ਗਿਆ ਹੈ। ਇਹ ਐਲਾਨ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਵੱਲੋਂ ਮਹੀਨਾਵਾਰ ਮੀਟਿੰਗ ਦੌਰਾਨ ਕੀਤਾ ਗਿਆ। ਲੱਖੋਵਾਲ ਨੇ ਦੱਸਿਆ ਕਿ ਮੋਹਾਲੀ ਦੇ ਵਾਈ ਪੀ ਐੱਸ ਸਕੂਲ ਦੇ ਸਾਹਮਣੇ ਸ਼ਹੀਦ ਭਗਤ ਸਿੰਘ ਨੇਚਰ ਪਾਰਕ ਵਿਖੇ ਰੈਲੀ ਕੀਤੀ ਜਾਵੇਗੀ, ਜਿੱਥੋਂ ਕਿਸਾਨ ਚੰਡੀਗੜ੍ਹ ਸਥਿਤ ਰਾਜ ਭਵਨ ਵੱਲ ਪੈਦਲ ਮਾਰਚ ਕਰਨਗੇ। ਲੱਖੋਵਾਲ ਨੇ ਕਿਹਾ ਹੁਣ ਤੱਕ ਦੀਆਂ ਸਾਰੀਆਂ ਸਰਕਾਰਾਂ ਨੇ ਪੰਜਾਬ ਦੇ ਹੱਕਾਂ ਨੂੰ ਨਜ਼ਰਅੰਦਾਜ਼ ਕੀਤਾ ਹੈ। ਪੰਜਾਬ ਨੂੰ ਹਮੇਸ਼ਾ ਬੇਇਨਸਾਫ਼ੀ ਦਾ ਸਾਹਮਣਾ ਕਰਨਾ ਪਿਆ ਹੈ, ਜੋ ਅੱਜ ਵੀ ਜਾਰੀ ਹੈ। ਪਰਮਿੰਦਰ ਸਿੰਘ ਪਾਲਮਾਜਰਾ ਅਤੇ ਪਰਸ਼ੋਤਮ ਸਿੰਘ ਗਿੱਲ ਨੇ ਕਿਸਾਨਾਂ ਨੂੰ ਫ਼ਸਲੀ ਕਰਜ਼ੇ ਸਮੇਂ ਸਿਰ ਯਕੀਨੀ ਬਣਾਉਣ ਲਈ ਸਹਿਕਾਰੀ ਬੈਂਕਾਂ ਨੂੰ ਮਜ਼ਬੂਤ ਕਰਨ ਦੀ ਫੌਰੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਸਰਕਾਰੀ ਸਬਸਿਡੀਆਂ ਅਤੇ ਕਰਜ਼ਾ ਮੁਆਫ਼ੀ ਪ੍ਰੋਗਰਾਮ ਬਿਨਾਂ ਕਿਸੇ ਦੇਰੀ ਦੇ ਕਾਸ਼ਤਕਾਰਾਂ ਤੱਕ ਪਹੁੰਚਣੇ ਚਾਹੀਦੇ ਹਨ, ਕਿਉਂਕਿ ਬਹੁਤ ਸਾਰੇ ਕਿਸਾਨ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਹਨ। ਉਨ੍ਹਾਂ ਕਿਸਾਨਾਂ ਨੂੰ 8 ਘੰਟੇ ਨਿਰਵਿਘਨ ਬਿਜਲੀ ਸਪਲਾਈ ਦੇਣ ਦੀ ਵੀ ਮੰਗ ਕੀਤੀ ਤਾਂ ਜੋ ਉਹ ਝੋਨੇ ਦੀ ਪਨੀਰੀ ਤਿਆਰ ਕਰ ਸਕਣ।



ਉਨ੍ਹਾਂ ਇਹ ਵੀ ਕਿਹਾ ਕਿ ਪਿੰਡਾਂ ਵਿੱਚ ਕਰਜ਼ਾ ਦੇਣ ਲਈ ਸਹਿਕਾਰੀ ਸੰਸਥਾਵਾਂ ਅਹਿਮ ਭੂਮਿਕਾ ਨਿਭਾਉਂਦੀਆਂ ਹਨ, ਫਿਰ ਵੀ ਕਿਸਾਨਾਂ ਨੂੰ ਫੰਡ ਲੈਣ ਵਿੱਚ ਅਕਸਰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੱਖੋਵਾਲ ਨੇ ਕਿਹਾ ਕਿ ਇਹ ਪ੍ਰਦਰਸ਼ਨ ਸ਼ਾਂਤਮਈ ਹੋਵੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਪੰਜਾਬ ਦੇ ਕਿਸਾਨ ਹੁਣ ਹੋਰ ਇੰਤਜ਼ਾਰ ਨਹੀਂ ਕਰ ਸਕਦੇ। ਸਰਕਾਰ ਨੂੰ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਕਦਮ ਚੁੱਕਣੇ ਚਾਹੀਦੇ ਹਨ।

## ਕਿਸ਼ਤੀ ਬੰਦ ਹੋਣ ਕਾਰਨ ਲੋਕ ਪ੍ਰੇਸ਼ਾਨ



**ਚਮਕੌਰ ਸਾਹਿਬ/ਜ਼ਿਕਰ ਪੰਜਾਬ ਬਿਊਰੋ**

ਸਤਲੁਜ ਦਰਿਆ ਦੇ ਕੰਢੇ ਵਸੇ ਪਿੰਡ ਬੇਲਾ ਤੋਂ ਪਿੰਡ ਜਿੰਦਾਪੁਰ-ਬਲਾਚੌਰ ਨੂੰ ਜੋੜਨ ਵਾਲੀ ਕਿਸ਼ਤੀ ਪਿਛਲੇ ਦੋ ਮਹੀਨਿਆਂ ਤੋਂ ਬੰਦ ਹੋਣ ਕਾਰਨ ਇਲਾਕਾ ਨਿਵਾਸੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਦੇਸ਼ ਦੀ ਵੰਡ ਦੇ ਸਮੇਂ ਤੋਂ ਚੱਲਦੀ ਆ ਰਹੀ ਇਹ ਕਿਸ਼ਤੀ ਉਨ੍ਹਾਂ ਦੀ ਜ਼ਿੰਦਗੀ ਦੀ ਅਹਿਮ ਕੜੀ ਹੈ, ਜਿਸ ਦੇ ਬੰਦ ਹੋਣ ਨਾਲ ਹਜ਼ਾਰਾਂ ਲੋਕਾਂ ਦਾ ਜੀਵਨ ਪ੍ਰਭਾਵਿਤ ਹੋ ਰਿਹਾ ਹੈ। ਪੰਚ ਹਰਜੀਤ ਸਿੰਘ, ਬੱਗਾ ਸਿੰਘ, ਨਵਪ੍ਰੀਤ ਕੌਰ ਅਤੇ ਪੰਚ ਅਮਨਦੀਪ ਸਿੰਘ, ਬੂਟਾ ਸਿੰਘ ਚੌਕੀਦਾਰ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਰਸਤੇ ਰਾਹੀਂ ਰੋਜ਼ਾਨਾ 700 ਤੋਂ 800 ਦੇ ਕਰੀਬ ਕਿਸਾਨ, ਮਜ਼ਦੂਰ, ਸਰਕਾਰੀ ਮੁਲਾਜ਼ਮ ਅਤੇ ਸ ਕ ੂ ਲ ੀ • ਬਾਕੀ ਸਫ਼ਾ 2 'ਤੇ

## ਭਾਰਤ ਨੇ ਚੀਨ ਨੂੰ ਹਰਾ ਜਿੱਤਿਆ ਤੀਰਅੰਦਾਜ਼ੀ ਵਿਸ਼ਵ ਕੱਪ ਗੋਲਡ ਮੈਡਲ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਭਾਰਤੀ ਮਹਿਲਾ ਰਿਕਰਵ ਟੀਮ ਨੇ ਸ਼ੰਘਾਈ ਵਿੱਚ ਖੇਡੇ ਜਾ ਰਹੇ ਤੀਰਅੰਦਾਜ਼ੀ ਵਿਸ਼ਵ ਕੱਪ 2026 ਦੇ ਦੂਜੇ ਪੜਾਅ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਮਗਾ ਆਪਣੇ ਨਾਮ ਕਰ ਲਿਆ ਹੈ। ਦੀਪਿਕਾ ਕੁਮਾਰੀ, ਅੰਕਿਤਾ ਭਗਤ ਅਤੇ ਕੁਮਕੁਮ ਮੋਹੋਦ ਦੀ ਤਿਕੜੀ ਨੇ ਇੱਕ ਰੋਮਾਂਚਕ ਫਾਈਨਲ ਮੁਕਾਬਲੇ ਵਿੱਚ ਮੇਜ਼ਬਾਨ ਚੀਨ ਨੂੰ ਸ਼ੂਟ-ਆਫ ਵਿੱਚ 5-4 (28-26) ਨਾਲ ਹਰਾ ਕੇ ਗੋਲਡ ਮੈਡਲ ਜਿੱਤਿਆ। ਫਾਈਨਲ ਮੁਕਾਬਲਾ ਬਹੁਤ ਹੀ ਦਿਲਚਸਪ ਰਿਹਾ, ਜਿੱਥੇ ਭਾਰਤ ਨੇ ਪਹਿਲਾ ਸੈੱਟ 54-53 ਨਾਲ ਜਿੱਤ ਕੇ ਸ਼ਾਨਦਾਰ ਸ਼ੁਰੂਆਤ ਕੀਤੀ। ਹਾਲਾਂਕਿ, ਚੀਨ ਨੇ ਜ਼ੋਰਦਾਰ ਵਾਪਸੀ ਕਰਦਿਆਂ ਦੂਜਾ ਸੈੱਟ



55-52 ਅਤੇ ਤੀਜਾ ਸੈੱਟ 57-56 ਨਾਲ ਜਿੱਤ ਕੇ ਲੀਡ ਬਣਾ ਲਈ। ਭਾਰਤੀ ਟੀਮ ਨੇ ਦਬਾਅ ਦੇ ਬਾਵਜੂਦ ਹਿੰਮਤ ਨਹੀਂ ਹਾਰੀ ਅਤੇ ਚੌਥਾ ਸੈੱਟ ਜਿੱਤ ਕੇ ਮੁਕਾਬਲੇ ਨੂੰ ਸ਼ੂਟ-ਆਫ ਤੱਕ ਪਹੁੰਚਾ ਦਿੱਤਾ। ਨਿਰਣਾਇਕ ਸ਼ੂਟ-ਆਫ ਵਿੱਚ ਭਾਰਤੀ ਖਿਡਾਰੀਆਂ ਨੇ ਬਿਹਤਰੀਨ ਸੰਜਮ ਦਾ ਮੁਜ਼ਾਹਰਾ ਕੀਤਾ। ਅੰਕਿਤਾ ਭਗਤ ਨੇ 9 ਅੰਕ ਜੁਟਾਏ, ਜਦਕਿ 17 ਸਾਲਾ ਕੁਮਕੁਮ ਮੋਹੋਦ ਨੇ ਸ਼ਾਨਦਾਰ 10 ਦਾ ਸਕੋਰ ਕੀਤਾ। ਇਸ ਤੋਂ ਬਾਅਦ ਭਾਰਤ ਨੂੰ ਜਿੱਤ ਲਈ 8 ਅੰਕਾਂ ਦੀ ਲੋੜ ਸੀ ਅਤੇ ਤਜਰਬੇਕਾਰ ਦੀਪਿਕਾ ਕੁਮਾਰੀ ਨੇ ਦਬਾਅ ਦੇ ਵਿਚਕਾਰ 9 ਅੰਕ ਹਾਸਲ ਕਰਕੇ ਭਾਰਤ ਨੂੰ • ਬਾਕੀ ਸਫ਼ਾ 2 'ਤੇ

## ਸੰਜੀਵ ਅਰੋੜਾ ਖਿਲਾਫ ਈਡੀ ਦੀ ਕਾਰਵਾਈ ਨੂੰ ਲੈ ਕੇ 'ਆਪ' ਨੇ ਪੰਜਾਬ ਭਰ 'ਚ ਭਾਜਪਾ ਦਫ਼ਤਰਾਂ ਦਾ ਕੀਤਾ ਘਿਰਾਓ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਨੇ ਐਤਵਾਰ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਰੁੱਧ ਸੂਬਾ ਵਿਆਪੀ ਪ੍ਰਦਰਸ਼ਨ ਸ਼ੁਰੂ ਕਰਦਿਆਂ ਦਾਅਵਾ ਕੀਤਾ ਕਿ ਭਾਜਪਾ ਵਿਰੋਧੀ ਆਗੂਆਂ ਨੂੰ ਨਿਸ਼ਾਨਾ ਬਣਾਉਣ ਅਤੇ ਗੈਰ-ਭਾਜਪਾ ਸਰਕਾਰਾਂ ਨੂੰ ਅਸਥਿਰ ਕਰਨ ਲਈ ਇਨਫੋਰਸਮੈਂਟ ਡਾਇਰੈਕਟੋਰੇਟ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਿਭਾਗ ਵਰਗੀਆਂ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕਰ ਰਹੀ ਹੈ। ਕੈਬਨਿਟ ਮੰਤਰੀ ਸੰਜੀਵ ਅਰੋੜਾ ਵਿਰੁੱਧ ਈਡੀ ਦੀ ਕਾਰਵਾਈ ਨੂੰ ਲੈ ਕੇ 'ਆਪ' ਆਗੂਆਂ ਅਤੇ ਵਰਕਰਾਂ ਨੇ ਪੰਜਾਬ ਦੇ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਭਾਜਪਾ




ਦਫ਼ਤਰਾਂ ਦਾ ਘਿਰਾਓ ਕੀਤਾ ਅਤੇ ਨਰਿੰਦਰ ਮੋਦੀ ਤੇ ਭਾਜਪਾ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਹ ਪ੍ਰਦਰਸ਼ਨ ਹੁਸ਼ਿਆਰਪੁਰ, ਪਟਿਆਲਾ, ਮੋਹਾਲੀ ਅਤੇ ਪੰਜਾਬ ਦੇ ਕਈ ਹੋਰ ਹਿੱਸਿਆਂ ਵਿੱਚ ਕੀਤੇ ਗਏ, ਜਿੱਥੇ 'ਆਪ' ਆਗੂਆਂ ਨੇ ਕਿਹਾ ਕਿ ਭਾਜਪਾ ਚੁਣੀਆਂ ਹੋਈਆਂ ਸਰਕਾਰਾਂ ਨੂੰ ਡਰਾਉਣ ਅਤੇ ਵਿਰੋਧੀ ਧਿਰ ਦੀ ਆਵਾਜ਼ ਨੂੰ ਚੁੱਪ ਕਰਾਉਣ ਲਈ ਜਾਂਚ ਏਜੰਸੀਆਂ ਨੂੰ ਸਿਆਸੀ ਹਥਿਆਰ ਵਜੋਂ ਵਰਤ ਰਹੀ ਹੈ। ਪ੍ਰਦਰਸ਼ਨਕਾਰੀਆਂ ਨੇ ਹੱਥਾਂ ਵਿੱਚ ਤਖ਼ਤੀਆਂ ਫੜੀਆਂ ਹੋਈਆਂ ਸਨ, ਮੋਦੀ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਅਤੇ ਭਾਜਪਾ 'ਤੇ ਹਰ ਉਸ ਸਿਆਸੀ ਤਾਕਤ ਨੂੰ ਕੁਚਲਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਜੋ ਉਸ ਅੱਗੇ ਝੁਕਣ ਤੋਂ ਇਨਕਾਰ ਕਰਦੀ ਹੈ। ਹੁਸ਼ਿਆਰਪੁਰ ਵਿੱਚ 'ਆਪ' ਆਗੂਆਂ ਨੇ ਪੀਐਮ ਮੋਦੀ ਦਾ ਪੁਤਲਾ ਫੂਕਿਆ ਅਤੇ ਭਾਜਪਾ ਦੀਆਂ ਕਾਰਵਾਈਆਂ ਨੂੰ ਵਿਰੋਧੀ ਪਾਰਟੀਆਂ 'ਤੇ ਤਾਨਾਸ਼ਾਹੀ ਅਤੇ ਲੋਕਤੰਤਰ ਵਿਰੋਧੀ ਹਮਲਾ ਕਰਾਰ ਦਿੱਤਾ। ਪਾਰਟੀ ਵਰਕਰਾਂ ਨੇ ਕਿਹਾ ਕਿ ਭਾਜਪਾ ਛਾਪਿਆਂ ਅਤੇ ਜ਼ਬਰਦਸਤੀ ਕਾਰਵਾਈਆਂ ਰਾਹੀਂ ਡਰ ਫੈਲਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਪੰਜਾਬ ਅਜਿਹੀਆਂ ਚਾਲਾਂ ਅੱਗੇ ਗੋਡੇ ਨਹੀਂ ਟੇਕੇਗਾ। ਸੀਨੀਅਰ 'ਆਪ' ਆਗੂ ਅਤੇ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਾਜਪਾ ਨੇ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਰਗੀਆਂ ਏਜੰਸੀਆਂ ਨੂੰ ਸਿਆਸੀ ਹਥਿਆਰ ਬਣਾ ਦਿੱਤਾ ਹੈ। ਜਦੋਂ ਵੀ ਭਾਜਪਾ ਨੂੰ ਸਿਆਸੀ ਹਾਰ ਜਾਂ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ, ਉਹ ਵਿਰੋਧੀ ਆਗੂਆਂ 'ਤੇ ਕੇਂਦਰੀ ਏਜੰਸੀਆਂ ਨੂੰ ਛੱਡ ਦਿੰਦੀ ਹੈ। ਪਹਿਲਾਂ ਬੰਗਾਲ ਨੂੰ ਨਿਸ਼ਾਨਾ • ਬਾਕੀ ਸਫ਼ਾ 2 'ਤੇ

## ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ 'ਚ ਅੱਜ ਤੋਂ ਚੱਲਣਗੀਆਂ ਤੇਜ਼ ਹਵਾਵਾਂ



ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਉੱਤਰ-ਪੱਛਮੀ ਭਾਰਤ ਵਿੱਚ ਇਕ ਹੋਰ ਪੱਛਮੀ ਗੜਬੜੀ ਸਰਗਰਮ ਹੋ ਗਈ ਹੈ ਜਿਸ ਕਾਰਨ ਭਾਰਤੀ ਮੌਸਮ ਵਿਭਾਗ (9$4) ਨੇ ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ ਵਿੱਚ ਵੀਰਵਾਰ 14 ਮਈ ਤੱਕ ਤੇਜ਼ ਹਵਾਵਾਂ ਤੇ ਗਰਜ-ਚਮਕ ਨਾਲ ਮੀਂਹ ਪੈਣ ਦੀ ਚਿਤਾਵਨੀ ਜਾਰੀ ਕੀਤੀ ਹੈ। ਇਸ ਦੌਰਾਨ ਹਵਾਵਾਂ ਦੀ ਰਫ਼ਤਾਰ ਲਗਪਗ 50 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਤੱਕ ਰਹਿਣ ਦਾ ਅਨੁਮਾਨ ਹੈ। ਮੌਸਮ ਦਾ ਸਭ ਤੋਂ ਵੱਧ ਅਸਰ ਸੋਮਵਾਰ ਨੂੰ ਦੇਖਣ ਨੂੰ ਮਿਲੇਗਾ ਜਿਸ ਲਈ ਪੂਰੇ ਖੇਤਰ ਵਿੱਚ 'ਓਰੈਂਜ ਅਲਰਟ' ਜਾਰੀ ਕਰ ਦਿੱਤਾ ਗਿਆ ਹੈ। ਸ਼ੁੱਕਰਵਾਰ ਤੋਂ ਮੌਸਮ ਸਾਫ਼ ਹੋ ਜਾਵੇਗਾ ਅਤੇ ਆਉਣ ਵਾਲੇ ਹਫ਼ਤੇ ਦੇ ਅੰਤ ਵਿੱਚ ਮੌਸਮ ਖ਼ੁਸ਼ਕ ਰਹਿਣ ਦੀ ਉਮੀਦ ਹੈ। ਮੌਸਮ ਵਿਭਾਗ ਅਨੁਸਾਰ ਇਹ ਤਬਦੀਲੀ ਵਾਯੂਮੰਡਲ ਵਿੱਚ ਬਣੀ ਪੱਛਮੀ ਗੜਬੜੀ ਅਤੇ ਰਾਜਸਥਾਨ ਦੇ ਇਲਾਕਿਆਂ ਉੱਤੇ ਬਣੇ ਚੱਕਰਵਾਤੀ ਹਵਾਵਾਂ ਕਾਰਨ ਹੋਈ ਹੈ। ਇਹ ਦੋਵੇਂ ਸਿਸਟਮ ਮੈਦਾਨੀ ਇਲਾਕਿਆਂ ਵਿੱਚ ਨਮੀ ਅਤੇ ਊਰਜਾ ਖਿੱਚ ਰਹੇ ਹਨ, ਜਿਸ ਨਾਲ ਪ੍ਰੀ-ਮੌਨਸੂਨ ਗਤੀਵਿਧੀਆਂ ਬਣ ਗਈਆਂ ਹਨ। ਐਤਵਾਰ ਨੂੰ ਪੰਜਾਬ ਵਿੱਚ ਪਹਿਲਾਂ ਹੀ ਓਰੈਂਜ ਅਲਰਟ ਰਿਹਾ, ਜਦਕਿ ਹਰਿਆਣਾ ਅਤੇ ਚੰਡੀਗੜ੍ਹ ਵਿੱਚ 'ਯੈਲੋ ਅਲਰਟ' ਦਿੱਤਾ ਗਿਆ ਸੀ। ਸੋਮਵਾਰ (11 ਮਈ) ਨੂੰ ਮੌਸਮ ਵਿਚ ਬਦਲਾਅ ਹੋਵੇਗਾ ਜਿਸ ਲਈ ਲੋਕਾਂ ਨੂੰ ਘਰਾਂ ਦੇ ਅੰਦਰ ਰਹਿਣ, ਦਰੱਖਤਾਂ ਹੇਠਾਂ ਨਾ ਖੜ?ਹਨ ਅਤੇ ਕਿਸਾਨਾਂ ਨੂੰ ਖੇਤਾਂ ਵਿੱਚ ਕੰਮ ਰੋਕਣ ਦੀ ਚਿਤਾਵਨੀ ਦਿੱਤੀ ਗਈ ਹੈ। ਮੰਗਲਵਾਰ ਤੋਂ • ਬਾਕੀ ਸਫ਼ਾ 2 'ਤੇ

## ਲੰਗਰ ਸ੍ਰੀ ਗੁਰੂ ਰਾਦਮਾਸ ਜੀ ਤੋਂ ਬਾਬਾ ਅਟੱਲ ਰਾਇ ਸਾਹਿਬ ਨੂੰ ਜਾਂਦੇ ਰਸਤੇ ਦੇ ਨਵੀਕੀਰਨ ਅਤੇ ਸੁੰਦਰੀਕਰਨ ਦੀ ਸੇਵਾ ਆਰੰਭ

**ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਗਿਆਨੀ ਰਾਜਦੀਪ ਸਿੰਘ ਤੇ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਸਮੇਤ ਪ੍ਰਮੁੱਖ ਸ਼ਖ਼ਸੀਅਤਾਂ ਰਹੀਆਂ ਮੌਜੂਦ**

ਜ਼ਿਕਰ ਪੰਜਾਬ

**ਅੰਮ੍ਰਿਤਸਰ/ਬਿਊਰੋ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਵਿਖੇ ਸਥਿਤ ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਜੀ ਤੀਕ ਆਉਂਦੇ ਰਸਤੇ ਦੇ ਸੁੰਦਰੀਕਰਨ ਅਤੇ ਨਵੀਨੀਕਰਨ ਦੀ ਸੇਵਾ ਅੱਜ ਅਰਦਾਸ ਉਪਰੰਤ ਸ਼?ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੇ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਵੱਲੋਂ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਵਿਚ ਆਰੰਭ ਕੀਤੀ ਗਈ। ਸ਼੍ਰੋਮਣੀ ਕਮੇਟੀ ਇਸ ਕਾਰਜ ਦੀ ਸੇਵਾ ਬਾਬਾ ਕਸ਼ਮੀਰ ਸਿੰਘ ਕਾਰਸੇਵਾ ਭੂਰੀਵਾਲਿਆਂ ਨੂੰ ਸੌਂਪੀ ਗਈ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੁੱਚੀ ਮਾਨਵਤਾ ਦੀ ਆਸਥਾ ਦਾ ਕੇਂਦਰ ਹੈ ਅਤੇ ਹਰ ਸਿੱਖ ਇਸ ਪਾਵਨ ਅਸਥਾਨ 'ਤੇ ਨਤਮਸਤਕ ਹੋਣ ਦੀ ਤਾਂਘ ਰੱਖਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸ੍ਰੀ ਦਰਬਾਰ ਸਾਹਿਬ ਵਿਖੇ ਦਰਸ਼ਨਾਂ ਲਈ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਨਿਰੰਤਰ ਯਤਨਸ਼ੀਲ ਹੈ। ਸੰਗਤਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਅੰਤ੍ਰਿੰਗ ਕਮੇਟੀ ਨੇ ਇਸ ਰਸਤੇ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਨੂੰ ਪ੍ਰਵਾਨਗੀ ਦਿੱਤੀ ਸੀ, ਜਿਸ ਦੀ ਅੱਜ ਰਸਮੀ ਤੌਰ 'ਤੇ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਰਸਤੇ ਨੂੰ ਖ਼ੂਬਸੂਰਤ ਤਰੀਕੇ ਨਾਲ ਤਿਆਰ ਕਰਨ ਲਈ ਮਾਸਟਰ ਪਲਾਨ ਤਿਆਰ ਕੀਤਾ ਗਿਆ ਹੈ। ਰਸਤੇ ਵਿਚ ਪੈਦਲ ਚੱਲਣ ਲਈ ਵਿਸ਼ੇਸ਼ ਜਗ੍ਹਾ ਤਿਆਰ ਕਰਨ ਦੇ ਨਾਲ-ਨਾਲ ਕੁਦਰਤੀ ਵਾਤਾਵਰਣ ਲਈ ਦਰੱਖ਼ਤ ਵੀ ਲਗਾਏ ਜਾਣਗੇ। ਉਨ੍ਹਾਂ ਸੰਗਤਾਂ ਦੀ ਵੱਡੀ ਆਮਦ ਦੇ ਮੱਦੇਨਜ਼ਰ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੂੰ ਇਹ ਕਾਰਜ ਜਲਦ ਤੋਂ ਜਲਦ ਮੁਕੰਮਲ ਕਰਨ ਲਈ ਅਪੀਲ ਕੀਤੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤਾਂ ਨੂੰ ਵੀ ਸੇਵਾ ਕਾਰਜਾਂ ਵਿਚ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਪ੍ਰੇਰਨਾ ਕੀਤੀ। ਇਸੇ ਦੌਰਾਨ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵੱਲੋਂ ਕੀਤੇ ਫੈਸਲੇ ਅਨੁਸਾਰ ਸੰਗਤਾਂ ਦੀ ਸਹੂਲਤ ਲਈ ਇਹ ਰਸਤਾ ਜਲਦ



ਤਿਆਰ ਕੀਤਾ ਜਾਵੇਗਾ। ਉਨ੍ਹਾਂ ਇਸ ਕਾਰਜ ਦੀ ਸੇਵਾ ਸੌਂਪਣ ਲਈ ਸ਼?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਪ੍ਰਬੰਧ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਵੱਲੋਂ ਬਾਬਾ ਕਸ਼ਮੀਰ ਸਿੰਘ ਭੂਰੀਵਾਲਿਆਂ ਅਤੇ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ। ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ, ਬਾਬਾ ਸੁਖਵਿੰਦਰ ਸਿੰਘ ਭੂਰੀਵਾਲੇ,

## ਸਕੂਲ ਸਿੱਖਿਆ ਵਿੱਚ ਪੰਜਾਬ ਨੇ ਕੇਰਲਾ ਨੂੰ ਪਛਾੜਿਆ : ਹਰਜੋਤ ਸਿੰਘ ਬੈਂਸ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਸਕੂਲੀ ਸਿੱਖਿਆ ਵਿੱਚ ਇਤਿਹਾਸਕ ਮੀਲ ਪੱਥਰ ਸਥਾਪਤ ਕਰਦਿਆਂ ਪੰਜਾਬ ਨੇ ਭਾਰਤ ਦੇ ਸਰਬੋਤਮ ਕਾਰਗੁਜ਼ਾਰੀ ਵਾਲੇ ਸੂਬੇ ਵਜੋਂ ਮਾਨਤਾ ਹਾਸਲ ਕੀਤੀ ਹੈ। ਨੀਤੀ ਆਯੋਗ ਸਿੱਖਿਆ ਗੁਣਵੱਤਾ ਰਿਪੋਰਟ 2026 ਵਿੱਚ ਪੰਜਾਬ ਨੇ ਸਕੂਲ ਸਿੱਖਿਆ ਦੇ ਅਹਿਮ ਬੁਨਿਆਦੀ ਸਿੱਖਿਆ ਮਾਪਦੰਡਾਂ ਵਿੱਚ ਭਾਰਤ ਦੀ ਲੰਬੇ ਸਮੇਂ ਤੋਂ ਅਗਵਾਈ ਕਰਨ ਵਾਲੇ ਕੇਰਲਾ ਨੂੰ ਪਛਾੜ ਦਿੱਤਾ ਹੈ। ਪ੍ਰਣਾਲੀਗਤ ਸੁਧਾਰਾਂ ਅਤੇ ਜ਼ਮੀਨੀ ਪੱਧਰ 'ਤੇ ਸਮਰਪਣ ਰਾਹੀਂ ਹਾਸਲ ਕੀਤੀ ਇਸ ਪ੍ਰਾਪਤੀ ਨੂੰ 'ਪੰਜਾਬ ਦੇ ਦੌਰ' ਦੀ ਸ਼ੁਰੂਆਤ ਦੱਸਦਿਆਂ ਪੰਜਾਬ ਦੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਕਿਹਾ, 'ਇਹ ਸਨਮਾਨ ਹਰ ਉਸ ਮਾਤਾ-ਪਿਤਾ, ਵਿਦਿਆਰਥੀ ਅਤੇ ਅਧਿਆਪਕ ਦਾ ਹੈ ਜਿਸ ਨੇ ਸਰਕਾਰੀ ਸਕੂਲਾਂ ਦਾ ਸਾਥ ਛੱਡਣ ਤੋਂ ਇਨਕਾਰ ਕਰ ਦਿੱਤਾ। ਇਹ ਇੱਕ ਦਿਨ ਵਿੱਚ ਹਾਸਲ ਕੀਤੀ ਉਪਲਬਧੀ ਨਹੀਂ ਹੈ ਬਲਕਿ ਇਹ ਬਿਹਤਰ ਨੀਤੀ, ਇਰਾਦੇ ਅਤੇ ਅਮਲ ਦਾ ਸੁਮੇਲ ਹੈ, ਜਿਸ ਨਾਲ ਬਿਹਤਰ ਨਤੀਜੇ ਸਾਹਮਣੇ ਆਏ ਹਨ। ਨੀਤੀ ਆਯੋਗ ਦੀ ਰਿਪੋਰਟ ਸਬੰਧੀ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ, "ਪੰਜਾਬ ਨੇ ਤੀਜੀ ਜਮਾਤ ਵਿੱਚ ਭਾਸ਼ਾ 'ਚ 82 ਫ਼ੀਸਦ ਅਤੇ ਗਣਿਤ ਵਿੱਚ 78 ਫ਼ੀਸਦ ਅੰਕ ਹਾਸਲ ਕੀਤੇ, ਜੋ ਕੇਰਲਾ ਦੇ ਕ੍ਰਮਵਾਰ 75 ਫ਼ੀਸਦ ਅਤੇ 70 ਫ਼ੀਸਦ ਤੋਂ ਵੱਧ ਹਨ। 9ਵੀਂ ਜਮਾਤ ਦੇ ਗਣਿਤ ਵਿੱਚ ਪੰਜਾਬ ਨੇ 52 ਫ਼ੀਸਦ ਮੁਹਾਰਤ ਦਰਜ ਕੀਤੀ ਜੋ ਕਿ ਕੇਰਲਾ ਦੇ 45 ਫ਼ੀਸਦ ਨਾਲੋਂ ਜ਼ਿਆਦਾ ਹੈ। ਪੰਜਾਬ ਸਰਕਾਰ ਵੱਲੋਂ ਕੀਤੇ ਸੁਧਾਰਾਂ ਦੇ ਸਾਰਥਕ ਪ੍ਰਭਾਵਾਂ ਨੂੰ ਉਜਾਗਰ ਕਰਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਮਿਸ਼ਨ ਸਮਰੱਥ ਅਤੇ ਸਕੂਲ ਆਫ਼ ਐਮੀਨੈਂਸ ਪ੍ਰੋਗਰਾਮ ਰਾਹੀਂ ਕੋਵਿਡ ਮਹਾਂਮਾਰੀ ਤੋਂ ਬਾਅਦ ਕੀਤੇ ਗਏ ਸੁਧਾਰਾਂ ਦੇ ਠੋਸ ਨਤੀਜੇ ਸਾਹਮਣੇ ਆਏ ਹਨ। ਨੀਤੀ ਆਯੋਗ ਦੀ ਰਿਪੋਰਟ ਦੇ ਨਤੀਜਿਆਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਅੱਗੇ ਕਿਹਾ, "ਸੂਬੇ ਦੇ 99.9 ਫ਼ੀਸਦ • ਬਾਕੀ ਸਫ਼ਾ 2 'ਤੇ



# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬੇਅਦਬੀ ਵਿਰੋਧੀ ਕਾਨੂੰਨ ਦੇ ਮਾਮਲੇ 'ਤੇ ਚੁੱਕੇ ਇਤਰਾਜ਼ ਦੂਰ ਕਰਨਾ ਸਰਕਾਰ ਦਾ ਫਰਜ਼ : ਸੁਖਬੀਰ ਸਿੰਘ ਬਾਦਲ

ਲੁਧਿਆਣਾ/ਬਿਊਰੋ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ-ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ਜੋ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਪਾਸ ਕੀਤਾ ਗਿਆ, ਬਾਰੇ ਚੁੱਕੇ ਗਏ ਇਤਰਾਜ਼ ਦੂਰ ਕਰਨਾ ਸਰਕਾਰ ਦਾ ਫਰਜ਼ ਹੈ। ਇਥੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ ਵਿਚ ਹੋਏ ਵਿਸ਼ਾਲ ਜਨਤਕ ਸਮਾਗਮ ਨੂੰ ਸੰਬੋਧਨ ਕਰਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਅਕਾਲੀ ਦਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨਾਲ ਸਹਿਮਤ ਹੈ ਜਿਹਨਾਂ ਨੇ ਆਪ ਸਰਕਾਰ ਨੂੰ ਆਖਿਆ ਹੈ ਕਿ ਉਹ ਬੇਅਦਬੀ ਵਿਰੋਧੀ ਕਾਨੂੰਨ ਦੀਆਂ ਇਤਰਾਜ਼ਯੋਗ ਮੱਦਾਂ ਵਿਚ ਸੋਧ ਕਰਨ ਕਿਉਂਕਿ ਇਹ ਮੱਦਾਂ ਖਾਲਸਾ ਪੰਥ ਤੇ ਸਿੱਖ ਕੌਮ ਦੀਆਂ ਭਾਵਨਾਵਾਂ ਦੇ ਖਿਲਾਫ ਹਨ। ਉਹਨਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਜੋ ਕਿ ਸਿੱਖ ਕੌਮ ਚੁਣੀ ਹੋਈ ਨੁਮਾਇੰਦਾ ਜਮਾਤ ਹੈ, ਨੇ ਵੀ ਆਪਣੇ ਵਿਚਾਰਾਂ ਤੋਂ ਆਪ ਸਰਕਾਰ ਨੂੰ ਜਾਣੂ ਕਰਵਾ ਦਿੱਤਾ ਹੈ ਤੇ ਉਹਨਾਂ ਦਾ




ਸਨਮਾਨ ਹੋਣਾ ਚਾਹੀਦਾ ਹੈ। ਪੰਜਾਬ ਵਿਚ ਆਪ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦੀ ਗੱਲ ਕਰਦਿਆਂ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬੇ ਵਿਚ ਆਪ ਦਾ ਰਾਜ ਅਸਲ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਰਾਜ ਵਰਗਾ ਹੈ ਜਿਸਨੇ ਪੰਜਾਬ ਨੂੰ ਲੁੱਟਿਆ ਤੇ ਫਿਰ ਉਸਦਾ ਵਾਹ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨਾਲ ਪਿਆ। ਉਹਨਾਂ ਕਿਹਾ ਕਿ ਜਿਸ ਤਰੀਕੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਗ੍ਰਿਫਤਾਰੀ ਨਾਲ ਇਹ ਬੇਨਕਾਬ ਹੋਇਆ ਕਿ ਉਹ ਕਿਵੇਂ ਪੰਜਾਬ ਦੇ ਸਰੋਤ ਲੁੱਟ ਰਹੇ ਸਨ ਤੇ ਹਰ ਮਹੀਨੇ 200 ਕਰੋੜ ਰੁਪਏ ਅਰਵਿੰਦ ਕੇਜਰੀਵਾਲ ਨੂੰ ਦੇ ਰਹੇ ਸਨ। ਸਰਦਾਰ ਬਾਦਲ ਨੇ ਇਹ ਵੀ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਮਾਨ, ਉਹਨਾਂ ਦੇ ਓ ਐਸ ਡੀ ਤੇ ਹੋਰ ਸਹਿਯੋਗੀਆਂ ਖਿਲਾਫ ਭ੍ਰਿਸ਼ਟਾਚਾਰ ਦੇ ਮਾਮਲੇ ਲਈ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਸਾਰੇ ਆਪ ਵਿਧਾਇਕ ਤੇ ਹਲਕਾ ਇੰਚਾਰਜਾਂ ਦੇ ਖਿਲਾਫ ਵੀ ਜਾਂਚ ਹੋਣੀ ਚਾਹੀਦੀ ਹੈ ਤਾਂ ਜੋ ਪੰਜਾਬ ਨੂੰ ਲੁੱਟਣ ਵਾਲਿਆਂ ਨੂੰ ਜੇਲ੍ਹ ਭੇਜਿਆ ਜਾ ਸਕੇ। ਇਸ ਤੋਂ ਪਹਿਲਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੂੰ ਉਹਨਾਂ ਦੇ 303ਵੇਂ ਜਨਮ ਦਿਹਾੜੇ 'ਤੇ ਸ਼ਰਧਾਂਜਲੀ ਭੇਂਟ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਨੂੰ ਮਜ਼ਬੂਤ ਕਰਨ ਕਿਉਂਕਿ ਇਹ ਸੂਬੇ ਦੀ ਇਕਲੌਤੀ ਪਾਰਟੀ ਹੈ ਜੋ ਹਮੇਸ਼ਾ ਪੰਜਾਬੀਆਂ ਦੀਆਂ ਆਸਾਂ 'ਤੇ ਖਰ੍ਹੀ ਉਤਰਦੀ ਹੈ। ਉਹਨਾਂ ਕਿਹਾ ਕਿ ਜਦੋਂ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਅਕਾਲੀ ਦਲ ਕਮਜ਼ੋਰ ਸੀ ਤਾਂ ਉਦੋਂ ਦਿੱਲੀ ਦੀਆਂ ਪਾਰਟੀਆਂ ਨੇ ਮੌਕੇ ਦਾ ਲਾਭ ਲੈ ਕੇ ਸ਼੍ਰੋਮਣੀ ਕਮੇਟੀ ਨੂੰ ਤੋੜਿਆ ਅਤੇ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਕਮੇਟੀ ਬਣਵਾ ਦਿੱਤੀ।

ਉਹਨਾਂ ਕਿਹਾ ਕਿ ਸ੍ਰੀ ਹਜ਼ੂਰ ਸਾਹਿਬ ਤੇ ਤਖ਼ਤ ਪਟਨਾ ਸਾਹਿਬ ਸਮੇਤ ਹੋਰ ਗੁਰਦੁਆਰਾ ਕਮੇਟੀਆਂ 'ਤੇ ਰਾਜ ਸਰਕਾਰਾਂ ਨੇ ਕਬਜ਼ਾ ਕਰ ਲਿਆ ਹੈ। ਉਹਨਾਂ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਉਹਨਾਂ ਗੱਦਾਰਾਂ ਦੀ ਪਛਾਣ ਕਰੇ ਜਿਹਨਾਂ ਨੇ ਸਿੱਖ ਧਰਮ ਦੀ ਆੜ ਵਿਚ ਚੋਲੇ ਪਾਏ ਹੋਏ ਹਨ ਤੇ ਹਮੇਸ਼ਾ ਅਕਾਲੀ ਦਲ ਤੇ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨ 'ਤੇ ਲੱਗੇ ਹਨ। ਸਰਦਾਰ ਬਾਦਲ ਨੇ ਇਹ ਵੀ ਗੱਲ ਕੀਤੀ ਕਿ ਕਿਵੇਂ ਅਕਾਲੀ ਦਲ ਨੇ ਹੀ ਪੰਜਾਬ ਨੂੰ ਬਿਜਲੀ ਸਰਪਲੱਸ ਬਣਾਉਣ ਸਮੇਤ ਸਾਰੇ ਵਿਕਾਸ ਕਾਰਜ ਕਰਵਾਏ। ਉਹਨਾਂ ਕਿਹਾ ਕਿ ਕਾਂਗਰਸ ਤੇ ਆਪ ਸਰਕਾਰ ਦੇ ਰਾਜ ਵਿਚ ਇਕ ਵੀ ਯੂਨਿਟ ਬਿਜਲੀ ਪੈਦਾ ਕਰਨ ਦੀ ਸਮਰਥਾ ਨਾ ਜੋੜਨ ਕਾਰਨ ਮੌਜੂਦਾ ਬਿਜਲੀ ਕੱਟ ਲੱਗ ਰਹੇ ਹਨ ਤੇ ਵਾਰ-ਵਾਰ ਬਿਜਲੀ ਜਾ ਰਹੀ ਹੈ। ਇਸ ਮੌਕੇ ਸੀਨੀਅਰ ਆਗੂ ਸਰਦਾਰ ਹੀਰਾ ਸਿੰਘ ਗਾਬੜੀਆ ਨੇ ਕਿਹਾ ਕਿ ਬੀ ਸੀ ਵਰਗ ਨੂੰ ਪੰਜਾਬ ਵਿਚ ਬਣਦਾ ਰਾਖਵਾਂਕਰਨ ਮਿਲਣਾ ਚਾਹੀਦਾ ਹੈ ਤੇ ਇਹ ਉਹਨਾਂ ਦਾ ਹੱਕ ਹੈ। ਉਹਨਾਂ ਕਿਹਾ ਕਿ ਪੰਚਾਇਤੀ ਰਾਜ ਸੰਸਥਾਵਾਂ ਵਿਚ ਬੀ ਸੀ ਉਮੀਦਵਾਰਾਂ ਨੂੰ 20 ਫੀਸਦੀ ਰਾਖਵਾਂਕਰਨ ਮਿਲਣਾ ਚਾਹੀਦਾ ਹੈ। ਇਸ ਮੌਕੇ ਡਾ. ਦਲਜੀਤ ਸਿੰਘ ਚੀਮਾ ਨੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਤੇ ਯੋਗਦਾਨ ਬਾਰੇ ਚਰਚਾ ਕੀਤੀ। ਇਸ ਮੌਕੇ ਮਹੇਸ਼ਇੰਦਰ ਸਿੰਘ ਗਰੇਵਾਲ, ਪਰਉਪਕਾਰ ਸਿੰਘ ਘੁੰਮਣ, ਲਖਵਿੰਦਰ ਸਿੰਘ ਗਾਬੜੀਆ, ਨਰੇਸ਼ ਧੀਗਾਣ, ਜਸਦੀਪ ਸਿੰਘ ਕਾਉਂਕੇ ਨੇ ਵੀ ਸੰਬੋਧਨ ਕੀਤਾ। ਬਾਅਦ ਵਿਚ ਅਕਾਲੀ ਦਲ ਦੇ ਪ੍ਰਧਾਨ ਨੇ ਗਿੱਲ ਹਲਕੇ ਦੇ ਇੰਚਾਰਜ ਹਰਪ੍ਰੀਤ ਸਿੰਘ ਸਿਮਕ ਦੇ ਦਫਤਰ ਦਾ ਉਦਘਾਟਨ ਕੀਤਾ। ਇਸ ਮੌਕੇ ਉਹਨਾਂ ਨੇ ਪਾਰਟੀ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ 2027 ਦੀਆਂ ਚੋਣਾਂ ਵਿਚ ਇਕਜੁੱਟ ਹੋ ਕੇ ਮਿਹਨਤ ਕਰ ਕੇ ਸਿਮਕ ਦੀ ਜਿੱਤ ਯਕੀਨੀ ਬਣਾਉਣ।




# ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਵੱਲੋਂ ਰਾਮਾ ਮੰਡੀ ਦੇ ਵਪਾਰੀਆਂ ਨਾਲ ਵਿਸ਼ੇਸ਼ ਮੀਟਿੰਗ

ਜਲੰਧਰ/ਬਲਵਿੰਦਰ ਕੁਮਾਰ

ਵਪਾਰੀ ਵਰਗ ਅਤੇ ਪ੍ਰਸ਼ਾਸਨ ਵਿਚਾਲੇ ਤਾਲਮੇਲ ਵਧਾਉਣ ਦੇ ਉਦੇਸ਼ ਨਾਲ, ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ (ਪੰਜਾਬ ਰਾਜ ਵਪਾਰੀ ਕਮਿਸ਼ਨ) ਵੱਲੋਂ ਰਾਮਾ ਮੰਡੀ ਮਾਰਕੀਟ ਦੇ ਵਪਾਰੀਆਂ ਅਤੇ ਐਸੋਸੀਏਸ਼ਨ ਦੇ ਨੁਮਾਇੰਦਿਆਂ ਨਾਲ ਇੱਕ ਉੱਚ ਪੱਧਰੀ ਵਿਚਾਰ-ਵਟਾਂਦਰਾ ਮੀਟਿੰਗ ਕੀਤੀ ਗਈ। ਇਸ ਸੈਸ਼ਨ ਦਾ ਮੁੱਖ ਉਦੇਸ਼ ਜ਼ਮੀਨੀ ਪੱਧਰ ਦੀਆਂ ਮੁਸ਼ਕਲਾਂ ਦੀ ਪਛਾਣ ਕਰਨਾ ਅਤੇ ਸਥਾਨਕ ਕਾਰੋਬਾਰਾਂ ਲਈ ਹੱਲ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣਾ ਸੀ। ਮੀਟਿੰਗ ਦੌਰਾਨ ਵਪਾਰੀਆਂ ਨੇ ਮਾਰਕੀਟ ਦੇ ਸੁਚਾਰੂ ਕੰਮਕਾਜ ਲਈ ਵਧਦੀ ਭੀੜ ਦੇ ਮੱਦੇਨਜ਼ਰ ਬਿਹਤਰ ਟ੍ਰੈਫਿਕ ਪ੍ਰਬੰਧਨ, ਪ੍ਰਾਪਰਟੀ ਟੈਕਸ, ਸਫ਼ਾਈ ਅਤੇ ਮਾਰਕੀਟ ਦੇ ਅੰਦਰ ਜਨਤਕ ਪਖਾਨਿਆਂ ਦੀ ਸਥਾਪਨਾ ਸਬੰਧੀ ਮੁੱਦੇ ਸਾਂਝੇ ਕੀਤੇ। ਡਿਪਟੀ ਮੇਅਰ ਬਲਬੀਰ ਸਿੰਘ ਢਿੱਲੋਂ (ਬਿੱਟੂ) ਨੇ ਇਕੱਠ ਨੂੰ ਸੰਬੋਧਨ ਕਰਦਿਆਂ ਰਾਮਾ ਮੰਡੀ ਖੇਤਰ ਵਿੱਚ ਪਹਿਲਾਂ ਤੋਂ ਮੁਕੰਮਲ ਹੋ ਚੁੱਕੇ ਵਿਕਾਸ ਪ੍ਰਾਜੈਕਟਾਂ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਸਥਾਨਕ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਨਗਰ ਨਿਗਮ ਦੀ ਵਚਨਬੱਧਤਾ ਵੀ ਦੁਹਰਾਈ।

ਮੈਂਬਰ ਪੰਜਾਬ ਸਟੇਟ ਟ੍ਰੇਡਰਜ਼ ਕਮਿਸ਼ਨ ਹਰਿੰਦਰਪਾਲ ਸਿੰਘ ਮਨੋਚਾ ਨੇ ਵਪਾਰੀਆਂ ਨੂੰ ਨਿੱਜੀ ਤੌਰ 'ਤੇ ਭਰੋਸਾ ਦਿੱਤਾ ਕਿ ਸੈਸ਼ਨ ਦੌਰਾਨ ਦਰਜ ਕੀਤੀ ਗਈ ਹਰ ਸ਼ਿਕਾਇਤ ਦੀ ਨਿਗਰਾਨੀ ਕੀਤੀ ਜਾਵੇਗੀ ਅਤੇ ਉਸ ਦਾ ਸਮੇਂ ਸਿਰ ਹੱਲ ਯਕੀਨੀ ਬਣਾਇਆ ਜਾਵੇਗਾ। ਚੇਅਰਮੈਨ ਜ਼ਿਲ੍ਹਾ ਵਪਾਰੀ ਕਮਿਸ਼ਨ ਇੰਦਰਵੰਸ਼ ਸਿੰਘ ਚੱਢਾ ਨੇ ਕਮਿਸ਼ਨ ਦੀ ਕਾਰਜ ਪ੍ਰਣਾਲੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਕਿਵੇਂ ਇਹ ਵਪਾਰੀਆਂ ਲਈ ਨਿਆਂ ਅਤੇ ਪ੍ਰਸ਼ਾਸਨਿਕ ਸਹਾਇਤਾ ਲੈਣ ਲਈ ਇੱਕ ਸਮਰਪਿਤ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਕੌਂਸਲਰ ਵਿੱਕੀ ਤੁਲਸੀ ਨੇ ਵੱਖ-ਵੱਖ ਮਾਰਕੀਟ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਅਤੇ ਵਪਾਰੀਆਂ ਦੀ ਅਧਿਕਾਰੀਆਂ ਨਾਲ ਜਾਣ-ਪਛਾਣ ਕਰਵਾਈ ਅਤੇ ਸਿੱਧੀ ਗੱਲਬਾਤ ਦਾ ਰਸਤਾ ਸਾਫ਼ ਕੀਤਾ। ਮੀਟਿੰਗ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ ਵਿਧਾਨ ਸਭਾ ਕਮਿਸ਼ਨ ਦੇ ਮੈਂਬਰ ਸੌਰਭ ਸ਼ਰਮਾ, ਸਾਹਿਬਜੀਤ ਸਿੰਘ ਅਤੇ ਰੋਹਿਤ ਗਿੱਲ ਹਾਜ਼ਰ ਸਨ, ਜਿਨ੍ਹਾਂ ਨੇ ਵਿਭਾਗੀ ਮੁੱਦਿਆਂ ਨੂੰ ਮੌਕੇ 'ਤੇ ਹੀ ਨੋਟ ਕੀਤਾ।

# ਕਿਸੇ ਵੀ ਇਨਸਾਨ ਦੇ ਕਿਰਦਾਰ ਦਾ ਪਤਾ ਮੁਸੀਬਤ ਦੇ ਸਮੇਂ ਲੱਗਦਾ ਹੈ, ਸੰਜੀਵ ਅਰੋੜਾ ਦੀ ਹਿੰਮਤ ਨੂੰ ਸਲਾਮ : ਕੇਜਰੀਵਾਲ

ਨਵੀਂ ਦਿੱਲੀ/ਬਿਊਰੋ

ਆਮ ਆਦਮੀ ਪਾਰਟੀ ਨੇ ਪੰਜਾਬ ਸਰਕਾਰ ਵਿੱਚ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਇੱਕ ਫਰਜ਼ੀ ਕੇਸ ਵਿੱਚ ਗ੍ਰਿਫ਼ਤਾਰ ਕਰਨ ਨੂੰ ਪੰਜਾਬ ਦੇ ਲੋਕਾਂ ਦੇ ਭਰੋਸੇ, ਵਿਕਾਸ ਅਤੇ ਭਵਿੱਖ ਨਾਲ ਧੋਖਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਸਮੇਤ ਹੋਰਨਾਂ ਆਗੂਆਂ ਨੇ ਸੰਕਟ ਦੀ ਇਸ ਘੜੀ ਵਿੱਚ ਵੀ ਸੰਜੀਵ ਅਰੋੜਾ ਦੇ ਅਡੋਲ ਰਹਿਣ ਅਤੇ ਭਾਜਪਾ ਵਿੱਚ ਸ਼ਾਮਲ ਨਾ ਹੋਣ ਦੇ ਫੈਸਲੇ ਦੀ ਜ਼ੋਰਦਾਰ ਸ਼ਲਾਘਾ ਕੀਤੀ ਹੈ। ਅਰਵਿੰਦ ਕੇਜਰੀਵਾਲ ਨੇ 'ਐਕਸ' 'ਤੇ ਕਿਹਾ ਕਿ ਕਿਸੇ ਵੀ ਇਨਸਾਨ ਦੇ ਕਿਰਦਾਰ ਦਾ ਪਤਾ ਮੁਸੀਬਤ ਦੇ ਸਮੇਂ ਲੱਗਦਾ ਹੈ। ਸੰਜੀਵ ਅਰੋੜਾ ਨੇ ਭਾਜਪਾ ਵਿੱਚ ਜਾਣ ਦੀ ਬਜਾਏ ਜੇਲ੍ਹ ਜਾਣਾ ਪਸੰਦ ਕੀਤਾ। ਸੰਜੀਵ ਅਰੋੜਾ ਦੀ ਹਿੰਮਤ ਨੂੰ ਸਲਾਮ ਹੈ। 'ਆਪ' ਦੇ ਸੀਨੀਅਰ ਆਗੂ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਕਿਹਾ ਕਿ ਸੰਜੀਵ ਅਰੋੜਾ ਇੱਕ ਅਜਿਹੇ ਆਗੂ ਹਨ ਜੋ ਨਾ ਸਿਰਫ਼ ਇਮਾਨਦਾਰ ਅਤੇ ਮਿਹਨਤੀ ਹਨ, ਸਗੋਂ ਪੰਜਾਬ ਲਈ ਉਨ੍ਹਾਂ ਕੋਲ ਇੱਕ ਸਪਸ਼ਟ ਵਿਜ਼ਨ, ਡੂੰਘੀ ਸਮਝ ਅਤੇ ਬਦਲਾਅ ਦਾ ਜਨੂੰਨ ਵੀ ਹੈ। ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਪੰਜਾਬ ਵਿੱਚ ਉਦਯੋਗਿਕ ਨਿਵੇਸ਼ ਲਿਆਉਣ ਲਈ ਜਿਸ ਗੰਭੀਰਤਾ ਅਤੇ ਰਫ਼ਤਾਰ ਨਾਲ ਕੰਮ ਕੀਤਾ, ਉਸ ਦੀ ਅੱਜ ਹਰ ਪਾਸੇ ਚਰਚਾ ਹੈ। ਪੰਜਾਬ ਦੇ ਕਿਸੇ ਵੀ ਉਦਯੋਗਪਤੀ ਤੋਂ ਪੁੱਛ ਲਓ- ਸ਼ਾਇਦ ਹੀ ਕੋਈ ਅਜਿਹਾ ਮਿਲੇ ਜੋ ਸੰਜੀਵ ਅਰੋੜਾ ਦੀ ਉਦਯੋਗਿਕ ਨੀਤੀ ਅਤੇ ਉਨ੍ਹਾਂ ਦੇ ਕੰਮ ਕਰਨ ਦੇ ਤਰੀਕੇ ਦੀ ਤਾਰੀਫ਼ ਨਾ ਕਰਦਾ ਹੋਵੇ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਉਨ੍ਹਾਂ ਨੇ ਸ਼ਹਿਰਾਂ ਨੂੰ ਸਾਫ਼-ਸੁਥਰਾ ਅਤੇ ਵਿਵਸਥਿਤ ਬਣਾਉਣ ਲਈ ਵੱਡੇ ਪੱਧਰ 'ਤੇ ਕੰਮ ਸ਼ੁਰੂ ਕੀਤਾ।



ਸਟਰੀਟ ਲਾਈਟਾਂ ਨਾਲ ਸ਼ਹਿਰਾਂ ਨੂੰ ਰੁਸ਼ਨਾਉਣ, ਸੜਕਾਂ ਅਤੇ ਗਲੀਆਂ ਵਿੱਚ ਫੈਲੇ ਬਿਜਲੀ ਦੀਆਂ ਤਾਰਾਂ ਦੇ ਜਾਲ ਨੂੰ ਵਿਵਸਥਿਤ ਕਰਨ ਅਤੇ ਆਧੁਨਿਕ ਅਰਬਨ ਇੰਫਰਾਸਟਰਕਚਰ ਖੜ੍ਹਾ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕੀਤਾ। ਹਾਲ ਹੀ ਵਿੱਚ ਪਿੰਡਾਂ ਅਤੇ ਖੇਤਾਂ ਵਿੱਚ ਫੈਲੀਆਂ ਨੰਗੀਆਂ ਬਿਜਲੀ ਦੀਆਂ ਤਾਰਾਂ ਨੂੰ ਅੰਡਰ-ਗਰਾਊਂਡ ਕਰਨ ਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਹਿਮ ਯੋਜਨਾ ਨੂੰ ਜ਼ਮੀਨ 'ਤੇ ਉਤਾਰਨ ਦੀ ਜ਼ਿੰਮੇਵਾਰੀ ਵੀ ਸੰਜੀਵ ਅਰੋੜਾ ਹੀ ਪੂਰੀ ਮਿਹਨਤ ਅਤੇ ਵਚਨਬੱਧਤਾ ਨਾਲ ਨਿਭਾ ਰਹੇ ਸਨ। ਮਨੀਸ਼ ਸਿਸੋਦੀਆ ਨੇ ਕਿਹਾ ਕਿ ਜਦੋਂ ਭਾਜਪਾ ਅਜਿਹੇ ਮਿਹਨਤੀ, ਨਤੀਜੇ ਦੇਣ ਵਾਲੇ ਅਤੇ ਵਿਜ਼ਨਰੀ ਆਗੂ ਨੂੰ ਝੂਠੇ ਕੇਸਾਂ ਵਿੱਚ ਗ੍ਰਿਫ਼ਤਾਰ ਕਰਦੀ ਹੈ, ਤਾਂ ਇਹ ਮਾਮਲਾ ਸਿਰਫ਼ ਇੱਕ ਆਗੂ ਨੂੰ ਪਰੇਸ਼ਾਨ ਕਰਨ ਦਾ ਨਹੀਂ ਰਹਿ ਜਾਂਦਾ, ਸਗੋਂ ਇਹ ਪੰਜਾਬ ਦੀ ਜਨਤਾ ਦੇ ਭਰੋਸੇ, ਪੰਜਾਬ ਦੇ ਵਿਕਾਸ ਅਤੇ ਪੰਜਾਬ ਦੇ ਭਵਿੱਖ ਨਾਲ ਧੋਖਾ ਬਣ ਜਾਂਦਾ ਹੈ।

# ਸਿੱਖ ਲੜਕੇ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਿਆ

ਵਿਨੀਪੈਗ/ਬਿਊਰੋ

ਵਿਨੀਪੈਗ ਦੇ ਸਿੱਖ ਵਿਅਕਤੀ ਨੂੰ ਕਕਾਰਾਂ ਕਾਰਨ ਪੇਪਰ ਦੇਣ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਸਿੱਖ ਵਿਅਕਤੀ ਦਾ ਕਹਿਣਾ ਹੈ ਕਿ ਉਸ ਨੂੰ ਸ੍ਰੀ ਸਾਹਿਬ ਉਤਾਰਨ ਤੋਂ ਇਨਕਾਰ ਕਰਨ ਤੋਂ ਬਾਅਦ ਪੁਲੀਸ ਭਰਤੀ ਪ੍ਰੀਖਿਆ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਜਸਪਾਲ ਸਿੰਘ ਗਿੱਲ ਦਾ ਕਹਿਣਾ ਹੈ ਕਿ ਇਸ ਘਟਨਾ ਨੇ ਉਸ ਦਾ ਪੁਲੀਸ ਅਧਿਕਾਰੀ ਬਣਨ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ, ਮੇਰੇ ਨਾਲ ਵਿਤਕਰਾ ਹੋਇਆ ਹੈ ਅਤੇ ਕੈਨੇਡਾ ਵਿੱਚ ਧਾਰਮਿਕ ਅਤੇ ਚਾਰਟਰ ਅਧਿਕਾਰਾਂ ਬਾਰੇ ਸਵਾਲ ਖੜ੍ਹੇ ਕਰ ਰਿਹਾ ਹੈ। ਜਸਪਾਲ ਸਿੰਘ ਗਿੱਲ ਆਪਣੇ ਭਾਈਚਾਰੇ ਦੀ ਸੇਵਾ ਕਰਨ ਲਈ ਪੁਲੀਸ ਅਧਿਕਾਰੀ ਬਣਨਾ ਚਾਹੁੰਦਾ ਸੀ ਅਤੇ ਉਹ ਲੰਬੇ ਸਮੇਂ ਤੋਂ ਇਸ ਦੀ ਤਿਆਰੀ ਕਰ ਰਿਹਾ ਸੀ ਅਤੇ ਉਸ ਦਾ ਪੁਲੀਸ ਸੇਵਾ ਵਿੱਚ ਸ਼ਾਮਲ ਹੋਣਾ ਇਕ ਨਿੱਜੀ ਟੀਚਾ ਵੀ ਸੀ ਕਿਉਂਕਿ ਉਸ ਦੇ ਦਾਦਾ ਅਤੇ ਪਿਤਾ ਭਾਰਤ ਵਿੱਚ ਪੁਲਿਸ ਅਧਿਕਾਰੀ ਸਨ। ਗਿੱਲ ਜੋ ਕੇ 2021 ਵਿੱਚ ਭਾਰਤ ਤੋਂ ਨਿਊ ਬਰੰਜ਼ਵਿਕ ਵਿਚ ਆਇਆ ਸੀ ਅਤੇ 2024 ਵਿੱਚ ਉਹ ਕੈਨੇਡਾ ਦਾ ਸਥਾਈ ਨਿਵਾਸੀ ਬਣ ਗਿਆ ਅਤੇ ਪਿਛਲੀਆਂ ਗਰਮੀਆਂ ਵਿੱਚ ਹੀ ਉਹ ਵਿਨੀਪੈਗ ਆਇਆ ਸੀ। ਉਸ ਨੇ ਕਿਹਾ ਕਿ ਉਹ ਕੈਨੇਡਾ ਪਹੁੰਚਣ ਤੋਂ ਬਾਅਦ ਪੁਲਿਸ ਭਰਤੀ ਪ੍ਰੀਖਿਆਵਾਂ ਲਈ ਪੜ੍ਹ ਰਿਹਾ ਹੈ ਅਤੇ ਉਸ ਨੇ ਅਪ੍ਰੈਲ ਦੇ ਅਖੀਰ ਵਿੱਚ ਪੁਲੀਸ ਦੇ ਡਾਊਨ ਟਾਊਨ ਹੈੱਡਕੁਆਰਟਰ ਵਿੱਚ ਵਿਨੀਪੈਗ ਪੁਲੀਸ ਸਰਵਿਸ ਵਾਸਤੇ ਅਪਲਾਈ ਕੀਤਾ ਸੀ।

ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਅਧਿਕਾਰੀਆਂ ਨੂੰ ਆਪਣੀ ਨੀਤੀ 'ਤੇ ਗ਼ੌਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਇਸ ਨੂੰ ਬਦਲਣਾ ਚਾਹੀਦਾ ਹੈ। ਮੇਰਾ ਮੰਨਣਾ ਹੈ ਕਿ ਹੋਰ ਬਹੁਤ ਸਾਰੇ ਸਿੱਖ ਬਿਨੈਕਾਰਾਂ ਨੂੰ ਪੁਲੀਸ ਸੇਵਾਵਾਂ ਲਈ ਅਰਜ਼ੀ ਦੇਣ ਤੋਂ ਨਿਰਾਸ਼ ਹੋਣਾ ਪਵੇਗਾ। ਉਹ ਮੈਨੀਟੋਬਾ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨ ਬਾਰੇ ਵਿਚਾਰ ਕਰ ਰਿਹਾ ਹੈ।

# ਦੁਨੀਆ ਦੇ ਮੋਹਰੀ 11 ਵਿਗਿਆਨੀਆਂ 'ਚ ਡਾ. ਕੇਵਲ ਕ੍ਰਿਸ਼ਨਨ ਨੇ ਬਣਾਇਆ ਸਥਾਨ

ਚੰਡੀਗੜ੍ਹ/ਬਿਊਰੋ

ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਐਂਥਰੋਪੋਲੋਜੀ ਵਿਭਾਗ ਦੇ ਸਾਬਕਾ ਚੇਅਰਪਰਸਨ ਡਾ. ਕੇਵਲ ਕ੍ਰਿਸ਼ਨਨ ਨੇ ਯੂਨੀਵਰਸਿਟੀ ਅਤੇ ਦੇਸ਼ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਨੂੰ ਫੋਰੈਂਸਿਕ ਸਾਇੰਸ ਰਿਸਰਚ ਵਿੱਚ ਦੁਨੀਆ ਦੇ ਮੋਹਰੀ 11 ਵਿਗਿਆਨੀਆਂ ਵਿੱਚ ਥਾਂ ਮਿਲੀ ਹੈ। ਖਾਸ ਗੱਲ ਇਹ ਹੈ ਕਿ ਉਹ ਭਾਰਤ ਦੇ ਸਭ ਤੋਂ ਉੱਚੀ ਰੈਂਕ ਵਾਲੇ ਫੋਰੈਂਸਿਕ ਵਿਗਿਆਨੀ ਬਣੇ ਹਨ। ਇਹ ਰੈਂਕਿੰਗ ਸਟੈਨਫੋਰਡ ਯੂਨੀਵਰਸਿਟੀ ਅਤੇ ਐਲਸੇਵੀਅਰ ਦੀ 2025 ਦੀ ਰਿਪੋਰਟ ਦੇ ਆਧਾਰ 'ਤੇ ਜਾਰੀ ਕੀਤੀ ਗਈ ਹੈ। ਦੁਨੀਆ ਭਰ ਦੇ 15,009 ਫੋਰੈਂਸਿਕ ਵਿਗਿਆਨੀਆਂ ਵਿੱਚੋਂ ਡਾ. ਕ੍ਰਿਸ਼ਨਨ ਨੂੰ ਲੀਗਲ ਐਂਡ ਫੋਰੈਂਸਿਕ ਮੈਡੀਸਨ ਕੈਟੇਗਰੀ ਵਿੱਚ 11ਵਾਂ ਸਥਾਨ ਮਿਲਿਆ। ਰੈਂਕਿੰਗ ਤੈਅ ਕਰਨ ਵਿੱਚ ਰਿਸਰਚ ਪੇਪਰਾਂ, ਰਿਸਰਚ ਦੇ ਹਵਾਲੇ (ਸਾਈਟੇਸ਼ਨਜ਼) ਅਤੇ ਸਕੋਪਸ ਐਚ-ਇੰਡੈਕਸ ਵਰਗੇ ਮਾਪਦੰਡਾਂ ਨੂੰ ਦੇਖਿਆ ਗਿਆ। ਡਾ. ਕੇਵਲ ਕ੍ਰਿਸ਼ਨਨ ਨੇ ਫਿੰਗਰਪ੍ਰਿੰਟ, ਫੇਸ ਰੀਕੰਸਟ੍ਰਕਸ਼ਨ (ਚਿਹਰੇ ਦੀ ਬਣਾਵਟ), ਫੁੱਟਪ੍ਰਿੰਟ (ਪੈਰਾਂ ਦੇ ਨਿਸ਼ਾਨ), ਈਅਰਪ੍ਰਿੰਟ (ਕੰਨਾਂ ਦੇ ਨਿਸ਼ਾਨ), ਹਸਤਾਖਰ ਜਾਂਚ ਅਤੇ ਫੋਰੈਂਸਿਕ ਸਾਇੰਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ 'ਤੇ ਅਹਿਮ ਰਿਸਰਚ ਕੀਤੀ ਹੈ ਉਨ੍ਹਾਂ ਨੇ ਹੁਣ ਤੱਕ 422 ਰਿਸਰਚ ਪੇਪਰ ਪ੍ਰਕਾਸ਼ਿਤ ਕੀਤੇ ਹਨ ਅਤੇ ਉਨ੍ਹਾਂ ਦੇ ਕੰਮ ਨੂੰ 1.5 ਲੱਖ ਤੋਂ ਵੱਧ ਵਾਰ ਉਧਰਿਤ (ਕੋਟ) ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੀ ਰਿਸਰਚ ਦੁਨੀਆ ਦੇ ਪ੍ਰਤਿਸ਼ਠਿਤ ਜਰਨਲ 'ਨੇਚਰ' ਅਤੇ 'ਦਿ ਲੈਂਸੇਟ' ਵਿੱਚ ਵੀ ਪ੍ਰਕਾਸ਼ਿਤ ਹੋ ਚੁੱਕੀ ਹੈ।

ਡਾ. ਕ੍ਰਿਸ਼ਨਨ ਨੇ ਇਸ ਪ੍ਰਾਪਤੀ ਦਾ ਸਿਹਰਾ ਪੀ.ਯੂ ਦੀ ਵਾਈਸ ਚਾਂਸਲਰ ਪ੍ਰੋ. ਰੇਨੂ ਵਿਗ ਨੂੰ ਦਿੱਤਾ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿੱਚ ਰਿਸਰਚ ਅਤੇ ਅੰਤਰਰਾਸ਼ਟਰੀ ਸਹਿਯੋਗ ਲਈ ਬਿਹਤਰੀਨ ਮਾਹੌਲ ਅਤੇ ਸਹੂਲਤਾਂ ਉਪਲਬਧ ਹਨ, ਜਿਨ੍ਹਾਂ ਦਾ ਲਾਭ ਨੌਜਵਾਨ ਵਿਗਿਆਨੀਆਂ ਨੂੰ ਉਠਾਉਣਾ ਚਾਹੀਦਾ ਹੈ।

●----- ਸਫ਼ਾ 1 ਦਾ ਬਾਕੀ -----●

## ਪੈਟਰੋਲ, ਡੀਜ਼ਲ ਅਤੇ ਗੈਸ ਦੀ ਸੰਜਮ ਨਾਲ...

ਡੀਜ਼ਲ ਅਤੇ ਅਜਿਹੀਆਂ ਚੀਜ਼ਾਂ ਦੀ ਬਹੁਤ ਸੰਜਮ ਨਾਲ ਵਰਤੋਂ ਕਰਨਾ ਵੀ ਸਮੇਂ ਦੀ ਲੋੜ ਹੈ। ਸਾਨੂੰ ਦਰਾਮਦ ਕੀਤੇ ਪੈਟਰੋ ਉਤਪਾਦਾਂ ਦੀ ਵਰਤੋਂ ਸਿਰਫ ਲੋੜ ਅਨੁਸਾਰ ਹੀ ਕਰਨੀ ਪਵੇਗੀ। ਇਸ ਨਾਲ ਨਾ ਸਿਰਫ ਵਿਦੇਸ਼ੀ ਮੁਦਰਾ ਬਚੇਗੀ ਸਗੋਂ ਜੰਗ ਦੇ ਮਾੜੇ ਪ੍ਰਭਾਵ ਵੀ ਘੱਟ ਹੋਣਗੇ।÷ ਮੁੱਖ ਮੰਤਰੀ ਰੇਵੰਤ ਰੈੱਡੀ ਦੀਆਂ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ ਕਿ ਵਿਕਾਸ ਦੇ ਕੰਮਾਂ ਵਿੱਚ ਰਾਜਨੀਤੀ ਨਹੀਂ ਹੋਣੀ ਚਾਹੀਦੀ, ਮੋਦੀ ਨੇ ਕਿਹਾ ਕਿ ਉਹ ਵੀ ਇਸ ਮੌਕੇ ਉੱਤੇ ਰਾਜਨੀਤੀ ਦੀ ਗੱਲ ਨਹੀਂ ਕਰਨਗੇ। ਤੇਲੰਗਾਨਾ ਨੂੰ ਕੇਂਦਰ ਦੇ ਸਹਿਯੋਗ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਨੇ ਰੈੱਡੀ ਨੂੰ ਵਿਕਾਸ ਦੀ ਯਾਤਰਾ ਵਿੱਚ ਸ਼ਾਮਲ ਹੋਣ ਲਈ ਕਿਹਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੋਕਤੰਤਰ ਵਿੱਚ ਕੇਂਦਰ ਅਤੇ ਸੂਬਿਆਂ 'ਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਹੋਣਾ ਕੋਈ ਗਲਤ ਗੱਲ ਨਹੀਂ ਹੈ।

## ਤਾਮਿਲਨਾਡੂ 'ਚ ਨਵਾਂ ਇਤਿਹਾਸ : ਸੁਪਰਸਟਾਰ...

ਆਗੂ ਸਹੁੰ ਚੁੱਕਣਗੇ। ਮੁੱਖ ਮੰਤਰੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ, ਵਿਜੇ ਨੂੰ 13 ਮਈ ਤੱਕ ਵਿਧਾਨ ਸਭਾ ਵਿੱਚ ਆਪਣਾ ਬਹੁਮਤ ਸਾਬਤ ਕਰਨਾ ਹੋਵੇਗਾ। ਸਟੇਡੀਅਮ ਦੇ ਬਾਹਰ ਅਤੇ ਪੂਰੇ ਚੇਨਈ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ ਅਤੇ ਪ੍ਰਸ਼ੰਸਕਾਂ ਵਿੱਚ ਭਾਰੀ ਉਤਸ਼ਾਹ ਦੇਖਿਆ ਜਾ ਰਿਹਾ ਹੈ।

## 200 ਯੂਨਿਟ ਤੱਕ ਘਰੇਲੂ ਬਿਜਲੀ ਮਿਲੇਗੀ ਮੁਫ਼ਤ...

ਸਟੇਡੀਅਮ ਵਿੱਚ ਆਪਣੇ ਪਹਿਲੇ ਭਾਸ਼ਣ ਵਿੱਚ, ਵਿਜੇ ਨੇ ਕਿਹਾ ਕਿ ਸੱਚੀ ਧਰਮ ਨਿਰਪੱਖਤਾ ਅਤੇ ਸਮਾਜਿਕ ਨਿਆਂ ਪ੍ਰਤੀ ਵਚਨਬੱਧ ਸਰਕਾਰ ਦਾ ਇੱਕ ਨਵਾਂ ਯੁੱਗ ਹੁਣ ਸ਼ੁਰੂ ਹੋ ਗਿਆ ਹੈ।÷ ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਆਪਣੇ ਤੋਂ ਇਲਾਵਾ ਕੋਈ ਹੋਰ ਸ਼ਕਤੀ ਕੇਂਦਰ ਨਹੀਂ ਹੋਵੇਗਾ ਅਤੇ ਜ਼ੋਰ ਦੇ ਕੇ ਕਿਹਾ ਕਿ ਉਹ ਸ਼ਕਤੀ ਦਾ ਇਕਲੌਤਾ ਕੇਂਦਰ ਹੋਣਗੇ। ਉਨ੍ਹਾਂ ਨੇ ਕਾਂਗਰਸ, ਵੀਸੀਕੇ, ਆਈਯੂਐਮਐਲ ਅਤੇ ਖੱਬੇ ਪੱਖੀ ਪਾਰਟੀਆਂ ਦਾ ਸਰਕਾਰ ਬਣਾਉਣ ਵਿੱਚ ਸਮਰਥਨ ਲਈ ਸਭ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਬੱਚਿਆਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਟੀਵੀਕੇ ਜਿੱਤਿਆ ਕਿਉਂਕਿ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਉਨ੍ਹਾਂ ਦੀ ਪਾਰਟੀ ਨੂੰ ਵੋਟ ਪਾਉਣ ਲਈ ਮਨਾ ਲਿਆ। ਸੀ. ਜੋਸਫ਼ ਵਿਜੇ ਦੀ ਅਗਵਾਈ ਹੇਠ ਮੰਤਰੀ ਮੰਡਲ ਦਾ ਸਹੁੰ ਚੁੱਕ ਸਮਾਗਮ ਅੱਜ (10 ਮਈ) ਚੇਨਈ ਦੇ ਜਵਾਹਰ ਲਾਲ ਨਹਿਰੂ ਇਨਡੋਰ ਸਟੇਡੀਅਮ ਵਿੱਚ ਹੋਇਆ। ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ ਵਿਜੇ ਅਤੇ ਨੌਂ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਚੁਕਾਈ।

## ਅਦਾਲਤ ਨੇ ਪੰਜਾਬ ਦੇ ਮੰਤਰੀ ਸੰਜੀਵ ਅਰੋੜਾ...

ਤਿਆਰ ਕੀਤੇ ਗਏ ਸਨ ਤਾਂ ਜੋ ਗਲਤ ਤਰੀਕੇ ਨਾਲ ਇਨਪੁਟ ਟੈਕਸ ਕ੍ਰੈਡਿਟ, ਨਿਰਯਾਤ-ਲਿੰਕਡ ਜੀਐਸਟੀ ਰਿਫੰਡ ਅਤੇ ਡਿਊਟੀ ਡਰਾਅਬੈਕ ਲਾਭ ਪ੍ਰਾਪਤ ਕੀਤੇ ਜਾ ਸਕਣ। ਇਸ ਕਾਰਵਾਈ ਦੌਰਾਨ ਏਜੰਸੀ ਨੇ 'ਹੈਂਪਟਨ ਸਕਾਈ ਰਿਐਲਿਟੀ ਲਿਮਟਿਡ' ਦੇ ਕੰਪਲੈਕਸਾਂ ਦੀ ਵੀ ਤਲਾਸ਼ੀ ਲਈ, ਜੋ ਇਸ ਮਾਮਲੇ ਵਿੱਚ ਜਾਂਚ ਦੇ ਘੇਰੇ ਵਿੱਚ ਹੈ। ਦੂਜੇ ਪਾਸੇ, ਸੰਜੀਵ ਅਰੋੜਾ ਦੇ ਵਕੀਲ ਅਰਜੁਨ ਨੇ ਇਨ੍ਹਾਂ ਦੋਸ਼ਾਂ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਈਡੀ ਨੇ 5 ਮਈ ਨੂੰ ਕੇਸ ਦਰਜ ਕੀਤਾ ਅਤੇ 9 ਮਈ ਦੀ ਸਵੇਰ ਨੂੰ ਮੰਤਰੀ ਨੂੰ ਗ੍ਰਿਫ਼ਤਾਰ ਕਰ ਲਿਆ, ਜਦਕਿ ਕੋਈ ਅਸਲ ਜਾਂਚ ਨਹੀਂ ਕੀਤੀ ਗਈ। ਵਕੀਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਅਜੇ ਤੱਕ ਐਫਆਈਆਰ ਦੀ ਕਾਪੀ ਵੀ ਮੁਹੱਈਆ ਨਹੀਂ ਕਰਵਾਈ ਗਈ। ਅਦਾਲਤ ਨੇ ਹੁਣ ਮੰਤਰੀ ਨੂੰ 16 ਮਈ ਨੂੰ ਮੁੜ ਗੁਰੂਗ੍ਰਾਮ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਹਨ।

## ਕਿਸ਼ਤੀ ਬੰਦ ਹੋਣ ਕਾਰਨ ਲੋਕ ਪ੍ਰੇਸ਼ਾਨ

ਵਿਦਿਆਰਥੀ ਆਉਂਦੇ-ਜਾਂਦੇ ਹਨ। ਕਿਸ਼ਤੀ ਬੰਦ ਹੋਣ ਕਾਰਨ ਜਿਹੜਾ ਸਫਰ ਮਹਿਜ਼ 7-8 ਕਿਲੋਮੀਟਰ ਵਿੱਚ ਤੈਅ ਹੁੰਦਾ ਸੀ, ਹੁਣ ਉਸੇ ਰਸਤੇ ਲਈ ਵਾਇਆ ਰੂਪਨਗਰ ਹੋ ਕੇ 70-75 ਕਿਲੋਮੀਟਰ ਦਾ ਲੰਮਾ ਪੈਂਡਾ ਤੈਅ ਕਰਨਾ ਪੈ ਰਿਹਾ ਹੈ। ਇਸ ਨਾਲ ਨਾ ਸਿਰਫ਼ ਸਮੇਂ ਦੀ ਬਰਬਾਦੀ ਹੋ ਰਹੀ ਹੈ, ਸਗੋਂ ਲੋਕਾਂ 'ਤੇ ਆਰਥਿਕ ਬੋਝ ਵੀ ਵਧ ਗਿਆ ਹੈ। ਮੌਲਵੀ ਉਮਰਦੀਨ ਤੇ ਹੋਰ ਲੋਕਾਂ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਬੇਲਾ-ਪਨਿਆਲੀ ਪੁਲ ਦਾ ਨੀਂਹ ਪੱਥਰ ਰੱਖਿਆ ਗਿਆ ਸੀ ਅਤੇ ਨਿਰਮਾਣ ਲਈ ਸਮਾਨ ਵੀ ਪਹੁੰਚ ਚੁੱਕਾ ਸੀ ਜਿਸ ਕਾਰਨ ਇਲਾਕਾ ਵਾਸੀਆਂ ਨੂੰ ਉਮੀਦ ਸੀ ਕਿ ਪੁਲ ਬਣਨ ਨਾਲ ਜਲਦੀ ਹੀ ਉਨ੍ਹਾਂ ਦੀ ਇਹ ਵੱਡੀ ਮੁਸ਼ਕਿਲ ਹੱਲ ਹੋ ਜਾਵੇਗੀ। ਸੂਬੇ ਵਿੱਚ ਸਰਕਾਰ ਬਦਲਣ ਤੋਂ ਬਾਅਦ ਪੁਲ ਦਾ ਕੰਮ ਸ਼ੁਰੂ ਹੋਣਾ ਤਾਂ ਦੂਰ ਦੀ ਗੱਲ, ਉੱਥੇ ਪਿਆ ਨਿਰਮਾਣ ਸਮਾਨ ਵੀ ਵਾਪਸ ਚੁੱਕ ਲਿਆ ਗਿਆ। ਸਗੋਂ ਕਿਸ਼ਤੀ ਵੀ ਬੰਦ ਹੋ ਗਈ। ਪੰਚਾਇਤ ਮੈਂਬਰਾਂ ਤੇ ਪਿੰਡ ਵਾਸੀਆਂ ਨੇ ਦੱਸਿਆ ਕਿ ਜੁਲਾਈ 2025 ਵਿੱਚ ਕਰੀਬ 7.50 ਲੱਖ ਰੁਪਏ ਦੀ ਲਾਗਤ ਨਾਲ ਨਵੀਂ ਕਿਸ਼ਤੀ ਦਰਿਆ ਵਿੱਚ ਛੱਡੀ ਗਈ ਸੀ ਪ੍ਰੰਤੂ ਇਸ ਵਿੱਚ ਘਟੀਆ ਮੈਟੀਰੀਅਲ ਵਰਤਣ ਕਾਰਨ ਇਸ ਕਿਸ਼ਤੀ ਦੇ ਹੇਠਲੇ ਹਿੱਸੇ ਵਿੱਚ ਲੱਗੀ ਲੱਕੜ ਵਿੱਚ ਤਰੇੜਾਂ ਪੈਣ ਕਾਰਨ ਇਸ ਵਿੱਚ ਪਾਣੀ ਭਰ ਜਾਂਦਾ ਹੈ ਜਿਸ ਕਾਰਨ ਇਹ ਕਈ ਵਾਰ ਦਰਿਆ ਵਿੱਚ ਡੁੱਬ ਚੁੱਕੀ ਹੈ।

## ਭਾਰਤ ਨੇ ਚੀਨ ਨੂੰ ਹਰਾ ਜਿੱਤਿਆ ਤੀਰਅੰਦਾਜ਼ੀ...

ਇੱਕ ਯਾਦਗਾਰ ਜਿੱਤ ਦਿਵਾਈ। ਇਸ ਜਿੱਤ ਨਾਲ ਭਾਰਤ ਨੇ 2021 ਤੋਂ ਬਾਅਦ ਮਹਿਲਾ ਰਿਕਰਵ ਟੀਮ ਪ੍ਰਤੀਯੋਗਤਾ ਵਿੱਚ ਪਹਿਲਾ ਵਿਸ਼ਵ ਕੱਪ ਸੋਨ ਤਮਗਾ ਜਿੱਤਿਆ ਹੈ। ਭਾਰਤ ਭਾਰਤੀ ਟੀਮ ਨੇ ਸੈਮੀਫਾਈਨਲ ਵਿੱਚ ਇੱਕ ਵੱਡਾ ਉਲਟਫੇਰ ਕਰਦਿਆਂ 10 ਵਾਰ ਦੀ ਓਲੰਪਿਕ ਚੈਂਪੀਅਨ ਦੱਖਣੀ ਕੋਰੀਆ ਨੂੰ ਹਰਾਇਆ ਸੀ। ਚੀਨ ਵਰਗੀ ਮਜ਼ਬੂਤ ਟੀਮ ਨੂੰ ਉਸ ਦੇ ਘਰੇਲੂ ਦਰਸ਼ਕਾਂ ਦੇ ਸਾਹਮਣੇ ਹਰਾਉਣਾ ਭਾਰਤੀ ਟੀਮ ਲਈ ਇੱਕ ਵੱਡੀ ਉਪਲਬਧੀ ਮੰਨਿਆ ਜਾ ਰਿਹਾ ਹੈ। ਰਾਸ਼ਟਰੀ ਕੋਚ ਦੀ ਨਿਯੁਕਤੀ ਨੂੰ ਲੈ ਕੇ ਚੱਲ ਰਹੇ ਵਿਵਾਦ ਕਾਰਨ ਭਾਰਤੀ ਟੀਮ ਬਿਨਾਂ ਕਿਸੇ ਪੂਰਨਕਾਲਿਕ ਕੋਚ ਦੇ ਇਸ ਟੂਰਨਾਮੈਂਟ ਵਿੱਚ ਉਤਰੀ ਸੀ। ਅਜਿਹੀ ਸਥਿਤੀ ਵਿੱਚ ਅਨੁਭਵੀ ਦੀਪਿਕਾ ਕੁਮਾਰੀ ਨੇ ਟੀਮ ਦੀ ਵਾਗਡੋਰ ਸੰਭਾਲੀ ਅਤੇ ਨੌਜਵਾਨ ਖਿਡਾਰੀਆਂ ਦਾ ਹੌਸਲਾ ਵਧਾਇਆ। 2010 ਤੋਂ ਹੁਣ ਤੱਕ ਦੀਪਿਕਾ ਦੇ ਨਾਮ ਹੁਣ ਸੱਤ ਵਿਸ਼ਵ ਕੱਪ ਟੀਮ ਸੋਨ ਤਮਗੇ ਹੋ ਗਏ ਹਨ।

## ਸੰਜੀਵ ਅਰੋੜਾ ਖਿਲਾਫ ਈਡੀ ਦੀ ਕਾਰਵਾਈ ਨੂੰ...

ਬਣਾਇਆ ਗਿਆ ਸੀ ਅਤੇ ਹੁਣ ਪੰਜਾਬ 'ਤੇ ਹਮਲਾ ਕੀਤਾ ਜਾ ਰਿਹਾ ਹੈ ਕਿਉਂਕਿ ਭਾਜਪਾ 'ਆਪ' ਦੀ ਵਧਦੀ ਲੋਕਪ੍ਰਿਯਤਾ ਅਤੇ ਭਗਵੰਤ ਮਾਨ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਪੱਖੀ ਕੰਮਾਂ ਨੂੰ ਹਜ਼ਮ ਨਹੀਂ ਕਰ ਪਾ ਰਹੀ। ਹਰਪਾਲ ਸਿੰਘ ਚੀਮਾ ਨੇ ਦਾਅਵਾ ਕੀਤਾ ਕਿ ਭਾਜਪਾ ਲੋਕਤੰਤਰੀ ਤਰੀਕੇ ਨਾਲ ਚੁਣੀਆਂ ਗਈਆਂ ਸਰਕਾਰਾਂ ਨੂੰ ਡਰਾ-ਧਮਕਾ ਕੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਕਿਉਂਕਿ ਉਹ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਹਰਾ ਨਹੀਂ ਸਕੀ। ਪੰਜਾਬ ਦੇ ਲੋਕ ਦੇਖ ਰਹੇ ਹਨ ਕਿ ਕਿਵੇਂ ਬਦਲਾਖੋਰੀ ਦੀ ਰਾਜਨੀਤੀ ਲਈ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਪਟਿਆਲਾ ਵਿੱਚ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਰੋਸ ਮਾਰਚ ਦੀ ਅਗਵਾਈ ਕੀਤੀ ਅਤੇ ਡਰ ਅਤੇ ਧਮਕਾਉਣ ਦੀ ਰਾਜਨੀਤੀ ਕਰਨ ਲਈ ਭਾਜਪਾ ਦੀ ਸਖ਼ਤ ਆਲੋਚਨਾ ਕੀਤੀ। ਮੋਹਾਲੀ ਅਤੇ ਹੋਰ ਜ਼ਿਲ੍ਹਿਆਂ ਵਿੱਚ ਵੀ ਅਜਿਹੇ ਹੀ ਪ੍ਰਦਰਸ਼ਨ ਕੀਤੇ ਗਏ, ਜਿੱਥੇ 'ਆਪ' ਵਰਕਰਾਂ ਨੇ ਭਾਜਪਾ ਦਫ਼ਤਰਾਂ ਦੇ ਬਾਹਰ ਇਕੱਠੇ ਹੋ ਕੇ ਸੰਜੀਵ ਅਰੋੜਾ ਵਿਰੁੱਧ ਕੀਤੀ ਕਾਰਵਾਈ ਨੂੰ ਰਾਜਨੀਤੀ ਤੋਂ ਪ੍ਰੇਰਿਤ ਦੱਸਦਿਆਂ ਨਿੰਦਾ ਕੀਤੀ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਭਾਜਪਾ ਦੀ ਰਾਜਨੀਤੀ ਧਮਕੀਆਂ, ਛਾਪਿਆਂ ਅਤੇ ਜ਼ਬਰਦਸਤੀ ਦੇ ਦੁਆਲੇ ਘੁੰਮਦੀ ਹੈ। ਜਦੋਂ 'ਆਪ' ਨੇ ਕੇਂਦਰ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੇ ਪਹਿਲਾਂ ਪੰਜਾਬ ਦੇ ਰਾਜ ਸਭਾ ਮੈਂਬਰਾਂ 'ਤੇ ਦਬਾਅ ਪਾਇਆ ਅਤੇ ਬਾਅਦ ਵਿੱਚ ਕੈਬਨਿਟ ਮੰਤਰੀਆਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਸੋਚਿਆ ਕਿ ਪੰਜਾਬ ਨੂੰ ਈਡੀ, ਸੀਬੀਆਈ ਅਤੇ ਇਨਕਮ ਟੈਕਸ ਦੇ ਛਾਪਿਆਂ ਰਾਹੀਂ ਡਰਾਇਆ ਜਾ ਸਕਦਾ ਹੈ। ਪਰ ਪੰਜਾਬੀਆਂ ਦਾ ਜ਼ੁਲਮ ਵਿਰੁੱਧ ਖੜ੍ਹਨ ਦਾ ਇਤਿਹਾਸ ਰਿਹਾ ਹੈ ਅਤੇ ਉਹ ਭਾਜਪਾ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ। ਡਾ. ਬਲਬੀਰ ਸਿੰਘ ਨੇ ਅੱਗੇ ਕਿਹਾ ਕਿ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਵਿਰੁੱਧ ਛਾਪੇਮਾਰੀ ਕਿਉਂ ਬੰਦ ਹੋ ਗਈ? ਇਹ ਭਾਜਪਾ ਦਾ ਅਸਲੀ ਚਿਹਰਾ ਨੰਗਾ ਕਰਦਾ ਹੈ। ਏਜੰਸੀਆਂ ਸਿਰਫ਼ ਉਨ੍ਹਾਂ ਵਿਰੁੱਧ ਸਰਗਰਮ ਹੁੰਦੀਆਂ ਹਨ ਜੋ ਸਿਆਸੀ ਤੌਰ 'ਤੇ ਉਨ੍ਹਾਂ ਦਾ ਵਿਰੋਧ ਕਰਦੇ ਹਨ। ਜਿਵੇਂ ਹੀ ਕੋਈ ਭਾਜਪਾ ਵਿੱਚ ਸ਼ਾਮਲ ਹੁੰਦਾ ਹੈ, ਸਾਰੀਆਂ ਜਾਂਚਾਂ ਗਾਇਬ ਹੋ ਜਾਂਦੀਆਂ ਹਨ। 'ਆਪ' ਆਗੂਆਂ ਨੇ ਦੁਹਰਾਇਆ ਕਿ ਪੰਜਾਬ ਦੇ ਲੋਕ ਸਿਆਸੀ ਬਦਲਾਖੋਰੀ ਲਈ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਨੂੰ ਬਰਦਾਸ਼ਤ ਨਹੀਂ ਕਰਨਗੇ। ਪਾਰਟੀ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਡਰਾਉਣ-ਧਮਕਾਉਣ ਅਤੇ ਬਦਲਾਖੋਰੀ ਦੀ ਰਾਜਨੀਤੀ ਰਾਹੀਂ ਪੰਜਾਬ ਨੂੰ ਅਸਥਿਰ ਕਰਨ ਦੀਆਂ ਕੋਸ਼ਿਸ਼ਾਂ ਨਾਕਾਮ ਹੋਣਗੀਆਂ। ਉਨ੍ਹਾਂ ਅੱਗੇ ਕਿਹਾ ਕਿ 'ਆਪ' ਵਰਕਰ ਮੋਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕਤੰਤਰ ਦੇ ਕਤਲ ਵਿਰੁੱਧ ਸੜਕਾਂ 'ਤੇ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ।

## ਚੰਡੀਗੜ੍ਹ, ਪੰਜਾਬ ਅਤੇ ਹਰਿਆਣਾ 'ਚ...

ਵੀਰਵਾਰ ਤੱਕ ਮੌਸਮ ਦੀ ਤੀਬਰਤਾ ਕੁਝ ਘਟ ਜਾਵੇਗੀ। ਟਰਾਈਸਿਟੀ (ਚੰਡੀਗੜ੍ਹ, ਮੁਹਾਲੀ, ਪੰਚਕੂਲਾ) ਲਈ ਮੌਸਮ ਦੀ ਭਵਿੱਖਬਾਣੀ ਅਨੁਸਾਰ ਸੋਮਵਾਰ ਅਤੇ ਮੰਗਲਵਾਰ ਨੂੰ ਬੱਦਲਵਾਈ ਦੇ ਨਾਲ ਮੀਂਹ ਅਤੇ ਤੇਜ਼ ਹਵਾਵਾਂ ਚੱਲਣਗੀਆਂ। ਇਸ ਦੌਰਾਨ ਵੱਧ ਤੋਂ ਵੱਧ ਤਾਪਮਾਨ ਲਗਪਗ 35 ਤੋਂ 36 ਡਿਗਰੀ ਸੈਲਸੀਅਸ ਦੇ ਦਰਮਿਆਨ ਰਹੇਗਾ।

ਹਾਲਾਂਕਿ, ਜਿਵੇਂ ਹੀ ਇਹ ਸਿਸਟਮ ਵੀਰਵਾਰ ਤੋਂ ਬਾਅਦ ਅੱਗੇ ਵਧੇਗਾ, ਸ਼ੁੱਕਰਵਾਰ ਨੂੰ ਪਾਰਾ ਤੇਜ਼ੀ ਨਾਲ ਉੱਪਰ ਚੜ੍ਹੇਗਾ ਅਤੇ ਤਾਪਮਾਨ ਲਗਪਗ 39 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ, ਜੋ ਮੁੜ ਗਰਮੀ ਵਧਣ ਦਾ ਸੰਕੇਤ ਹੈ। ਪਿਛਲੇ 24 ਘੰਟਿਆਂ ਦੌਰਾਨ ਪੂਰਾ ਖੇਤਰ ਖੁਸ਼ਕ ਰਿਹਾ ਪਰ ਕੁਝ ਇਲਾਕਿਆਂ ਵਿੱਚ ਗਰਮੀ ਵਧਣੀ ਸ਼ੁਰੂ ਹੋ ਗਈ ਹੈ। ਪੰਜਾਬ ਵਿੱਚ ਫਰੀਦਕੋਟ 42.8 ਡਿਗਰੀ ਸੈਲਸੀਅਸ ਨਾਲ ਸਭ ਤੋਂ ਗਰਮ ਰਿਹਾ, ਜਦਕਿ ਹਰਿਆਣਾ ਦੇ ਫਰੀਦਾਬਾਦ ਵਿੱਚ ਪਾਰਾ 45.2 ਡਿਗਰੀ ਸੈਲਸੀਅਸ ਤੱਕ ਜਾ ਪਹੁੰਚਿਆ। ਚੰਡੀਗੜ੍ਹ ਵਿੱਚ ਵੱਧ ਤੋਂ ਵੱਧ ਤਾਪਮਾਨ 35 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 3 ਡਿਗਰੀ ਘੱਟ ਹੈ। ਮੌਸਮ ਵਿਭਾਗ ਨੇ ਸੁਰੱਖਿਆ ਚਿਤਾਵਨੀ ਜਾਰੀ ਕਰਦਿਆਂ ਲੋਕਾਂ ਨੂੰ ਬਿਜਲੀ ਦੇ ਖੰਭਿਆਂ, ਪਾਣੀ ਦੇ ਸੋਮਿਆਂ ਅਤੇ ਕਮਜ਼ੋਰ ਢਾਂਚਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਹੈ। ਪੰਜਾਬ ਅਤੇ ਹਰਿਆਣਾ ਵਿੱਚ ਇਸ ਸੀਜ਼ਨ ਦੌਰਾਨ ਆਮ ਨਾਲੋਂ ਵੱਧ ਮੀਂਹ ਪੈਣ ਕਾਰਨ ਪਹਿਲਾਂ ਹੀ ਗਰਮੀ ਤੋਂ ਕੁਝ ਰਾਹਤ ਮਿਲੀ ਹੋਈ ਹੈ।

## ਲੰਗਰ ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਬਾ ਅਟੱਲ...

ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸ. ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਅਜ਼ਾਦਦੀਪ ਸਿੰਘ, ਸ. ਗੁਰਮੀਤ ਸਿੰਘ ਮੁਕਤਸਰੀ, ਸ. ਜਸਪਾਲ ਸਿੰਘ ਢੱਡੇ, ਮੈਨੇਜਰ ਸ. ਰਾਜਿੰਦਰ ਸਿੰਘ ਰੂਬੀ, ਐਕਸੀਅਨ ਸ. ਜਤਿੰਦਰਪਾਲ ਸਿੰਘ, ਸ. ਸੁਖਜਿੰਦਰ ਸਿੰਘ, ਆਰਕੀਟੈਕਟ ਸ. ਬਲਜੀਤ ਸਿੰਘ ਜਲੰਧਰ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਵਧੀਕ ਮੈਨੇਜਰ ਸ. ਗੁਰਿੰਦਰ ਸਿੰਘ ਦੇਵੀਦਾਸਪੁਰਾ, ਬਾਬਾ ਸੋਹਣ ਸਿੰਘ, ਬਾਬਾ ਜੋਧਵੀਰ ਸਿੰਘ, ਬਾਬਾ ਕਰਨ ਸਿੰਘ, ਬਾਬਾ ਨਾਜਰ ਸਿੰਘ, ਬਾਬਾ ਅਵਤਾਰ ਸਿੰਘ, ਬਾਬਾ ਯਾਦਵਿੰਦਰ ਸਿੰਘ, ਬਾਬਾ ਮਨਜੀਤ ਸਿੰਘ, ਬਾਬਾ ਸੁਖਵਿੰਦਰ ਸਿੰਘ ਸੁੱਖ ਸੁਲਤਾਨਵਿੰਡ, ਸ. ਸ਼ਮਸ਼ੇਰ ਸਿੰਘ ਜੇਈ, ਸ. ਹਰਪ੍ਰੀਤ ਸਿੰਘ, ਸ. ਪਰਜੀਤ ਸਿੰਘ ਤੇ ਹੋਰ ਮੌਜੂਦ ਸਨ।

## ਸਕੂਲ ਸਿੱਖਿਆ ਵਿੱਚ ਪੰਜਾਬ ਨੇ ਕੇਰਲਾ ਨੂੰ...

ਸਰਕਾਰੀ ਸਕੂਲਾਂ ਵਿੱਚ ਹੁਣ ਬਿਜਲੀ ਉਪਲੱਬਧ ਹੈ, 99 ਫ਼ੀਸਦ ਸਕੂਲਾਂ ਵਿੱਚ ਕਾਰਜਸ਼ੀਲ ਕੰਪਿਊਟਰ ਉਪਲੱਬਧ ਹਨ ਅਤੇ 80 ਫ਼ੀਸਦ ਤੋਂ ਵੱਧ ਸਕੂਲ ਸਮਾਰਟ ਕਲਾਸਰੂਮਾਂ ਨਾਲ ਲੈਸ ਹਨ। ਇਸ ਤੋਂ ਇਲਾਵਾ, 10ਵੀਂ ਜਮਾਤ ਦੇ 90 ਫ਼ੀਸਦ ਤੋਂ ਵੱਧ ਵਿਦਿਆਰਥੀ ਹੁਣ 11ਵੀਂ ਜਮਾਤ ਵਿੱਚ ਦਾਖ਼ਲਾ ਲੈ ਰਹੇ ਹਨ। ਇਹ ਦਰ ਸਕੂਲ ਛੱਡਣ ਦੀ ਦਰ ਵਿੱਚ ਤੇਜ਼ੀ ਨਾਲ ਆ ਰਹੀ ਗਿਰਾਵਟ ਨੂੰ ਦਰਸਾਉਂਦੀ ਹੈ। ਵਿਦਿਆਰਥੀ ਅਧਿਆਪਕ ਅਨੁਪਾਤ 22:1 ਹੋ ਗਿਆ ਹੈ। ਰਿਪੋਰਟ ਦਾ ਹਵਾਲਾ ਦਿੰਦਿਆਂ ਹਰਜੋਤ ਸਿੰਘ ਬੈਂਸ ਨੇ ਕਿਹਾ, "ਨੀਤੀ ਆਯੋਗ ਦੀ ਰਿਪੋਰਟ ਵਿੱਚ ਸਿੱਖਿਆ ਖੇਤਰ ਵਿੱਚ ਸ਼ਹਿਰੀ-ਪੇਂਡੂ ਖ਼ਿੱਤੇ ਦੇ ਪਾੜੇ ਨੂੰ ਪੂਰਨ ਅਤੇ ਪਿੰਡ ਦੇ ਵਿਦਿਆਰਥੀਆਂ ਅਤੇ ਕੁੜੀਆਂ ਲਈ ਬਰਾਬਰ ਮੌਕੇ ਯਕੀਨੀ ਬਣਾਉਣ ਲਈ ਪੰਜਾਬ ਦੀ ਵਿਸ਼ੇਸ਼ ਤੌਰ 'ਤੇ ਪ੍ਰਸ਼ੰਸਾ ਕੀਤੀ ਗਈ ਹੈ। ਪੰਜਾਬ ਵੱਲੋਂ ਵਿਸ਼ਵ ਦੇ ਸਰਬੋਤਮ ਅਭਿਆਸਾਂ ਨੂੰ ਅਪਣਾਉਣ ਨਾਲ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਪ੍ਰੀਖਿਆ ਦੀ ਸਫਲਤਾ ਹਾਸਲ ਕਰਨ ਦੀ ਦਰ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਹੁਣ ਤੱਕ ਸਰਕਾਰੀ ਸਕੂਲਾਂ ਦੇ 786 ਵਿਦਿਆਰਥੀਆਂ ਨੇ ਜੇਈਈ ਮੇਨ ਪ੍ਰੀਖਿਆ ਪਾਸ ਕੀਤੀ ਹੈ ਅਤੇ 1,284 ਵਿਦਿਆਰਥੀ ਨੀਟ ਪ੍ਰੀਖਿਆ ਪਾਸ ਕਰ ਚੁੱਕੇ ਹਨ। ਅਧਿਆਪਕ ਸਿਖਲਾਈ ਅਤੇ ਬੁਨਿਆਦੀ ਢਾਂਚੇ ਦੇ ਵਿਸਥਾਰ ਬਾਰੇ ਜਾਣਕਾਰੀ ਸਾਂਝੀ ਕਰਦਿਆਂ, ਪੰਜਾਬ ਦੇ ਸਿੱਖਿਆ ਮੰਤਰੀ ਨੇ ਕਿਹਾ, "ਸੂਬਾ ਸਰਕਾਰ ਵੱਲੋਂ ਕੀਤੇ ਸਿੱਖਿਆ ਸੁਧਾਰਾਂ ਤਹਿਤ ਸ਼ੁਰੂ ਕੀਤੇ ਗਏ ਫਿਨਲੈਂਡ ਅਤੇ ਸਿੰਗਾਪੁਰ ਵਿੱਚ ਅਧਿਆਪਕ ਸਿਖਲਾਈ ਪ੍ਰੋਗਰਾਮਾਂ ਦੇ ਜ਼ਮੀਨੀ ਪੱਧਰ 'ਤੇ ਸਾਰਥਕ ਨਤੀਜੇ ਸਾਹਮਣੇ ਆਏ ਹਨ।

# ਗੈਂਗਸਟਰਾਂ 'ਤੇ ਵਾਰ ਦਾ 110ਵਾਂ ਦਿਨ: ਪੰਜਾਬ ਪੁਲਿਸ ਵੱਲੋਂ 537 ਥਾਵਾਂ 'ਤੇ ਛਾਪੇਮਾਰੀ; 248 ਗ੍ਰਿਫ਼ਤਾਰ

ਚੰਡੀਗੜ੍ਹ/ਬਿਊਰੋ


ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 110ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 537 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ ਗੈਂਗਸਟਰਾਂ ਤੇ ਵਾਰ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸ਼ੁਰੂ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 110ਵੇਂ ਦਿਨ, ਪੁਲਿਸ ਟੀਮਾਂ ਨੇ ਛੇ ਹਥਿਆਰਾਂ ਸਮੇਤ 248 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ ਦੀ ਗਿਣਤੀ 27,098 ਹੋ ਗਈ। ਇਸ ਤੋਂ ਇਲਾਵਾ 94 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 28 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 11 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਲੋਕ ਐਂਟੀ ਗੈਂਗਸਟਰ ਹੈਲਪਲਾਈਨ 93946-93946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ /ਜਾਣਕਾਰੀ ਵੀ ਸਾਂਝੇ ਕਰ ਸਕਦੇ ਹਨ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨੂੰ 435ਵੇਂ ਦਿਨ ਵੀ ਜਾਰੀ ਰੱਖਦਿਆਂ ਅੱਜ 67 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 7.8 ਕਿਲੋ ਹੈਰੋਇਨ, 581 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 12,200 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ 434 ਦਿਨਾਂ 'ਚ ਗ੍ਰਿਫਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਗਿਣਤੀ 63,385 ਤੱਕ ਪਹੁੰਚ ਗਈ ਹੈ।

ਅਸ਼ਵਨੀ ਜੇਤਲੀ ਮਾਲਕ, ਐਡੀਟਰ/ਪ੍ਰਿੰਟਰ ਤੇ ਪਬਲਿਸ਼ਰ ਨੇ ਰੋਟਰੀ ਪ੍ਰਿੰਟਰਜ਼ ਤੋਂ ਛਪਵਾ ਕੇ ਦਫ਼ਤਰ ਜ਼ਿਕਰ ਪੰਜਾਬ (ਸਪਤਾਹਿਕ) 7, ਮਾਨਕ ਇਨਕਲੇਵ, ਧਾਂਦਰਾ ਰੋਡ, ਲੁਧਿਆਣਾ ਤੋਂ ਪ੍ਰਕਾਸ਼ਿਤ ਕੀਤਾ।
Published, Printed & Owned by Ashwani Jaitly Published at 7, Manak Enclave, Dhandra Road, Ludhiana, Punjab State Printed at Rotary Printers, Kot Almgir, Ludhiana, Punjab State Editor- Ashwani Jaitly

ਸੰਪਾਦਕੀ

# ਪੰਜਾਬ ਦੀ ਸਿਆਸਤ ਵਿੱਚ ਉਬਾਲ

ਪਿੱਛਲੇ ਕੁਝ ਦਿਨਾਂ ਤੋਂ ਪੰਜਾਬ ਦੀ ਸਿਆਸਤ ਵਿੱਚ ਉਬਾਲ ਆਇਆ ਹੋਇਆ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਸਰਕਾਰ ਨੂੰ ਚਲਦਾ ਕਰਕੇ ਸੱਤਾ ਵਿਚ ਆਈ ਭਾਰਤੀ ਜਨਤਾ ਪਾਰਟੀ ਹੁਣ 2027 ਵਿਚ ਪੰਜਾਬ ਫ਼ਤਿਹ ਕਰਨ ਦੇ ਇਰਾਦੇ ਨਾਲ ਅੱਗੇ ਵੱਧ ਰਹੀ ਹੈ। ਹਾਲਾਂਕਿ ਖੇਤਰੀ ਪਾਰਟੀਆਂ ਅਤੇ ਪੰਜਾਬ ਵਿੱਚ ਸਮੇਂ ਸਮੇਂ ਸੱਤਾ ਸੁਖ ਭੋਗ ਚੁੱਕੀਆਂ ਪਾਰਟੀਆਂ ਦੇ ਕਈ ਨੇਤਾਵਾਂ ਨੇ ਭਾਜਪਾ ਦੇ ਇਸ ਦਾਅਵੇ ਨੂੰ ਕੋਰਾ ਸੁਪਨਾ ਦੱਸਦੇ ਹੋਏ ਕਿਹਾ ਕਿ ਪੰਜਾਬ ਦੇ ਲੋਕ ਕਿਸੇ ਵੀ ਸੂਰਤ ਵਿਚ ਭਾਜਪਾ ਨੂੰ ਵੋਟ ਨਹੀਂ ਪਾਉਣਗੇ। ਪਰ ਭਾਜਪਾ ਦੇ ਕੇਂਦਰੀ ਅਤੇ ਸੂਬਾਈ ਆਗੂ 2027 ਦਾ ਅਖਾੜਾ



ਜਿੱਤਣ ਦੇ ਦਾਅਵੇ ਤੋਂ ਪਿੱਛੇ ਨਹੀਂ ਹਟ ਰਹੇ ਅਤੇ ਨਿਰੰਤਰ ਇਹ ਗੱਲ ਠੋਕ ਵਜਾ ਕੇ ਆਖ ਰਹੇ ਹਨ ਕਿ ਪੰਜਾਬ ਵਿੱਚ ਆਉਣ ਵਾਲੀ ਸਰਕਾਰ ਭਾਜਪਾ ਦੀ ਹੀ ਬਣਨੀ ਤੈਅ ਹੈ। ਰਾਜਨੀਤੀ ਵਿਚ ਦਿਲਚਸਪੀ ਰੱਖਣ ਵਾਲੇ ਤਾਂ ਪੱਛਮੀ ਬੰਗਾਲ ਦੇ ਹਾਲਾਤਾਂ ਦੇ ਨਾਲ ਨਾਲ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤਾਂ ਨੂੰ ਵੀ ਭਾਜਪਾ ਦੇ ਇਸ ਦਾਅਵੇ ਨਾਲ ਜੋੜ ਰਹੇ ਹਨ। ਉਹਨਾਂ ਦਾ ਤਰਕ ਹੈ ਕਿ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਈਡੀ ਵਲੋਂ ਗ੍ਰਿਫਤਾਰੀ ਅਤੇ ਪਿਛਲੇ ਦਿਨੀਂ ਮੰਤਰੀ ਲਾਲਜੀ ਲਤ ਸਿੰਘ ਭੁੱਲਰ ਦੀ ਗ੍ਰਿਫਤਾਰੀ ਕਾਰਣ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸਥਿਤੀ ਬਹੁਤ ਹੀ ਪਤਲੀ ਬਣ ਗਈ ਹੈ ਅਤੇ ਭਾਰਤੀ ਜਨਤਾ ਪਾਰਟੀ ਇਸ ਸਤਿਥੀ ਦਾ ਹੀ ਫਾਇਦਾ ਚੁੱਕਦੀ ਨਜ਼ਰ ਆਉਂਦੀ ਹੈ। ਸੰਜੀਵ ਅਰੋੜਾ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਨੂੰ 7 ਦਿਨਾਂ ਲਈ ਈਡੀ ਦੀ ਰਿਮਾਂਡ 'ਤੇ ਭੇਜ ਦਿੱਤਾ ਗਿਆ। ਇਸਦੀ ਗ੍ਰਿਫਤਾਰੀ ਦੀ ਆਮ ਆਦਮੀ ਪਾਰਟੀ ਨੇ ਸਖ਼ਤ ਨਿੰਦਾ ਕੀਤੀ ਹੈ ਅਤੇ ਇਸ ਨੂੰ ਰਾਜਨੀਤਿਕ ਬਦਲੇ ਦੀ ਕਾਰਵਾਈ ਕਰਾਰ ਦਿੱਤਾ ਹੈ। ਪਾਰਟੀ ਨੇ ਪੂਰੇ ਪੰਜਾਬ ਵਿੱਚ ਕੇਂਦਰ ਸਰਕਾਰ ਦੇ ਖ਼?ਲਾਫ਼ ਪ੍ਰਦਰਸ਼ਨ ਕੀਤੇ ਹਨ ਅਤੇ ਇਸ ਮਾਮਲੇ ਵਿੱਚ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਸੰਜੀਵ ਅਰੋੜਾ ਦੀ ਗ੍ਰਿਫਤਾਰੀ ਤੋਂ ਬਾਅਦ, ਪੰਜਾਬ ਦੀ ਰਾਜਨੀਤੀ ਵਿੱਚ ਵੱਡਾ ਉਬਾਲ ਆਇਆ ਹੈ ਅਤੇ ਆਮ ਆਦਮੀ ਪਾਰਟੀ ਲਈ ਸੰਕਟ ਪੈਦਾ ਹੋ ਗਿਆ ਹੈ ਅਤੇ ਸਰਕਾਰ ਦੀ ਸਥਿਤੀ 'ਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਹਨ। ਹਾਲਾਂਕਿ ਮੰਤਰੀ ਲਾਲਜੀਤ ਭੁੱਲਰ ਦੀ ਗ੍ਰਿਫਤਾਰੀ ਨਾਲ ਸੱਤਾਧਾਰੀ ਪਾਰਟੀ ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਪਾਰਟੀ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕਰੇਗੀ, ਚਾਹੇ ਕੋਈ ਮੰਤਰੀ ਹੋਵੇ ਜਾਂ ਸੰਤਰੀ। ਆਮ ਆਦਮੀ ਪਾਰਟੀ ਅਰੋੜਾ ਦੀ ਗ੍ਰਿਫਤਾਰੀ ਵਾਲੀ ਕਰਵਾਈ ਨੂੰ ਸਿਆਸੀ ਬਦਲਾਖ਼ੋਰੀ ਦੱਸ ਰਹੀ ਹੈ ਅਤੇ ਹਰ ਹਾਲਤ ਵਿੱਚ ਭਾਜਪਾ ਵੱਲੋਂ ਪੰਜਾਬ ਫ਼ਤਿਹ ਦੇ ਸੁਪਨੇ ਨੂੰ ਪੂਰਾ ਨਾ ਹੋਣ ਬਾਰੇ ਕਹਿ ਰਹੀ ਹੈ। 2027 ਵਿਚ ਕਿਸ ਪਾਰਟੀ ਨੂੰ ਪੰਜਾਬ ਦੇ ਲੋਕ ਪ੍ਰਵਾਨ ਕਰਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ ਪਰ ਫਿਲਹਾਲ ਸਿਆਸਤ ਵਿੱਚ ਆਏ ਉਬਾਲ ਨੇ ਆਮ ਲੋਕਾਂ ਵਿਚ ਉਲਝੇਂਵੇਂ ਵਾਲੀ ਸਤਿਥੀ ਬਣਾ ਰੱਖੀ ਹੈ। ਆਸ ਕੀਤੀ ਜਾਣੀ ਚਾਹੀਦੀ ਹੈ ਕਿ ਪੰਜਾਬੀ ਸਰਕਾਰ ਬਣਾਉਣ ਲਈ ਵੋਟ ਦੀ ਵਰਤੋਂ ਦਾ ਕੋਈ ਵੀ ਫੈਸਲਾ ਪਿਛਲੇ ਸਾਰੇ ਹਾਲਾਤਾਂ ਨੂੰ ਦੇਖ ਕੇ ਅਤੇ ਇਹ ਦੇਖ ਕੇ ਹੀ ਕਰਨਗੇ ਕਿ ਪੰਜਾਬ ਦੇ ਭਵਿੱਖ ਨੂੰ ਕਿਹੜੀ ਪਾਰਟੀ ਬੇਹਤਰ ਬਣਾ ਸਕੇਗੀ।

**- ਅਸ਼ਵਨੀ ਜੇਤਲੀ**

# ਸੜਕਾਂ 'ਤੇ ਕਣਕ ਦੀ ਰਹਿੰਦ ਖੂੰਹਦ, ਦਿੰਦੀ ਹਾਦਸਿਆਂ ਨੂੰ ਸੱਦਾ

ਸਰਵਜਨਕ ਸੰਪੱਤੀ ਦੀ ਸਾਂਭ ਸੰਭਾਲ ਕਰਨਾ, ਸਾਡੇ ਪੰਜਾਬੀ ਵਿਰਸੇ ਦਾ ਅੰਗ ਮੰਨਿਆ ਜਾਂਦਾ ਸੀ, ਪੁਰਾਣੇ ਸਮਿਆਂ ਦੇ ਵਿੱਚ ਲੋਕੀ ਰਸਤੇ ਅਤੇ ਡੰਡੀਆਂ, ਧਰਮਸ਼ਾਲਾ ਅਤੇ ਪਿੰਡ ਦੇ ਸਾਂਝੇ ਦਰਵਾਜ਼ਿਆਂ ਨੂੰ ਸਾਫ ਰੱਖਦੇ ਸਨ। ਅੱਜ ਕਿਸੇ ਵੀ ਸਰਕਾਰੀ ਅਤੇ ਸਾਂਝੇ ਅਦਾਰੇ ਚਲੇ ਜਾਓ, ਤੁਹਾਨੂੰ ਕੂੜਾ ਕਰਕਟ, ਪਾਣੀ ਦੀਆਂ ਚੱਲਦੀਆਂ ਟੂਟੀਆਂ, ਕੋਠਿਆਂ ਦੀਆਂ ਛੱਤਾਂ ਤੇ ਉੱਗਿਆ ਘਾਹ, ਪਿੰਡਾਂ ਦੇ ਵਿੱਚ ਸੜਕਾਂ ਦੇ ਕਿਨਾਰਿਆਂ ਤੇ ਲਾਈਆਂ ਰੂੜੀਆਂ,ਸੜਕਾਂ ਦੇ ਉੱਤੇ ਖਿਲਾਰੀ ਕਣਕ ਅਤੇ ਹੋਰ ਬਹੁਤ ਅਜਿਹੇ ਦ੍ਰਿਸ਼ ਦੇਖਣ ਨੂੰ ਆਮ ਮਿਲ ਜਾਣਗੇ। ਅਸੀਂ ਕਦੇ ਇਹ ਨਹੀਂ ਸੋਚਦੇ, ਕਿ ਇਹ ਸਾਂਝੀ ਸੰਪੱਤੀ ਸਾਡੀ ਆਪਣੀ ਹੈ। ਜੇਕਰ ਸਰਕਾਰ ਨੇ, ਸਾਨੂੰ ਸਹੂਲਤਾਂ ਦਿੱਤੀਆਂ, ਤਾਂ ਉਹਨਾਂ ਦੀ ਸਾਂਭ ਸੰਭਾਲ ਸਾਡਾ ਮੁੱਢਲਾ ਫਰਜ਼ ਬਣਦਾ ਹੈ। ਪਰ ਫਰਜ਼ਾਂ ਦੀ ਤਾਂ ਅਸੀਂ ਗੱਲ ਕਰਨਾ ਹੀ ਭੁੱਲ ਗਏ, ਸਾਨੂੰ ਤਾਂ ਅਧਿਕਾਰ ਪ੍ਰਾਪਤੀ ਦੇ ਨਾਅਰੇ ਹੀ ਰਟਾਏ ਗਏ। ਅਸੀਂ ਤਾਂ ਜ਼ਿੰਦਗੀ ਦੇ ਵਿੱਚ, ਇੱਕ ਗੱਲ ਨੂੰ ਹੀ ਕੇਂਦਰ ਬਿੰਦੂ ਮੰਨ ਲਿਆ..

ਸਾਡੇ ਹੱਕ,ਇੱਥੇ ਰੱਖ....

ਪਰ ਕਦੇ ਇਹ ਨਹੀਂ ਸੋਚਿਆ, ਕਿ ਲੋਕਤੰਤਰ ਦੀ ਪਰਿਭਾਸ਼ਾ ਕਰਦਿਆਂ, ਅਮਰੀਕਾ ਦੇ ਸਵਰਗੀ ਸਾਬਕਾ ਰਾਸ਼ਟਰਪਤੀ ਅਬਰਾਹਿਮ ਲਿੰਕਨ ਨੇ ਕਿਹਾ ਸੀ, ਲੋਕਤੰਤਰੀ ਸਰਕਾਰ ਲੋਕਾਂ ਦੀ, ਲੋਕਾਂ ਦੁਆਰਾ,ਲੋਕਾਂ ਲਈ ਹੁੰਦੀ ਹੈ। ਸਮੁੱਚੀ ਲੋਕਤੰਤਰੀ ਪ੍ਰਣਾਲੀ ਦੇ ਵਿੱਚ, ਕਰਤਾ - ਧਰਤਾ ਲੋਕ ਹੀ ਹਨ। ਫਿਰ ਕਿਉਂ ਨਹੀਂ ਅਸੀਂ, ਸਾਡੀ ਚੁਣੀ ਹੋਈ ਸਰਕਾਰ ਦੁਆਰਾ ਬਣਾਈਆਂ ਇਮਾਰਤਾਂ ਦੀ ਸਾਂਭ ਸੰਭਾਲ ਕਰਦੇ। ਪਿੰਡਾਂ ਅਤੇ ਸ਼ਹਿਰਾਂ ਦੇ ਵਿੱਚ ਬਣੀਆਂ ਸਰਕਾਰੀ ਇਮਾਰਤਾਂ, ਲੋਕਾਂ ਨੂੰ ਕਦੇ ਵੀ ਆਪਣੀਆਂ ਮਹਿਸੂਸ ਨਹੀਂ ਹੋਈਆਂ। ਹਰ ਇਨਸਾਨ ਕਹੇਗਾ, ਇਹ ਤਾਂ ਸਰਕਾਰੀ ਹਨ, ਸਰਕਾਰ ਹੀ ਇਹਨਾਂ ਦੀ ਸਾਂਭ ਸੰਭਾਲ ਕਰੇ। ਭਲਿਓ, ਇਹ ਤਾਂ ਸੋਚੋ, ਸਰਕਾਰ ਵੀ ਤੁਹਾਡੀ ਹੀ ਹੈ, ਤੁਹਾਡੀਆਂ ਪਾਈਆਂ ਵੋਟਾਂ ਨਾਲ, ਸਰਕਾਰ ਬਣੀ, ਫਿਰ ਕਿਉਂ ਨਹੀਂ ਸਰਕਾਰ ਦੀਆਂ, ਬਣਾਈਆਂ ਇਮਾਰਤਾਂ ਨੂੰ, ਤੁਸੀਂ ਆਪਣੀਆਂ ਮੰਨਦੇ। ਅੱਜ ਬਹੁਤ ਸਾਰੇ ਅਦਾਰੇ, ਸਕੂਲ ਕਾਲਜ ਅਤੇ ਹਸਪਤਾਲਾਂ ਵਿੱਚ ਲੋਕੀ ਜਦੋਂ ਸ਼ਾਮ ਨੂੰ ਕੁੱਤਿਆਂ ਨੂੰ ਘੁਮਾਉਣ ਆਉਂਦੇ ਹਨ। ਤਾਂ ਮਨ ਬਹੁਤ ਦੁਖੀ ਹੁੰਦਾ ਹੈ, ਕਦੇ ਲੋਕੀ ਵਿੱਦਿਅਕ ਅਦਾਰਿਆਂ ਬਾਹਰ ਸੜਕ ਤੇ ਜਾਂਦਿਆਂ ਵੀ ਨੱਤ ਮਸਤਕ ਹੁੰਦੇ ਸਨ। ਅੱਜ ਸਾਡਾ, ਸਰਕਾਰੀ ਅਦਾਰੇ ਭਾਵ ਸਰਵਜਨਕ ਸੰਪੱਤੀ ਤੋਂ ਮੋਹ ਭੰਗ ਹੋ ਗਿਆ, ਅਜਿਹੇ ਅਦਾਰੇ ਆਪਣੀ ਹੋਣੀ ਤੇ ਹੰਜੂ ਵਹਾ ਰਹੇ ਹਨ। ਦੇਸ਼ ਆਜ਼ਾਦੀ ਤੋਂ ਬਾਅਦ, ਕੱਚੇ ਪਹੇ, ਪੱਕੇ ਹੋਏ,ਸੜਕਾਂ ਬਣੀਆਂ। ਪਰ ਜਦੋਂ ਅੱਜ ਸੜਕਾਂ ਦੀ ਹਾਲਤ ਦੇਖਦੇ ਹਾਂ, ਤਾਂ ਮਨ ਦੇ ਵਿੱਚ ਦਰਦ ਪੈਦਾ ਹੁੰਦਾ ਹੈ, ਸੜਕਾਂ ਦੇ ਇਹ ਹਾਲਾਤ ਵੇਖ ਕੇ, ਸੜਕਾਂ ਦੀ ਸਾਂਭ ਸੰਭਾਲ ਬੀਤੇ ਸਮੇਂ ਦੀ ਗੱਲ ਹੋ ਕੇ ਰਹਿ ਗਈ। ਹਾੜੀ ਦਾ ਸੀਜ਼ਨ ਚੱਲ ਰਿਹਾ ਹੈ, ਹਰ ਸਾਲ ਦੀ ਤਰ੍ਹਾਂ, ਕਣਕਾਂ ਦੀ ਰਹਿੰਦ ਖੂੰਹਦ, ਕਣਕ ਦੀਆਂ ਬੱਲੀਆਂ ਅਤੇ ਘੁੰਢੀਆਂ ਵਾਲੀ ਕਣਕ ਨੂੰ ਲੋਕੀ ਸੜਕ ਤੇ ਸੁੱਟ ਦਿੰਦੇ ਹਨ। ਉਹਨਾਂ ਦਾ ਮੰਨਣਾ ਹੈ ਕਿ ਆਉਂਦੇ ਜਾਂਦੇ ਵਾਹਨ ਕਣਕ ਦੀ ਲਤੜਾਈ ਕਰਦੇ ਹਨ। ਜਿਸ ਨਾਲ ਤੂੜੀ ਵੱਖ ਹੋ ਜਾਂਦੀ ਹੈ ਅਤੇ ਸਿਰਫ ਕਣਕ ਬਾਕੀ ਰਹਿ ਜਾਂਦੀ ਹੈ। ਸਾਫ ਹੋਈ ਕਣਕ ਨੂੰ ਉਹ ਵੇਚ ਦਿੰਦੇ ਹਨ ਜਾਂ ਕੁੱਝ ਪਸ਼ੂਆਂ ਦੇ ਲਈ ਆਟਾ ਬਣਾ ਲੈਂਦੇ ਹਨ। ਪਰ ਅਸੀਂ ਇਹ ਨਹੀਂ ਸੋਚਦੇ, ਕਿ ਜ਼ਿੰਦਗੀ ਕਿੰਨੀ ਪਿਆਰੀ ਹੈ। ਪਤਾ ਨਹੀਂ ਇਹ ਸਾਡੀ ਸੁੱਟੀ ਹੋਈ ਕਣਕ, ਕਿੰਨੇ ਘਰਾਂ ਦੇ ਰੌਸ਼ਨ ਚਿਰਾਗ ਬੁਝਾਵੇਗੀ। ਦੋ ਪਈਆ ਵਾਹਨ, ਸੜਕ ਤੇ ਕਣਕ ਕਾਰਨ,



ਬਹੁਤ ਜਲਦੀ ਆਪਣਾ ਸੰਤੁਲਨ ਗਵਾ ਲੈਂਦੇ ਹਨ। ਸਿੱਟੇ ਵਜੋਂ ਬਹੁਤ ਸਾਰੇ ਐਕਸੀਡੈਂਟ ਹੁੰਦੇ ਹਨ। ਗੱਡੀਆਂ ਅਤੇ ਕਾਰਾਂ ਵੀ ਕਣਕ ਕਾਰਨ, ਸੰਤੁਲਨ ਗਵਾਉਂਦੀਆਂ ਹਨ। ਬਹੁਤ ਸਾਰੇ ਥਾਵਾਂ ਤੇ, ਕਣਕ ਵਰਸਾ ਰਹੇ, ਲੋਕੀ ਇਹਨਾਂ ਬੱਸਾਂ ਕਾਰਾਂ ਦੀ ਲਪੇਟ ਵਿੱਚ ਆਏ ਹਨ। ਬਹੁਤ ਸਾਰੀਆਂ ਦੁਰਘਟਨਾਵਾਂ, ਸੜਕਾਂ ਤੇ ਖਿਲਰੀ ਕਣਕ ਕਾਰਨ ਹੁੰਦੀਆਂ ਹਨ। ਅਜੇ ਤੁਸੀਂ ਵੇਖਿਓ, ਜੀਰੀ ਦੇ ਸੀਜ਼ਨ ਦੇ ਵਿੱਚ, ਲੋਕੀ ਜੀਰੀ ਦੇ ਵਿੱਚੋਂ, ਜਦੋਂ ਕੱਖ ਪੁੱਟਦੇ ਹਨ, ਸਮਝ ਨਹੀਂ ਆਉਂਦੀ, ਕਿ ਕੀ ਵਿਖਾਵਾ ਕਰਦੇ ਹਨ। ਸਾਰੇ ਪੁੱਟੇ ਹੋਏ ਕੱਖ ਸੜਕ ਦੇ ਉੱਤੇ ਸੁੱਟਦੇ ਹਨ। ਇਹਨਾਂ ਕੱਖਾਂ ਦੇ ਨਾਲ, ਜੋ ਚਿਉਕਣੀ ਮਿੱਟੀ ਹੁੰਦੀ ਹੈ, ਉਸ ਉੱਤੇ ਸਕੂਟਰ ਮੋਟਰਸਾਈਕਲ ਆਪਣਾ ਸੰਤੁਲਨ ਗਵਾ ਲੈਂਦੇ ਹਨ। ਜਿਸ ਕਾਰਨ ਬਹੁਤ ਸਾਰੇ ਹਾਦਸੇ ਸਾਹਮਣੇ ਆਉਂਦੇ ਹਨ। ਦੁਰਘਟਨਾ ਤੋਂ ਬਾਅਦ, ਅਸੀਂ ਅਫਸੋਸ ਕਰਦੇ ਹਾਂ। ਪਰ ਪਹਿਲਾਂ ਇਹਨਾਂ ਛੋਟੀਆਂ ਗੱਲਾਂ ਤੇ ਧਿਆਨ ਨਹੀਂ ਦਿੰਦੇ। ਵੱਡੀ ਸੋਚ ਰੱਖ ਕੇ, ਇਹਨਾਂ ਛੋਟੇ ਲਾਲਚਾਂ ਦਾ ਤਿਆਗ ਕਰਦਿਆਂ, ਮਨੁੱਖਤਾ ਦੀ ਭਲਾਈ ਦਾ ਅਹਿਦ ਲੈਣਾ ਚਾਹੀਦਾ ਹੈ। ਸੜਕਾਂ ਦੇ ਆਲੇ ਦੁਆਲੇ, ਲੋਕ ਸੜਕਾਂ ਦਾ ਥਾਂ ਆਪਣੀ ਜਮੀਨ ਦੇ ਵਿੱਚ ਰਲਾ ਲੈਂਦੇ ਹਨ, ਜਿਸ ਕਾਰਨ, ਬਹੁਤ ਸਾਰੇ ਸੜਕੀ ਵਾਹਨ, ਸਾਈਡ ਦਿੰਦਿਆਂ, ਜਮੀਨ ਦੇ ਵਿੱਚ ਹਾਦਸਾ ਗ੍ਰਸਤ ਹੋ ਜਾਂਦੇ ਹਨ। ਪਿੰਡਾਂ ਦੇ ਵਿੱਚ ਸੜਕਾਂ ਤੇ ਲੱਗੀਆਂ ਰੂੜੀਆਂ, ਪਿੰਡ ਦੀ ਸੋਭਾ ਨਹੀਂ ਵਧਾਉਂਦੀਆਂ, ਪਿੰਡ ਦੀ ਸ਼ਾਨ ਤੇ ਧੱਬਾ ਹਨ। ਰੂੜੀਆਂ ਦੇ ਕਾਰਨ ਵੀ ਬਹੁਤ ਸਾਰੇ ਹਾਦਸੇ ਹੁੰਦੇ ਹਨ। ਪਿੰਡਾਂ ਦੇ ਵਿੱਚ ਸੜਕਾਂ ਦੇ ਕਿਨਾਰੇ ਪਾਥੀਆਂ ਪੱਥ ਦੀਆਂ ਔਰਤਾਂ, ਸੜਕ ਹਾਦਸਿਆਂ ਦਾ ਕਾਰਨ ਬਣ ਜਾਂਦੀਆਂ ਹਨ। ਸੜਕੀ ਦੁਰਘਟਨਾਵਾਂ ਦੇ ਕਾਰਨ, ਭਾਵੇਂ ਬਹੁਤ ਛੋਟੇ ਹੁੰਦੇ ਹਨ। ਪਰ ਦੁਰਘਟਨਾ ਦੇ ਨਤੀਜੇ ਬਹੁਤ ਭਿਆਨਕ ਹੁੰਦੇ ਹਨ। ਘਰ-ਵਾਰ ਬਰਬਾਦ ਹੋ ਜਾਂਦੇ ਹਨ। ਘਰਾਂ ਨੂੰ ਜਿੰਦਰੇ ਲੱਗ ਜਾਂਦੇ ਨੇ। ਫਿਰ ਅਸੀਂ ਕਿਉਂ ਨਹੀਂ ਸੋਚਦੇ, ਕਿ ਬਜ਼ੁਰਗਾਂ ਵਾਂਗੂੰ, ਅਸੀਂ ਨਿੱਜੀ ਸਵਾਰਥ ਤਿਆਗਦਿਆਂ, ਸਰਬ ਪੱਖੀ ਸੋਚ ਨੂੰ ਅਪਣਾਈਏ। ਪੁਰਾਣੇ ਬਜ਼ੁਰਗ,ਸੜਕਾਂ ਦੇ ਉੱਤੇ ਖੂਹੀਆਂ ਬਣਾਉਂਦੇ, ਸਮਾਂ ਬਦਲਿਆ ਨਲਕੇ ਲਾਉਣ ਲੱਗ ਪਏ।ਕਿ ਆਉਂਦਾ ਜਾਂਦਾ ਰਾਹੀ ਪਾਣੀ ਪੀ ਕੇ ਜਾਵੇ, ਪਿੰਡ ਦੀ ਚੰਗੀ ਤਸਵੀਰ ਮਨ ਦੇ ਵਿੱਚ ਵਸਾਵੇ। ਸੜਕਾਂ ਦੇ ਕਿਨਾਰਿਆਂ ਤੇ, ਰੁੱਖ ਲਗਾਉਂਦੇ, ਮਿੱਟੀ ਪਾਉਂਦੇ, ਸਾਰੇ ਪਿੰਡ ਦੇ ਲੋਕੀ ਇਕੱਠੇ ਹੋ ਕੇ, ਕੱਚੇ ਰਸਤੇ ਸਾਫ ਕਰਦੇ, ਕਿ ਆਉਂਦੇ ਜਾਂਦੇ ਰਾਹੀਆਂ ਨੂੰ ਕੋਈ ਦਿੱਕਤ ਨਾ ਆਵੇ। ਪਿੰਡਾਂ ਦੇ ਵਿੱਚ ਦੀ, ਜੋ ਨਹਿਰੀ ਰਜਵਾਹੇ ਅਤੇ ਨਹਿਰਾਂ ਲੰਘਦੀਆਂ। ਨਹਿਰਾਂ ਦੇ ਕਿਨਾਰੇ ਅਤੇ ਪਟੜੀਆਂ ਵੇਖਣ ਵਾਲੀਆਂ ਹੁੰਦੀਆਂ ਸਨ। ਨਹਿਰਾਂ ਦੀਆਂ ਪਟੜੀਆਂ ਪੂਰੀਆਂ ਸਾਫ, ਨਹਿਰੀ ਵਿਭਾਗ ਦੇ ਕਾਮੇ ਪਾਣੀ ਛਿੜਕਦੇ, ਨਹਿਰੀ ਪਟੜੀਆਂ ਤੇ ਸਫਰ ਕਰਨ ਦਾ ਆਪਣਾ ਹੀ ਆਨੰਦ ਸੀ। ਨਹਿਰੀ ਪਾਣੀ ਅਤੇ ਰੁੱਖ ਗੱਲਾਂ ਕਰਦੇ ਪ੍ਰਤੀਤ ਹੁੰਦੇ ਕਿਉਂਕਿ ਮਨੁੱਖ ਦੀ ਕੁਦਰਤ ਨਾਲ ਸਾਂਝ ਹੀ ਅਜਿਹੀ ਸੀ। ਆਧੁਨਿਕਤਾ ਦੇ ਯੁੱਗ ਨੇ ਮਨੁੱਖ ਦੀਆਂ ਲਾਲਸਾਵਾਂ ਨੂੰ ਪ੍ਰਬਲ ਕਰ ਦਿੱਤਾ। ਮਨੁੱਖ ਹਾਬੜਿਆਂ ਵਾਂਗੂੰ ਵਰਤਾਓ ਕਰਨ ਲੱਗੇ। ਰਾਤੋ ਰਾਤ ਅਮੀਰ ਹੋਣ ਦੇ ਸੁਪਨਿਆਂ ਨੇ, ਸੜਕਾਂ ਦੀਆਂ ਕਿਨਾਰੀਆਂ ਖਤਮ ਕਰ ਦਿੱਤੀਆਂ। ਸਾਂਝੇ ਰਸਤੇ ਆਪਣੀਆਂ ਜਮੀਨਾਂ ਦੇ ਵਿੱਚ ਵਾਹ ਲਏ। ਚੰਗੀ ਸੋਚ ਖਤਮ ਹੋਣ ਲੱਗੀ, ਲਾਲਸਾ ਵਧਣ ਲੱਗੀ। ਲਾਲਸਾ ਅਤੇ ਸਬਰ ਸੰਤੋਖ ਇੱਕ ਦੂਜੇ ਦੇ ਵਿਰੋਧੀ ਹਨ। ਅੱਜ ਸਾਡੀਆਂ ਲਾਲਸਾਵਾਂ ਬਹੁਤ ਜਿਆਦਾ ਵਧ ਰਹੀਆਂ ਹਨ, ਸਬਰ ਸੰਤੋਖ ਖਤਮ ਹੁੰਦਾ ਜਾ ਰਿਹਾ। ਜਿਸ ਦੇ ਸਿੱਟੇ, ਅੱਜ ਅਸੀਂ ਭਿਆਨਕ ਬਿਮਾਰੀਆਂ ਦੇ ਰੂਪ ਦੇ ਵਿੱਚ ਵੇਖ ਰਹੇ ਹਾਂ। ਲਾਲਚ ਦਾ ਕਦੇ ਅੰਤ ਨਹੀਂ ਹੋਇਆ, ਸਬਰ ਸੰਤੋਖ ਤੋਂ ਬਿਨਾਂ ਕੋਈ ਰੱਜਿਆ ਨਹੀਂ। ਸਾਨੂੰ ਅੱਜ ਲੋੜ ਹੈ ਚੰਗੀ ਸੋਚ ਪੈਦਾ ਕਰਨ ਦੀ, ਤਾਂ ਕਿ ਸਰਵਜਨਕ ਸੰਪੱਤੀ, ਦੀ ਅਸੀਂ ਸਾਂਭ ਸੰਭਾਲ ਕਰ ਸਕੀਏ। ਸਰਕਾਰਾਂ, ਆਪਾਂ ਨੂੰ ਇਮਾਰਤਾਂ ਬਣਾ ਕੇ ਦੇ ਸਕਦੀਆਂ ਹਨ। ਉਹਨਾਂ ਦੀ ਸਾਂਭ ਸੰਭਾਲ ਆਪਣੇ ਹੱਥ ਹੈ। ਜੇਕਰ ਅਸੀਂ, ਚੰਗੇ ਸੰਸਕਾਰ ਅਪਣਾਵਾਂਗੇ, ਤਾਂ ਇਹ ਪੱਕਾ ਨਿਸ਼ਚਾ ਹੈ, ਕਿ ਸਾਡੇ ਬੱਚੇ ਜਰੂਰ ਚੰਗੇ ਸੰਸਕਾਰ ਜ਼ਿੰਦਗੀ ਦੇ ਵਿੱਚ ਅਪਣਾਉਣ ਗੇ। ਸੋ ਅੱਜ ਛੋਟੇ ਲਾਲਚਾਂ ਅਤੇ ਸਵਾਰਥਾਂ ਨੂੰ ਛੱਡ ਕੇ, ਨੇਕ ਸੋਚ ਦੇ ਧਾਰਨੀ ਬਣੀਏ। ਦੁਨੀਆਂ ਦਾ ਮਹਾਨ ਫਿਲਾਸਫਰ ਸੁਕਰਾਤ ਲਿਖਦਾ ਹੈ, ਉਹ ਸਭ ਤੋਂ ਧਨਵਾਨ ਹੈ, ਜੋ ਥੋੜੇ ਤੋਂ ਥੋੜੇ ਨਾਲ ਵੀ ਸੰਤੁਸ਼ਟ ਹੈ, ਸੰਤੁਸ਼ਟੀ ਪ੍ਰਕਿਰਤੀ ਦੀ ਮਹਾਨ ਦੌਲਤ ਹੈ। ਅੱਜ ਸਾਨੂੰ ਸੰਤੁਸ਼ਟੀ ਜਨਕ ਜੀਵਨ ਜਿਉਣ ਦੀ ਜਰੂਰਤ ਹੈ, ਜੇਕਰ ਰੱਬ ਨੇ ਸਾਨੂੰ ਚੰਗਾ ਜੀਵਨ ਦੇ ਦਿੱਤਾ, ਤਾਂ ਉਸ ਦੇ ਵਿੱਚ ਸੰਤੁਸ਼ਟ ਹੋਵੋ। ਅੱਜ ਭਾਵੇਂ ਅਸੀਂ ਦੇਸ਼ਾਂ ਵਿਦੇਸ਼ਾਂ ਦੀਆਂ ਧਰਤੀਆਂ ਤੇ, ਜਹਾਜਾਂ ਦਾ ਸਫਰ ਕਰਕੇ ਚਲੇ ਗਏ। ਅਸੀਂ ਆਪਣੀ ਮਾਂ ਧਰਤੀ ਤੋਂ ਮੁੱਖ ਮੋੜ ਲਿਆ। ਬਾਹਰਲੇ ਦੇਸ਼ਾਂ ਦੇ ਕਾਇਦੇ ਕਾਨੂੰਨਾਂ ਦੀਆਂ ਗੱਲਾਂ ਕਰਦੇ, ਥੱਕਦੇ ਨਹੀਂ। ਪਰ ਕਦੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਹਿੰਮਤ ਨਹੀਂ ਕੀਤੀ। ਸੋ ਅੱਜ ਲੋੜ ਵੱਡੀ ਸੋਚ ਦੀ ਹੈ, ਆਪਣੀ ਨਿੱਜੀ ਜਾਇਦਾਦ ਵਾਂਗੂ, ਪੁਰਾਣੇ ਬਜ਼ੁਰਗਾਂ ਵਾਂਗ, ਸਾਂਝੀਆਂ ਥਾਵਾਂ ਦੀ ਵੀ ਸਾਂਭ ਸੰਭਾਲ ਕਰੀਏ। ਸਾਂਝੀਆਂ ਥਾਵਾਂ ਅਤੇ ਰਸਤੇ ਪਿੰਡ ਦੀ ਸ਼ਾਨ ਹਨ। ਸੋ ਰਸਤਿਆਂ ਨੂੰ ਕਿਉਂ ਨਾ ਸਾਫ ਸੁਥਰਾ ਰੱਖਿਆ ਜਾਵੇ। ਅੰਤ ਦੇ ਵਿੱਚ ਮੇਰੇ ਉਰਦੂ ਦਾ ਇੱਕ ਸ਼ੇਅਰ ਯਾਦ ਆ ਗਿਆ..



ਹਰਸੰਤ ਸਿੰਘ ਢੀਂਡਸਾ

**ਮਿਲੀ ਹਵਾਓਂ ਮੇਂ ਉਡਨੇ ਕੀ ਸਜ਼ਾ ਯਾਰੋ,**
**ਮੈਂ ਜਿਮੀ ਕੇ ਰਿਸ਼ਤੋਂ ਸੇ ਕੱਟ ਗਿਆ ਯਾਰੋਂ।**

**ਸੰਪਕ :** 98781-97000
94179-24177



# ਨਰਗਿਸ ਦੀ ਜ਼ਿੰਦਗੀ ਦੇ ਦਿਲਚਸਪ ਤੱਥ

ਭਾਰਤੀ ਸਿਨੇਮਾ ਦੀ ਦਿੱਗਜ ਅਭਿਨੇਤਰੀ ਨਰਗਿਸ ਦਾ ਜਨਮ 1 ਜੂਨ 1929 ਨੂੰ ਬੰਗਾਲ ਪ੍ਰੈਜੀਡੈਂਸੀ, ਕਲਕੱਤਾ ਵਿਖੇ ਹੋਇਆ। ਨਰਗਿਸ ਮਸ਼ਹੂਰ ਗਾਇਕਾ ਜੱਦਨਬਾਈ (1892-1949) ਦੀ ਬੇਟੀ ਸੀ। ਉਹਦੇ ਪਿਤਾ ਦਾ ਨਾਂ ਮੋਹਨ ਚੰਦ ਉੱਤਮ ਚੰਦ ਜਾਂ ਮੋਹਨ ਬਾਬੂ ਸੀ, ਜੋ ਇਸਲਾਮ ਧਰਮ ਅਪਣਾ ਕੇ ਅਬਦੁਲ ਰਸ਼ੀਦ ਬਣ ਗਏ ਸਨ। ਨਰਗਿਸ ਦਾ ਅਸਲੀ ਨਾਂ ਵੀ ਫ਼ਾਤਿਮਾ ਰਸ਼ੀਦ ਸੀ।

ਨਰਗਿਸ ਆਪਣੀ ਐਕਟਿੰਗ ਦੇ ਦਮ ਤੇ ਲੱਖਾਂ ਦਿਲਾਂ ਤੇ ਲੰਮਾ ਸਮਾਂ ਰਾਜ ਕਰਦੀ ਰਹੀ। ਉਹਨੇ ਕਈ ਫ਼ਿਲਮਾਂ ਵਿੱਚ ਆਪਣੀ ਸ਼ਾਨਦਾਰ ਅਦਾਇਗੀ ਦਾ ਲੋਹਾ ਮਨਵਾਇਆ ਅਤੇ ਹਿੰਦੀ ਸਿਨੇਮਾ ਨੂੰ ਬਹੁਤ ਸਾਰੀਆਂ ਹਿੱਟ ਫ਼ਿਲਮਾਂ ਪ੍ਰਦਾਨ ਕੀਤੀਆਂ। ਉਹ ਆਪਣੀ ਖ਼ੂਬਸੂਰਤੀ ਅਤੇ ਸਾਦਗੀ ਲਈ ਵੀ ਜਾਣੀ ਜਾਂਦੀ ਸੀ। ਉਹਨੂੰ 'ਲੇਡੀ ਇਨ ਵਾਈਟ' ਕਿਹਾ ਜਾਂਦਾ ਸੀ। ਅਸਲ ਵਿੱਚ ਉਹਦਾ 'ਫ਼ੈਸ਼ਨ ਸੈਂਸ' ਕਮਾਲ ਦਾ ਸੀ। ਉਹ ਜ਼ਿਆਦਾਤਰ ਸਫ਼ੈਦ ਰੰਗ ਦੀਆਂ ਸਾੜੀਆਂ ਪਹਿਨਣਾ ਪਸੰਦ ਕਰਦੀ ਸੀ। ਇਨ੍ਹਾਂ ਵਿੱਚ ਵੀ ਉਹ ਬੇਹੱਦ ਖ਼ੂਬਸੂਰਤ ਦਿੱਸਦੀ ਸੀ। ਇਸੇ ਵਜਾਹ ਕਰਕੇ ਉਹਨੂੰ 'ਲੇਡੀ ਇਨ ਵਾਈਟ' ਕਿਹਾ ਜਾਣ ਲੱਗ ਪਿਆ ਸੀ।

ਨਰਗਿਸ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਬਤੌਰ ਚਾਈਲਡ ਆਰਟਿਸਟ ਕੀਤੀ ਸੀ। ਜਦੋਂ ਉਹਨੇ ਸਿਨੇਮਾ 'ਚ ਕਦਮ ਧਰਿਆ ਤਾਂ ਉਹ ਸਿਰਫ਼ ਪੰਜ ਸਾਲ ਦੀ ਸੀ। ਉਹਦੀ ਪਹਿਲੀ ਫ਼?ਲਮ 'ਤਲਾਸ਼-ਏ-ਹੱਕ' (1935) ਸੀ। ਇਹ ਫ਼ਿਲਮ 'ਸੰਗੀਤ ਫਿਲਮਜ਼' ਨਾਂ ਦੀ ਪ੍ਰੋਡਕਸ਼ਨ ਕੰਪਨੀ ਵੱਲੋਂ ਜਾਰੀ ਕੀਤੀ ਗਈ ਸੀ। ਇਹ ਪ੍ਰੋਡਕਸ਼ਨ ਕੰਪਨੀ ਉਹਦੀ ਮਾਂ ਜੱਦਨਬਾਈ ਵੱਲੋਂ ਸ਼ੁਰੂ ਕੀਤੀ ਗਈ ਸੀ, ਜੋ ਭਾਰਤੀ ਫ਼?ਲਮ ਉਦਯੋਗ ਦੀ ਪਹਿਲੀ ਔਰਤ ਸੰਗੀਤ ਨਿਰਦੇਸ਼ਕਾ ਸੀ। (ਇਹ ਪ੍ਰੋਡਕਸ਼ਨ ਕੰਪਨੀ 1940 ਦੇ ਨੇੜੇ ਤੇੜੇ ਬੰਦ ਹੋ ਗਈ ਸੀ, ਕਿਉਂਕਿ ਉਸ ਸਮੇਂ ਤੱਕ ਹੋਰ ਵੱਡੇ ਪ੍ਰੋਡਕਸ਼ਨ ਹਾਊਸ ਸ਼ੁਰੂ ਹੋ ਚੁੱਕੇ ਸਨ।) ਇਸ ਫ਼?ਲਮ ਵਿੱਚ ਨਰਗਿਸ ਦੇ ਕੰਮ ਨੂੰ ਕਾਫ਼ੀ ਪਸੰਦ ਕੀਤਾ ਗਿਆ ਸੀ।

**ਨਰਗਿਸ ਪਹਿਲੀ ਵਾਰੀ ਲੀਡ ਐਕਟਰੈਸ ਵਜੋਂ 'ਤਮੰਨਾ'**

(1942) ਰਾਹੀਂ ਸਾਹਮਣੇ ਆਈ। ਉਹਦੀ ਜੁਗਲਬੰਦੀ ਹਿੰਦੀ ਫ਼?ਲਮਾਂ ਦੇ ਵੱਡੇ ਸ਼ੋਅਮੈਨ ਰਾਜਕਪੂਰ (1924-1988) ਨਾਲ ਖ਼ੂਬ ਚਰਚਿਤ ਰਹੀ। ਪਰਦੇ ਤੇ ਇਨ੍ਹਾਂ ਦੋਹਾਂ ਦੀ ਕੈਮਿਸਟਰੀ ਇੰਨੀ ਜ਼ਬਰਦਸਤ ਸੀ ਕਿ ਇਹਦਾ ਅਸਰ ਪਰਦੇ ਦੇ ਪਿੱਛੇ ਵੀ ਨਜ਼ਰ ਆਇਆ। ਫ਼ਿਲਮਾਂ ਦੇ ਨਾਲ ਨਾਲ ਨਰਗਿਸ ਅਤੇ ਰਾਜਕਪੂਰ ਦੀ ਨਿੱਜੀ ਜ਼ਿੰਦਗੀ ਬਾਰੇ ਵੀ ਕਾਫ਼ੀ ਚਰਚਾ ਹੋਈ। ਰਾਜਕਪੂਰ ਨਾਲ ਨਰਗਿਸ ਦੀ ਜੋੜੀ 40 ਦੇ ਦਹਾਕੇ ਵਿੱਚ ਬਣੀ ਸੀ ਪਰ 60 ਦਾ ਦਹਾਕਾ ਆਉਂਦੇ ਆਉਂਦੇ ਇਹ ਸੁਪਰਹਿੱਟ ਜੋੜੀ ਟੁੱਟ ਗਈ। ਰਾਜਕਪੂਰ ਅਤੇ ਨਰਗਿਸ ਦਾ ਰਿਸ਼ਤਾ ਕਰੀਬ 9 ਸਾਲ ਚੱਲਿਆ। ਦੋਵੇਂ ਸ਼ਾਦੀ ਕਰਨਾ ਚਾਹੁੰਦੇ ਸਨ ਪਰ ਰਾਜਕਪੂਰ ਪਹਿਲਾਂ ਤੋਂ ਹੀ ਸ਼ਾਦੀਸ਼ੁਦਾ ਹੋਣ ਕਰਕੇ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ।

ਰਾਜਕਪੂਰ ਨਾਲ ਰਿਸ਼ਤਾ ਟੁੱਟਣ ਪਿੱਛੋਂ ਸੁਨੀਲ ਦੱਤ (1929-2005) ਉਹਦੀ ਜ਼ਿੰਦਗੀ ਵਿੱਚ ਆਇਆ। 1957 ਵਿੱਚ ਮਹਿਬੂਬ ਖ਼ਾਨ ਦੀ 'ਮਦਰ ਇੰਡੀਆ' ਦੇ ਸੈੱਟ ਤੇ ਨਰਗਿਸ ਤੇ ਸੁਨੀਲ ਦੱਤ ਵਿੱਚ ਦੋਸਤੀ ਹੋ ਗਈ ਜੋ ਪਿਆਰ ਵਿੱਚ ਬਦਲ ਗਈ। ਸਾਲ 1958 ਵਿੱਚ ਦੋਹਾਂ ਨੇ ਸ਼ਾਦੀ ਕਰ ਲਈ। ਦੋਹਾਂ ਦੇ ਤਿੰਨ ਬੱਚੇ ਹੋਏ- ਪ੍ਰਸਿੱਧ ਅਭਿਨੇਤਾ ਸੰਜੇ ਦੱਤ, ਬੇਟੀਆਂ ਪ੍ਰਿਆ ਦੱਤ ਤੇ ਨਮਰਤਾ ਦੱਤ। ਨਰਗਿਸ ਭਾਰਤੀ ਸਿਨੇਮਾ ਦੀ ਪਹਿਲੀ ਔਰਤ ਸੀ, ਜੀਹਨੂੰ 'ਪਦਮ ਸ਼੍ਰੀ' (1958) ਨਾਲ ਨਵਾਜਿਆ ਗਿਆ। ਸਿਰਫ਼ ਇਹੋ ਨਹੀਂ, ਉਹ ਰਾਜਸਭਾ ਵਿੱਚ ਨਾਮਜ਼ਦ ਹੋਣ ਵਾਲੀ ਪਹਿਲੀ ਐਕਟਰੈਸ (1980) ਵੀ ਸੀ। ਉਹਨੇ ਹਰ ਥਾਂ ਆਪਣਾ ਨਾਂ ਬਣਾਇਆ। ਫ਼ਿਲਮ ਕਰੀਅਰ ਵਿੱਚ ਨਰਗਿਸ ਨੇ 'ਮਦਰ ਇੰਡੀਆ' ਸਮੇਤ ਕਈ ਹਿੱਟ ਫ਼ਿਲਮਾਂ ਦਿੱਤੀਆਂ, ਜਿਨ੍ਹਾਂ ਵਿੱਚ 'ਆਗ' (1948), 'ਮੇਲਾ' (1948), 'ਬਰਸਾਤ' (1949), 'ਅੰਦਾਜ਼' (1949), 'ਬਾਬੁਲ' (1950), 'ਆਵਾਰਾ' (1951), 'ਦੀਦਾਰ' (1951), 'ਆਹ' (1953), 'ਸ਼੍ਰੀ 420' (1955), 'ਚੋਰੀ ਚੋਰੀ' (1956), 'ਤ ਔਰ ਦਿਨ' (1967) ਆਦਿ ਦੇ ਨਾਂ ਉਲੇਖਯੋਗ ਹਨ। ਉਹ ਕਰੀਬ ਤਿੰਨ ਦਹਾਕੇ ਹਿੰਦੀ ਸਿਨੇਮਾ ਦੇ ਪਰਦੇ ਤੇ ਛਾਈ ਰਹੀ।

ਅਭਿਨੈ ਛੱਡਣ ਪਿੱਛੋਂ ਉਹ ਸਮਾਜਕ ਕੰਮਾਂ ਵਿੱਚ ਜੁਟ ਗਈ ਅਤੇ ਆਪਣੇ ਪਤੀ ਸੁਨੀਲ ਦੱਤ ਨਾਲ 'ਅਜੰਤਾ ਆਰਟਸ ਕਲਚਰਲ ਗਰੁਪ' ਦੀ ਸਥਾਪਨਾ ਕੀਤੀ। ਇਹ ਗਰੁਪ ਸੀਮਾਵਾਂ ਤੇ ਜਾ ਕੇ ਜਵਾਨਾਂ ਦੇ ਮਨੋਰੰਜਨ ਲਈ ਸਟੇਜ ਸ਼ੋਅ ਕਰਦਾ ਸੀ। ਇਸਤੋਂ ਬਿਨਾਂ ਉਹ 'ਸਪਾਸਟਿਕ ਸੋਸਾਇਟੀ ਆਫ਼ ਇੰਡੀਆ' ਨਾਲ ਵੀ ਸੰਬੰਧਿਤ ਰਹੀ।

ਨਰਗਿਸ ਨੂੰ ਫ਼ਿਲਮਾਂ ਵਿੱਚ ਅਭਿਨੈ ਲਈ 'ਫ਼ਿਲਮਫ਼ੇਅਰ ਸਰਵਸ੍ਰੇਸ਼ਟ ਅਭਿਨੇਤਰੀ ਪੁਰਸਕਾਰ' (1957, ਮਦਰ ਇੰਡੀਆ), 'ਸਰਵਸ੍ਰੇਸ਼ਟ ਅਭਿਨੇਤਰੀ ਪੁਰਸਕਾਰ' (1958, ਕਾਰਲੋਵੀ ਵੇਰੀ ਅੰਤਰਰਾਸ਼ਟਰੀ ਫ਼ਿਲਮ ਮਹੋਤਸਵ), 'ਸਰਵਸ੍ਰੇਸ਼ਟ ਅਭਿਨੇਤਰੀ ਪੁਰਸਕਾਰ' (1968, ਰਾਤ ਔਰ ਦਿਨ) ਆਦਿ ਪ੍ਰਾਪਤ ਹੋਏ। ਰਾਜਸਭਾ ਲਈ ਨਾਮਜ਼ਦ (1980) ਹੋਣ ਪਿੱਛੋਂ ਉਹ ਆਪਣਾ ਕਾਰਜਕਾਲ ਵੀ ਪੂਰਾ ਨਾ ਕਰ ਸਕੀ ਅਤੇ ਸਿਰਫ਼ 51 ਸਾਲ ਦੀ ਉਮਰ ਵਿੱਚ 3 ਮਈ 1981 ਨੂੰ ਕਾਲਵੱਸ ਹੋ ਗਈ।

ਉਸਦੀ ਯਾਦ ਵਿੱਚ 'ਨਰਗਿਸ ਦੱਤ ਮੈਮੋਰੀਅਲ ਕੈਂਸਰ ਫ਼ਾਊਂਡੇਸ਼ਨ' (1982) ਦੀ ਸਥਾਪਨਾ ਕੀਤੀ ਗਈ; ਮੁੰਬਈ 'ਚ ਬਾਂਦਰਾ ਵਿਖੇ ਉਹਦੇ ਨਾਂ ਤੇ ਇੱਕ ਸੜਕ ਦਾ ਨਾਂ ਰੱਖਿਆ ਗਿਆ; ਹਰ ਸਾਲ ਹੋਣ ਵਾਲੇ ਰਾਸ਼ਟਰੀ ਫ਼ਿਲਮ ਪੁਰਸਕਾਰਾਂ ਵਿੱਚ ਰਾਸ਼ਟਰੀ ਏਕਤਾ ਤੇ ਬਣੀ ਸਰਵਸ੍ਰੇਸ਼ਟ ਫ਼ਿਲਮ ਨੂੰ 'ਨਰਗਿਸ ਦੱਤ ਪੁਰਸਕਾਰ' ਦਿੱਤਾ ਜਾਂਦਾ ਹੈ।

ਅਭਿਨੈ ਦੀਆਂ ਖ਼ੂਬੀਆਂ ਦੇ ਨਾਲ-ਨਾਲ ਨਰਗਿਸ ਇੱਕ ਟੌਮਬੁਆਇ (ਮੁੰਡਿਆਂ ਵਰਗੀ ਕੁੜੀ) ਸੀ। ਉਹ ਇੱਕ ਵਧੀਆ ਤੈਰਾਕ ਵੀ ਸੀ। ਜਵਾਨੀ ਸਮੇਂ ਆਪਣੇ ਭਰਾਵਾਂ ਅਨਵਰ ਅਤੇ ਅਖਤਰ ਨਾਲ ਕ੍ਰਿਕਟ ਅਤੇ ਫੁਟਬਾਲ ਖੇਡਣਾ ਉਹਨੂੰ ਖ਼ਾਸ ਤੌਰ ਤੇ ਚੰਗਾ ਲੱਗਦਾ ਸੀ। ਉਹਨੂੰ ਆਪਣੇ ਆਸਪਾਸ ਸਟਾਰਡਮ ਚੰਗਾ ਨਹੀਂ ਸੀ ਲੱਗਦਾ। ਮੁਸਲਮਾਨ ਹੋਣ ਦੇ ਬਾਵਜੂਦ ਉਹ ਬੁਰਕਾ ਪਹਿਨਣ ਦੇ ਸਖ਼ਤ ਖਿਲਾਫ਼ ਸੀ। ਆਪਣੀ ਭਤੀਜੀ ਨੂੰ ਉਹ ਬੁਰਕਾ ਪਹਿਨਣ ਤੇ ਬਹੁਤ ਡਾਂਟਦੀ ਰਹਿੰਦੀ ਸੀ। ਸੜਕ ਤੇ ਖੜ੍ਹ ਕੇ ਚਾਟ ਵਾਲੇ ਤੋਂ ਪਾਣੀ-ਪੂਰੀ/ ਗੋਲਗੱਪੇ ਖਾਣਾ ਉਹਨੂੰ ਬਹੁਤ ਵਧੀਆ ਲੱਗਦਾ ਸੀ। ਫ਼?ਲਮੀ ਦੁਨੀਆਂ ਵਿੱਚ ਇਸ ਮਹਾਨ ਅਭਿਨੇਤਰੀ ਦਾ ਨਾਂ ਹਮੇਸ਼ਾ ਜ਼ਿੰਦਾ ਰਹੇਗਾ!



ਪ੍ਰੋ. ਨਵ ਸੰਗੀਤ ਸਿੰਘ

**ਸੰਪਰਕ :** 94176-92015

# ਸੋਮਨਾਥ : ਆਸਥਾ, ਸੰਕਲਪ ਅਤੇ ਪੁਨਰ-ਜਾਗਰਣ ਦੀ ਅਨੰਤ ਧਾਰਾ ਸੋਮਨਾਥ ਦੇ 1000 ਵਰ੍ਹੇ

**ਸੋਮਵਾਥ ਸਵਾਭਿਮਾਨ ਪਰਵ ਆਧੁਨਿਕ ਸਮਾਜ ਨੂੰ ਉਸ ਦੀਆਂ ਸੱਭਿਆਚਾਰਕ ਜੜਾਂ ਨਾਲ ਜੋੜਨ ਦੀ ਇੱਕ ਕੋਸ਼ਿਸ਼ ਹੈ। ਇਹ ਸਾਨੂੰ ਯਾਦ ਦਿਲਾਉਂਦਾ ਹੈ ਕਿ ਸੋਮਨਾਥ ਸਿਰਫ ਇੱਕ ਮੰਦਿਰ ਨਹੀਂ ਹੈ। ਇਸ ਦੀ ਅਸਲ ਸ਼ਕਤੀ ਉਨ੍ਹਾਂ ਕਦਰਾਂ-ਕੀਮਤਾਂ, ਪਰੰਪਰਾਵਾਂ ਅਤੇ ਜ਼ਿੰਮੇਵਾਰੀਆਂ ਵਿੱਚ ਹੈ, ਜਿਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਾਇਆ ਜਾਂਦਾ ਰਿਹਾ ਹੈ। ਇਸੇ ਕਾਰਨ ਅੱਜ ਸੋਮਨਾਥ ਸਿਰ.ਫ ਮੁੜ-ਤਿਆਰ ਮੰਦਿਰ ਨਹੀਂ, ਸਗੋਂ ਇੱਕ ਜੀਵੰਤ ਤੀਰਥ ਹੈ।**

**॥ ਓਮ ਨਮ: ਸ਼ਿਵਾਯ ॥**
**(ਨ ਹਨਯਤੇ ਹਨਯਮਾਨੇ ਸਰੀਰੇ)**
**(ਸਰੀਰ ਦੇ ਨਸ਼ਟ ਹੋਣ 'ਤੇ ਵੀ ਆਤਮਾ ਨਸ਼ਟ ਨਹੀਂ ਹੁੰਦੀ।)**
**-ਭਗਵਦਗੀਤਾ 2.20**

ਸ਼੍ਰੀਮਦਭਗਵਦ ਗੀਤਾ ਦੇ ਇਸ ਸ਼ਲੋਕ ਵਿੱਚ ਉੱਕਰਿਆ ਭਾਵ ਅਤੇ ਭਾਰਤੀ ਸੱਭਿਆਚਾਰ ਦੀ ਸਨਾਤਨ ਚੇਤਨਾ ਦਾ ਸਭ ਤੋਂ ਜੀਵੰਤ ਸਰੂਪ ਗੁਜਰਾਤ ਦੇ ਕਾਠੀਆਵਾੜ ਖੇਤਰ ਦੇ ਦੱਖਣੀ ਕਿਨਾਰੇ 'ਤੇ ਸਥਿਤ ਸੋਮਨਾਥ ਮੰਦਿਰ ਵਿੱਚ ਦਿਖਾਈ ਦਿੰਦਾ ਹੈ। ਬਾਰ੍ਹਾਂ ਜਯੋਤਿਰਲਿੰਗਾਂ ਵਿੱਚ ਪਹਿਲੇ ਸਥਾਨ 'ਤੇ ਮੰਨੇ ਜਾਣ ਵਾਲੇ ਸੋਮਨਾਥ ਨੇ ਇਤਿਹਾਸ ਵਿੱਚ ਕਈ ਹਮਲਿਆਂ ਅਤੇ ਤਬਾਹੀ ਨੂੰ ਝੱਲਿਆ, ਪਰੰਤੂ ਹਰ ਵਾਰ ਫਿਰ ਤੋਂ ਖੜ੍ਹਾ ਹੋਇਆ ਅਤੇ ਉਸ ਦੀ ਆਰਤੀ, ਘੰਟੀਆਂ ਅਤੇ ਸ਼ਰਧਾ ਦੇ ਸੁਰ ਕਦੇ ਰੁਕੇ ਨਹੀਂ। ਭਾਰਤੀ ਇਤਿਹਾਸ ਦੇ ਹਜ਼ਾਰਾਂ ਵਰ੍ਹ?ਆਂ ਵਿੱਚ ਸਨਾਤਨ ਧਰਮ ਨੇ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ। ਰਾਜਨੀਤਿਕ ਪਰਿਵਰਤਨ, ਹਮਲੇ ਅਤੇ ਸੱਤਾ ਪਰਿਵਰਤਨ ਦੇ ਦੌਰ ਵਿੱਚ ਮੰਦਿਰਾਂ, ਮਠਾਂ ਅਤੇ ਗਿਆਨ ਦੇ ਕੇਂਦਰਾਂ ਨੂੰ ਨੁਕਸਾਨ ਪਹੁੰਚਾਇਆ ਗਿਆ, ਉਨ੍ਹਾਂ ਦੇ ਢਾਂਚੇ ਬਦਲੇ ਗਏ ਅਤੇ ਉਨ੍ਹਾਂ ਨੂੰ ਸੁਰੱਖਿਅਤ ਰੱਖਣ ਵਾਲੀਆਂ ਵਿਵਸਥਾਵਾਂ ਵੀ ਪ੍ਰਭਾਵਿਤ ਹੋਈਆਂ। ਇਸ ਦੇ ਬਾਵਜੂਦ ਭਾਰਤੀ ਅਧਿਆਤਮਿਕ ਪਰੰਪਰਾ ਨਾ ਸਿਰਫ਼ ਜੀਵਿਤ ਰਹੀ, ਸਗੋਂ ਸਮੇਂ ਦੇ ਨਾਲ ਖੁਦ ਨੂੰ ਮੁੜ-ਸਥਾਪਿਤ ਵੀ ਕਰਦੀ ਰਹੀ। ਇਸ ਦੀ ਸਭ ਤੋਂ ਵੱਡੀ ਤਾਕਤ ਇਹੀ ਰਹੀ ਕਿ ਸੰਸਥਾਗਤ ਨੁਕਸਾਨ ਅਤੇ ਰਾਜਨੀਤਿਕ ਅਸਥਿਰਤਾ ਦੇ ਬਾਵਜੂਦ ਇਸ ਦੀ ਆਤਮਾ ਕਦੇ ਖਤਮ ਨਹੀਂ ਹੋਈ। ਪ੍ਰਾਚੀਨ ਅਤੇ ਮੱਧਕਾਲੀ ਭਾਰਤ ਵਿੱਚ ਮੰਦਿਰ ਸਿਰਫ਼ ਪੂਜਾ ਦੇ ਸਥਾਨ ਨਹੀਂ ਸਨ, ਸਗੋਂ ਆਰਥਿਕ, ਸੱਭਿਆਚਾਰਕ ਅਤੇ ਸਮਾਜਿਕ ਜੀਵਨ ਦੇ ਕੇਂਦਰ ਵੀ ਸਨ। ਰਾਜਸੱਤਾ ਨਾਲ ਉਨ੍ਹਾਂ ਦੇ ਡੂੰਘੇ ਸਬੰਧਾਂ ਦੇ ਕਾਰਨ ਉਹ ਯੁੱਧ ਅਤੇ ਸੰਘਰਸ਼ ਦੇ ਸਮੇਂ ਸਭ ਤੋਂ ਪਹਿਲੇ ਨਿਸ਼ਾਨੇ 'ਤੇ ਆਏ। ਮਹਿਮੂਦ ਗਜਨਵੀ ਦੁਆਰਾ ਸੋਮਨਾਥ 'ਤੇ ਕੀਤਾ ਗਿਆ ਹਮਲਾ ਇਤਿਹਾਸ ਦੀਆਂ ਸਭ ਤੋਂ ਚਰਚਿਤ ਘਟਨਾਵਾਂ ਵਿੱਚ ਇੱਕ ਹੈ। ਫਾਰਸੀ ਗ੍ਰੰਥਾਂ ਵਿੱਚ ਇਸ ਨੂੰ ਜਿੱਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ, ਜਦਕਿ ਭਾਰਤੀ ਪਰੰਪਰਾ ਵਿੱਚ ਇਸ ਨੂੰ ਦੁੱਖ, ਸੰਘਰਸ਼ ਅਤੇ ਮੁੜ-ਨਿਰਮਾਣ ਦੀ ਕਥਾ ਵਜੋਂ ਯਾਦ ਕੀਤਾ ਗਿਆ। ਪਰੰਤੂ ਇਤਿਹਾਸਕ ਸੱਚ ਇਹ ਹੈ ਕਿ ਸੋਮਨਾਥ ਕਦੇ ਸ਼ਰਧਾ ਤੋਂ ਲੁਪਤ ਨਹੀਂ ਹੋਇਆ। ਚਾਲੁਕਯ ਸ਼ਾਸਕਾਂ ਸਮੇਤ ਕਈ ਰਾਜਿਆਂ ਨੇ ਇਸ ਦਾ ਮੁੜ-ਨਿਰਮਾਣ ਕਰਵਾਇਆ ਅਤੇ ਇਹ ਨਿਰੰਤਰ ਆਸਥਾ ਦਾ ਕੇਂਦਰ ਬਣਿਆ ਰਿਹਾ। ਅਜਿਹੀਆਂ ਅਨੇਕਾਂ ਘਟਨਾਵਾਂ ਭਾਰਤ ਦੇ ਹੋਰ ਹਿੱਸਿਆਂ ਵਿੱਚ ਵੀ ਦੇਖਣ ਨੂੰ ਮਿਲਦੀਆਂ ਹਨ। ਸੋਮਨਾਥ ਦਾ ਇਤਿਹਾਸ ਸਿਰਫ਼ ਇੱਕ ਹਮਲੇ ਦੀ ਕਹਾਣੀ ਨਹੀਂ ਹੈ। ਪ੍ਰਾਚੀਨ ਕਾਲ ਤੋਂ ਹੀ ਪ੍ਰਭਾਸ ਪਾਟਨ ਇੱਕ ਪਵਿੱਤਰ ਤੀਰਥ ਭੂਮੀ ਰਿਹਾ ਹੈ। ਇਸ ਨੂੰ ਵੱਖ-ਵੱਖ ਗ੍ਰੰਥਾਂ ਅਤੇ ਪਰੰਪਰਾਵਾਂ ਵਿੱਚ ਪ੍ਰਭਾਸ-ਪੱਟਨ, ਸ਼ਿਵ-ਪੱਟਨ ਅਤੇ ਪ੍ਰਭਾਸ-ਤੀਰਥ ਵਰਗੇ ਨਾਮਾਂ ਨਾਲ ਜਾਣਿਆ ਗਿਆ। ਇੱਥੇ ਤਿੰਨ ਪਵਿੱਤਰ ਨਦੀਆਂ ਦਾ ਸੰਗਮ ਹੁੰਦਾ ਹੈ ਅਤੇ ਇਹੀ ਉਹ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਭਗਵਾਨ ਕ੍ਰਿਸ਼ਨ ਦੇ ਦੇਹ ਦਾ ਤਿਆਗ ਕਰਨ ਤੋਂ ਬਾਅਦ ਉਨ੍ਹਾਂ ਦਾ ਅੰਤਿਮ ਸਸਕਾਰ ਹੋਇਆ। ਨੇੜੇ ਹੀ ਵੈਰਾਗਯ ਖੇਤਰ ਅਤੇ ਗੋਪੀ ਤਲਾਬ ਮੌਜੂਦ ਹੈ, ਜਿੱਥੋਂ ਗੋਪੀ ਚੰਦਨ ਪ੍ਰਾਪਤ ਹੁੰਦਾ ਹੈ। ਇਸ ਪੂਰੇ ਖੇਤਰ ਦੀ ਯਾਤਰਾ ਨੂੰ ਭਾਰਤੀ ਤੀਰਥ ਪਰੰਪਰਾ ਵਿੱਚ ਬਹੁਤ ਪਵਿੱਤਰ ਮੰਨਿਆ ਗਿਆ ਹੈ। ਕਾਠੀਆਵਾੜ ਅਤੇ ਗੁਜਰਾਤ ਦੀਆਂ ਪ੍ਰਾਚੀਨ ਵਿਰਾਸਤਾਂ 'ਤੇ ਅਧਾਰਿਤ ਕਈ ਇਤਿਹਾਸਕ ਪੁਰਾਤੱਤਵਾਂ ਅਤੇ ਪੁਰਾਤੱਤਵ ਰਿਪੋਰਟਾਂ ਵਿੱਚ ਵੀ ਇਸ ਖੇਤਰ ਦਾ ਜ਼ਿਕਰ ਮਿਲਦਾ ਹੈ। ਸੋਮਨਾਥ ਭਾਰਤ ਦੀ ਸਮਾਵੇਸ਼ੀ ਸੱਭਿਆਚਾਰਕ ਪਰੰਪਰਾ ਦਾ ਵੀ ਪ੍ਰਤੀਕ ਹੈ। ਇਹ ਸ਼ੈਵ ਅਤੇ ਵੈਸ਼ਣਵ ਪਰੰਪਰਾਵਾਂ ਦੇ ਅਦਭੁੱਤ ਸੰਗਮ ਦਾ ਕੇਂਦਰ ਹੈ ਅਤੇ ਸਾਨੂੰ ਇਹ ਯਾਦ ਦਿਲਾਉਂਦਾ ਹੈ ਕਿ ਭਾਰਤੀ ਸੱਭਿਆਚਾਰ ਹਮੇਸ਼ਾ ਤੋਂ ਬਹੁਲਵਾਦੀ ਅਤੇ ਸਮਾਵੇਸ਼ੀ ਰਿਹਾ ਹੈ।ਸੁਤੰਤਰ ਭਾਰਤ ਵਿੱਚ ਸੋਮਨਾਥ ਦੇ ਪੁਨਰ-ਉਥਾਨ ਦਾ ਆਧੁਨਿਕ ਅਧਿਆਏ 12 ਨਵੰਬਰ 1947, ਦੀਪਾਵਲੀ ਦੇ ਦਿਨ ਸ਼ੁਰੂ ਹੋਇਆ, ਜਦੋਂ ਦੇਸ਼ ਦੇ ਪਹਿਲੇ ਉਪ-ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਸਰਦਾਰ ਵੱਲਭਭਾਈ ਪਟੇਲ ਨੇ ਇਸ ਪਵਿੱਤਰ ਸਥਾਨ ਦਾ ਦੌਰਾ ਕੀਤਾ। ਵੰਡ ਦੀ ਪੀੜਾ ਦੇ ਵਿਚਕਾਰ ਸਰਦਾਰ ਪਟੇਲ ਨੇ ਸੋਮਨਾਥ ਮੰਦਿਰ ਦੇ ਪੁਨਰ-ਉਥਾਨ ਦਾ ਸੰਕਲਪ ਲਿਆ। ਇਹ ਸਿਰਫ਼ ਇੱਕ ਮੰਦਿਰ ਦੇ ਮੁੜ-ਨਿਰਮਾਣ ਦਾ ਫੈਸਲਾ ਨਹੀਂ ਸੀ, ਸਗੋਂ ਰਾਸ਼ਟਰੀ ਚੇਤਨਾ ਨੂੰ ਮੁੜ-ਸੁਰਜੀਤ ਕਰਨ ਦੀ ਇੱਕ ਇਤਿਹਾਸਕ ਕੋਸ਼ਿਸ਼ ਸੀ। ਇਸ ਤੋਂ ਬਾਅਦ ਸੋਮਨਾਥ ਨੂੰ ਇੱਕ ਸੱਭਿਆਚਾਰਕ ਅਤੇ ਬੌਧਿਕ ਕੇਂਦਰ ਵਜੋਂ ਵਿਕਸਿਤ ਕਰਨ ਦੀ ਦਿਸ਼ਾ ਵਿੱਚ ਕੰਮ ਸ਼ੁਰੂ ਹੋਇਆ। 11 ਮਈ 1951 ਨੂੰ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜੇਂਦਰ ਪ੍ਰਸਾਦ ਦੀ ਮੌਜੂਦਗੀ ਵਿੱਚ ਸਵੇਰ ਸਮੇਂ ਸੰਪੰਨ ਹੋਈ ਪ੍ਰਾਣ-ਪ੍ਰਤਿਸ਼ਠਾ ਨੇ ਪੂਰੇ ਰਾਸ਼ਟਰ ਦੀ ਸੱਭਿਆਚਾਰਕ ਯਾਦ ਅਤੇ ਆਤਮਵਿਸ਼ਵਾਸ਼ ਨੂੰ ਨਵੀਂ ਸ਼ਕਤੀ ਪ੍ਰਦਾਨ ਕੀਤੀ। ਅੱਜ ਜਦੋਂ ਭਾਰਤ 'ਭਾਰਤ 0 2047' ਵੱਲ ਵਧ ਰਿਹਾ ਹੈ, ਤਾਂ ਸੋਮਨਾਥ ਨਾਲ ਜੁੜੀਆਂ ਇਹ ਸੱਭਿਅਤਾਗਤ ਕਦਰਾਂ-ਕੀਮਤਾਂ ਹੋਰ ਵੀ ਵਧੇਰੇ ਪ੍ਰਾਸੰਗਿਕ ਹੋ ਜਾਂਦੀਆਂ ਹਨ। ਤਕਨੀਕੀ ਤਬਦੀਲੀ ਅਤੇ ਆਲਮੀ ਅਨਿਸ਼ਚਿਤਤਾਵਾਂ ਦੇ ਇਸ ਦੌਰ ਵਿੱਚ ਭਾਰਤ ਦੁਨੀਆ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਵਿਕਾਸ ਦਾ ਅਰਥ ਦਿਆਲਤਾ ਦਾ ਤਿਆਗ ਕਰਨਾ ਨਹੀਂ ਹੈ ਅਤੇ ਸ਼ਕਤੀ ਦਾ ਅਰਥ ਸੰਜਮ ਨੂੰ ਛੱਡ ਦੇਣਾ ਨਹੀਂ ਹੈ। ਸੋਮਨਾਥ ਸਾਨੂੰ ਸਿਖਾਉਂਦਾ ਹੈ ਕਿ ਸੱਚੀ ਅਗਵਾਈ ਸਿਰਫ਼ ਸਮਰੱਥਾ ਨਾਲ ਨਹੀਂ, ਸਗੋਂ ਯਾਦ, ਸੂਝ-ਬੂਝ ਅਤੇ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਵਚਨਬੱਧਤਾ ਤੋਂ ਤਿਆਰ ਹੁੰਦੀ ਹੈ। ਇਸੇ ਦ੍ਰਿਸ਼ਟੀ ਪੱਖੋਂ "ਸੋਮਨਾਥ ਸਵਾਭਿਮਾਨ ਪਰਵ 2026-27"ਦੀ ਕਲਪਨਾ ਕੀਤੀ ਗਈ ਹੈ। ਇਹ ਸਾਲ ਭਰ ਚੱਲਣ ਵਾਲਾ ਰਾਸ਼ਟਰੀ ਆਯੋਜਨ ਸੋਮਨਾਥ ਜਯੋਤਿਰਲਿੰਗ ਦੀ ਅਧਿਆਤਮਿਕ ਸ਼ਕਤੀ, ਸੱਭਿਆਚਾਰਕ ਨਿਰੰਤਰਤਾ ਅਤੇ ਸੱਭਿਅਤਾਗਤ ਚੇਤਨਾ ਨੂੰ ਸਮਰਪਿਤ ਹੈ। ਸਦੀਆਂ ਤੱਕ ਕਈ ਵਾਰ ਤਬਾਹੀ ਝੱਲਣ ਤੋਂ ਬਾਅਦ ਵੀ ਜਿਸ ਤਰ੍ਹਾਂ ਨਾਲ ਸਮਾਜ ਦੇ ਸਮੂਹਿਕ ਸੰਕਲਪ ਨਾਲ ਸੋਮਨਾਥ ਮੁੜ ਸਥਾਪਿਤ ਹੁੰਦਾ ਰਿਹਾ, ਉਹ ਭਾਰਤ ਦੀ ਸੱਭਿਆਚਾਰਕ ਆਤਮ-ਸ਼ਕਤੀ ਅਤੇ ਰਾਸ਼ਟਰੀ ਸਵੈ-ਮਾਣ ਦੀ ਜੀਵੰਤ ਉਦਾਹਰਣ ਹੈ। ਤੋਂ



11 ਜਨਵਰੀ 2026 ਦੇ ਦਰਮਿਆਨ ਸ਼ੁਰੂ ਹੋਏ ਇਸ ਪਰਵ ਦੇ ਜ਼ਰੀਏ ਦੋ ਮਹੱਤਵਪੂਰਨ ਇਤਿਹਾਸਕ ਪੜਾਵਾਂ ਨੂੰ ਯਾਦ ਕੀਤਾ ਜਾ ਰਿਹਾ ਹੈ -1026 ਵਿੱਚ ਸੋਮਨਾਥ 'ਤੇ ਹੋਏ ਪਹਿਲੇ ਦਰਜ ਹਮਲੇ ਦੇ ਇੱਕ ਹਜ਼ਾਰ ਵਰ੍ਹ?ਆਂ ਅਤੇ ਸੁਤੰਤਰਤਾ ਤੋਂ ਬਾਅਦ 1951 ਵਿੱਚ ਮੁੜ-ਤਿਆਰ ਮੰਦਿਰ ਦੇ ਮੁੜ ਉਦਘਾਟਨ ਦੇ 75 ਵਰ੍ਹੇ। ਇਸ ਆਯੋਜਨ ਦਾ ਉਦੇਸ਼ ਸੋਮਨਾਥ ਨੂੰ ਰਾਸ਼ਟਰੀ ਏਕਤਾ, ਸੱਭਿਆਚਾਰਕ ਚੇਤਨਾ ਅਤੇ ਸਮੂਹਿਕ ਯਾਦ ਦੇ ਪ੍ਰਤੀਕ ਵਜੋਂ ਸਥਾਪਿਤ ਕਰਨਾ ਹੈ। 11 ਮਈ 2026 ਨੂੰ ਆਯੋਜਿਤ ਹੋਣ ਵਾਲੇ ਮੁੱਖ ਰਾਸ਼ਟਰੀ ਪ੍ਰੋਗਰਾਮ ਤੱਕ ਦੇਸ਼ ਭਰ ਵਿੱਚ ਯਾਤਰਾਵਾਂ, ਸੱਭਿਆਚਾਰਕ ਆਯੋਜਨ, ਸੰਵਾਦ, ਅਕਾਦਮਿਕ ਪ੍ਰੋਗਰਾਮ ਅਤੇ ਵੱਖੋ-ਵੱਖ ਜਯੋਤਿਰਲਿੰਗਾਂ, ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ, ਜ਼ਿਲ੍ਹਿਆਂ ਅਤੇ ਮੰਦਿਰਾਂ ਵਿੱਚ ਤਾਲਮੇਲ ਵਾਲੀਆਂ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਜੋ ਸ਼੍ਰੀ ਸੋਮਨਾਥ ਟਰਸਟ ਦੇ ਪ੍ਰਧਾਨ ਵੀ ਹਨ, ਸੋਮਨਾਥ ਨੇ ਇੱਕ ਪੁਨਰ-ਜਾਗਰਣ ਦਾ ਦੌਰ ਦੇਖਿਆ ਹੈ। ਪ੍ਰਸ਼ਾਸਨਿਕ ਸੁਧਾਰ, ਬੁਨਿਆਦੀ ਢਾਂਚੇ ਦੇ ਵਿਕਾਸ, ਵਿਰਾਸਤੀ ਸੰਭਾਲ ਅਤੇ ਸੱਭਿਆਚਾਰਕ ਪਹਿਲਕਦਮੀਆਂ ਨੇ ਸੋਮਨਾਥ ਨੂੰ ਇੱਕ ਜੀਵੰਤ ਅਧਿਆਤਮਿਕ ਕੇਂਦਰ ਦੇ ਰੂਪ ਵਿੱਚ ਹੋਰ ਜ਼ਿਆਦਾ ਮਜ਼ਬੂਤ ਕੀਤਾ ਹੈ। ਵਾਤਾਵਰਣ ਸੰਤੁਲਨ ਅਤੇ ਮਹਿਲਾ-ਸਸ਼ਕਤੀਕਰਣ ਅਧਾਰਿਤ ਸੇਵਾ ਪਹਿਲਕਦਮੀਆਂ ਰਾਹੀਂ ਇਹ ਦਰਸਾਇਆ ਗਿਆ ਹੈ ਕਿ ਭਾਰਤੀ ਸੱਭਿਅਤਾਗਤ ਕਦਰਾਂ-ਕੀਮਤਾਂ ਆਧੁਨਿਕ ਜ਼ਿੰਮੇਵਾਰੀਆਂ ਅਤੇ ਸਮਾਵੇਸ਼ ਦੇ ਨਾਲ ਕਿਵੇਂ ਅੱਗੇ ਵਧ ਸਕਦੀਆਂ ਹਨ। ਸੋਮਵਾਥ ਸਵਾਭਿਮਾਨ ਪਰਵ ਆਧੁਨਿਕ ਸਮਾਜ ਨੂੰ ਉਸ ਦੀਆਂ ਸੱਭਿਆਚਾਰਕ ਜੜਾਂ ਨਾਲ ਜੋੜਨ ਦੀ ਇੱਕ ਕੋਸ਼ਿਸ਼ ਹੈ। ਇਹ ਸਾਨੂੰ ਯਾਦ ਦਿਲਾਉਂਦਾ ਹੈ ਕਿ ਸੋਮਨਾਥ ਸਿਰਫ ਇੱਕ ਮੰਦਿਰ ਨਹੀਂ ਹੈ।

ਇਸ ਦੀ ਅਸਲ ਸ਼ਕਤੀ ਉਨ੍ਹਾਂ ਕਦਰਾਂ-ਕੀਮਤਾਂ, ਪਰੰਪਰਾਵਾਂ ਅਤੇ ਜ਼ਿੰਮੇਵਾਰੀਆਂ ਵਿੱਚ ਹੈ, ਜਿਨ੍ਹਾਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਾਇਆ ਜਾਂਦਾ ਰਿਹਾ ਹੈ। ਇਸੇ ਕਾਰਨ ਅੱਜ ਸੋਮਨਾਥ ਸਿਰਫ਼ ਮੁੜ-ਤਿਆਰ ਮੰਦਿਰ ਨਹੀਂ, ਸਗੋਂ ਇੱਕ ਜੀਵੰਤ ਤੀਰਥ ਹੈ। 21ਵੀਂ ਸਦੀ ਵਿੱਚ ਅੱਗੇ ਵਧ ਰਹੇ ਭਾਰਤ ਦੇ ਲਈ ਸੋਮਨਾਥ ਇੱਕ ਮਹੱਤਵਪੂਰਨ ਸੁਨੇਹਾ ਦਿੰਦਾ ਹੈ- ਕੋਈ ਵੀ ਸੱਭਿਅਤਾ ਓਦੋਂ ਮਜ਼ਬੂਤ ਰਹਿੰਦੀ ਹੈ ਜਦੋਂ ਉਹ ਆਪਣੀਆਂ ਜੜਾਂ ਨਾਲ ਜੁੜੀ ਰਹੇ, ਸਮੇਂ ਦੇ ਨਾਲ ਖੁਦ ਨੂੰ ਢਾਲਦੀ ਰਹੇ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲੇ। ਸੋਮਨਾਥ ਦੀ ਇਹ ਵਿਰਾਸਤ ਸਾਨੂੰ ਨਿਰੰਤਰ ਪ੍ਰੇਰਿਤ ਕਰਦੀ ਰਹੇ- ਉਦੇਸ਼ਪੂਰਨ ਨਿਰਮਾਣ ਕਰਨ ਲਈ, ਸੰਤੁਲਿਤ ਆਚਰਣ ਲਈ ਅਤੇ ਆਪਣੀ ਪਛਾਣ ਪ੍ਰਤੀ ਜਾਗਰੂਕ ਹੁੰਦੇ ਹੋਏ ਅੱਗੇ ਵਧਣ ਲਈ।

ਜੈ ਸੋਮਨਾਥ!
ਵੰਦੇ ਮਾਤਰਮ!

**ਗਜੇਂਦਰ ਸਿੰਘ ਸ਼ੇਖਾਵਤ**
**ਕੇਂਦਰੀ ਸੱਭਿਆਚਾਰ ਅਤੇ ਟੂਰਿਜ਼ਮ ਮੰਤਰੀ, ਭਾਰਤ ਸਰਕਾਰ**

# ਸਤਰੰਗੀ ਪੀਂਘ ਵਰਗਾ ਲੋਕ ਕਵੀ ਬਾਬੂ ਰਜਬ ਅਲੀ



ਮਾਲਵਾ ਦੇਸ਼ ਸ਼ਬਦ ਤੁਹਾਨੂੰ ਭਾਵੇਂ ਓਪਰਾ ਲੱਗੇ, ਪਰ ਇਸ ਖਿੱਤੇ ਦੀ ਨਿਵੇਕਲੀ ਕਾਵਿ ਪਰੰਪਰਾ ਦੇ ਇਤਿਹਾਸ ਵਿੱਚ ਇਸ ਧਰਤੀ ਨੂੰ ਦੇਸ਼ ਦਾ ਨਾਮ ਹੀ ਪੁਰਖਿਆ ਨੇ ਦਿੱਤਾ ਹੈ। 'ਜੰਗਲ ਦੇਸ਼ ਨਾ ਵਿਆਹੀਂ ਮੇਰੀ ਮਾਂ' ਵਾਲਾ ਰੁਦਨ ਕਰਨ ਵਾਲੀ ਧੀ ਅਤੇ ਉਸ ਧੀ ਦੇ ਵੀਰਾਂ, ਬਾਬੁਲਾਂ ਦੀ ਵੇਦਨਾ ਨੂੰ ਇਥੋਂ ਦੀ ਲੋਕ ਕਾਵਿ ਪਰੰਪਰਾ ਵਿੱਚੋਂ ਸਭ ਤੋਂ ਖ਼ੂਬਸੂਰਤ ਢੰਗ ਨਾਲ ਕਵੀਸ਼ਰੀ ਨੇ ਸੰਭਾਲਿਆ ਹੈ। ਮਾਲਵੇ ਦੀ ਕਵੀਸ਼ਰੀ ਪਰੰਪਰਾ ਬਾਰੇ ਜਾਣਕਾਰੀ ਗ੍ਰਹਿਣ ਕਰਦਿਆਂ ਮੈਨੂੰ ਹਰ ਵਾਰ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਮੈਂ ਬੱਦਲ ਵਰ੍ਹਨ ਮਗਰੋਂ ਅੰਬਰੀਂ ਪਈ ਸਤਰੰਗੀ ਪੀਂਘ ਨੂੰ ਨਿਹਾਰ ਰਿਹਾ ਹੋਵਾਂ। ਕਵੀਸ਼ਰੀ ਚਾਹੇ ਮਹਿਰਾਜ਼ ਵਾਲੇ ਭਾਈ ਭਗਵਾਨ ਸਿੰਘ ਦੀ ਹੋਵੇ ਜਾਂ ਕਰਨੈਲ ਸਿੰਘ ਪਾਰਸ ਰਾਮੂਵਾਲੀਏ ਦੀ, ਕਿਸ਼ੋਰ ਚੰਦ ਬੱਦੋਵਾਲੀਏ ਦੀ ਕਿੱਸਾਕਾਰੀ ਦੇ ਸਮਾਨ-ਅੰਤਰ ਤੁਰਦੀ ਬਾਬੂ ਰਜਬ ਅਲੀ ਦੀ ਕਵੀਸ਼ਰੀ, ਮੈਨੂੰ ਹਮੇਸ਼ਾ ਮੰਤਰ ਮੁਗਧ ਕਰਦੀ ਰਹੀ ਹੈ। ਬਾਬੂ ਰਜਬ ਅਲੀ ਲੰਮਾ ਸਮਾਂ ਜਗਰਾਉਂ ਨੇੜੇ ਅਖਾੜਾ ਪਿੰਡ ਵੱਲ ਜਾਂਦੇ ਪੁਲ ਨੇੜਲੀ ਕੋਠੀ ਵਿੱਚ ਰਿਹਾ ਹੈ। ਮੇਰਾ ਸੁਝਾਅ ਹੈ ਕਿ ਅਖਾੜਾ ਨੇੜੇ ਬਣੇ ਪੁਲ ਨੂੰ "ਬਾਬੂ ਰਜਬ ਅਲੀ ਪੁਲ ਦਾ ਨਾਮ ਦੇ ਦਿੱਤਾ ਜਾਵੇ। ਲੱਗ ਪਗ ਦੋ ਸਾਲ ਪਹਿਲਾਂ ਜਗਰਾਉਂ ਦੀ ਵਿਧਾਇਕ ਸਰਬਜੀਤ ਕੌਰ ਮਾਣੂੰਕੇ ਤੇ ਇਸ ਪੁਲ ਦੀ ਉਸਾਰੀ ਕਰਵਾ ਰਹੇ ਇੰਜਨੀਅਰ ਤੇ ਪੰਜਾਬੀ ਕਵੀ ਸਹਿਜਪ੍ਰੀਤ ਸਿੰਘ ਮਾਂਗਟ ਨੂੰ ਬੇਨਤੀ ਕੀਤੀ ਸੀ ਕਿ ਪੰਜਾਬ ਸਰਕਾਰ ਤੋਂ ਰਸਮੀ ਪ੍ਰਵਾਨਗੀ ਲੈਣੀ ਚਾਹੀਦੀ ਹੈ। ਸਰਬਜੀਤ ਨੇ ਹਾਮੀ ਤਾਂ ਭਰੀ ਸੀ, ਸ਼ਾਇਦ ਪ੍ਰਵਾਨਗੀ ਲੈ ਹੀ ਲਈ ਹੋਵੇ। ਬਾਬੂ ਰਜਬ ਅਲੀ ਸਾਰੀ ਉਮਰ ਕਵਿਤਾ ਰਾਹੀਂ ਮਨ ਤੋਂ ਮਨ ਤੀਕ ਅਣਦਿਸਦੇ ਪੁਲ ਹੀ ਤਾਂ ਉਸਾਰਦਾ ਰਿਹਾ। ਬਾਬੂ ਰਜਬ ਅਲੀ ਦੀ ਸ਼ਾਇਰੀ ਤੋਂ ਮੈਂ 1973 ਵਿੱਚ ਪਹਿਲੀ ਵਾਰ ਵਾਕਿਫ ਹੋਇਆ ਸਾਂ। ਲੁਧਿਆਣੇ ਰਹਿੰਦੇ ਵਿਦਵਾਨ ਡਾ. ਆਤਮ ਹਮਰਾਹੀ ਅਤੇ ਕੋਟ ਕਪੂਰੇ ਵਾਲੇ ਵੀਰ ਡਾ. ਰੁਲੀਆ ਸਿੰਘ ਸਿੱਧੂ ਦੇ ਸਾਂਝੇ ਯਤਨਾਂ ਸਦਕਾ ਗੁਰਦੇਵ ਸਿੰਘ ਸਾਹੋਕੇ ਵਾਲਿਆਂ ਦੇ ਕਵੀਸ਼ਰੀ ਜਥੇ ਪਾਸੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਅੰਮ੍ਰਿਤਸਰ ਵਿੱਚ ਬਾਬੂ ਰਜਬ ਅਲੀ ਦੀ ਲਿਖੀ ਕਵੀਸ਼ਰੀ ਨੇ ਵੰਨ-ਸੁਵੰਨੇ ਰੰਗ ਪੇਸ਼ ਕੀਤੇ। ਪੰਜਾਬ ਦੇ ਮੁੱਖ ਮੰਤਰੀ ਵਜੋਂ ਗਿਆਨੀ ਜ਼ੈਲ ਸਿੰਘ ਅਤੇ ਉਘੇ ਵਿਦਵਾਨ ਡਾ. ਅਤਰ ਸਿੰਘ ਵਿੱਚ ਪਾਕਿਸਤਾਨ ਫੇਰੀ ਦੌਰਾਨ ਬਾਬੂ ਰਜਬ ਅਲੀ ਨੂੰ ਮਿਲੇ। ਕੁਝ ਮਹੀਨਿਆਂ ਬਾਅਦ ਰਜਬ ਅਲੀ ਸਾਨੂੰ ਅਲਵਿਦਾ ਕਹਿ ਗਏ। 'ਕੋਈ ਦੇਸ਼ ਪੰਜਾਬੋਂ ਸੋਹਣਾ ਨਾ' ਲਿਖਣ ਵਾਲਾ ਬਾਬੂ ਰਜਬ ਅਲੀ ਆਪਣੇ ਪੰਜਾਬ ਦੀ ਹੱਦ ਮਾਲਵਾ ਦੇਸ਼ ਨੂੰ ਹੀ ਮੰਨਦਾ ਹੈ, ਕਿਉਂਕਿ ਨਹਿਰੀ ਮਹਿਕਮੇ ਦੀ ਮੁਲਾਜ਼ਮਤ ਕਰਦਿਆਂ ਉਹ ਇਸ ਧਰਤੀ ਦੇ ਚੱਪੇ-ਚੱਪੇ ਦਾ ਜਾਣੂੰ ਹੋ ਗਿਆ ਸੀ। ਇਥੋਂ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਭਾਈਚਾਰਕ ਮਰਿਆਦਾ ਬਾਰੇ ਉਸ ਦੀਆਂ ਬਾਰੀਕ-ਬੀਨੀ ਵਾਲੀਆਂ ਟਿੱਪਣੀਆਂ ਉਸ ਦੇ ਕਲਾਮ ਵਿੱਚੋ ਲੱਭੀਆਂ ਜਾ ਸਕਦੀਆਂ ਹਨ। ਭਾਸ਼ਾ ਵਿਭਾਗ ਪੰਜਾਬ ਨੇ ਬਾਬੂ ਰਜਬ ਅਲੀ ਦਾ ਚੋਣਵਾਂ ਕਲਾਮ ਛਾਪਿਆ ਹੈ ਅਤੇ ਡਾ. ਆਤਮ ਹਮਰਾਹੀ ਨੇ ਵੀ ਬਾਬੂ ਰਜਬ ਅਲੀ ਦੇ ਕਲਾਮ ਨੂੰ ਸੰਪਾਦਤ ਕੀਤਾ ਹੈ। ਹੁਣ ਪਿਛਲੇ ਕੁਝ ਸਾਲਾਂ ਤੋਂ ਪੱਕਾ ਕਲਾਂ ਦੇ ਵਸਨੀਕ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਬਾਬੂ ਰਜਬ ਅਲੀ ਦੇ ਕਲਾਮ ਨੂੰ ਸੰਪਾਦਤ ਕਰਨ ਦਾ ਬੀੜਾ ਚੁੱਕਿਆ ਹੈ। ਸੰਗਮ ਪਬਲੀਕੇਸ਼ਨ ਸਮਾਣਾ ਵੱਲੋਂ ਹੁਣ ਤੀਕ ਉਹ ਰੰਗੀਲਾ ਰਜਬ ਅਲੀ, ਬਾਬੂ ਰਜਬ ਅਲੀ ਦੇ ਕਿੱਸੇ, ਦਸਮੇਸ਼ ਮਹਿਮਾ, ਅਣਖੀਲਾ ਰਜਬ ਅਲੀ, ਅਨਮੋਲ ਰਜਬ ਅਲੀ, ਅਨੋਖਾ ਰਜਬ ਅਲੀ, ਅਨੂਠਾ ਰਜਬ ਅਲੀ ਅਤੇ ਅਲਬੇਲਾ ਰਜਬ ਅਲੀ ਨਾਂ ਦੀਆਂ ਕਿਤਾਬਾਂ ਸੰਪਾਦਿਤ ਕਰ ਚੁੱਕਾ ਹੈ। ਰਜਬ ਅਲੀ ਦੇ ਕਲਾਮ ਦਾ ਇਕ ਹੋਰ ਸੰਗ੍ਰਹਿ ਕਵੀਸ਼ਰ ਸੁਖਵਿੰਦਰ ਸਿੰਘ ਸੁਤੰਤਰ ਨੇ ਤਿਆਰ ਕੀਤਾ ਹੈ। ਇਸ ਵਿੱਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ, ਕਿੱਸਾ ਜੰਗ ਮਹਾਂਭਾਰਤ, ਬਹਾਦਰੀ ਕਿੱਸਾ ਬੀਬੀ ਹਰਨਾਮ ਕੌਰ, ਕਿੱਸਾ ਹਰਫੂਲ ਸਿੰਘ ਸੂਰਮਾ, ਕਿੱਸਾ ਕਲੀਆਂ ਵਾਲੀ ਹੀਰ ਸ਼ਾਮਲ ਹਨ। ਬਾਬੂ ਰਜਬ ਅਲੀ ਇਨ੍ਹਾਂ ਪ੍ਰਸੰਗਾਂ ਨੂੰ ਪੇਸ਼ ਕਰਨ ਲੱਗਾ ਲੋਕ ਧਾਰਾ ਦਾ ਪੱਲਾ ਨਹੀਂ ਛੱਡਦਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਪ੍ਰਸੰਗ ਲਿਖਣ ਲੱਗਿਆਂ ਉਹ ਲੋਕ ਧਾਰਾਈ ਹਵਾਲਿਆਂ ਨੂੰ ਮਾਹੌਲ ਉਸਾਰਨ ਵਿੱਚ ਖੂਬ ਵਰਤਦਾ ਹੈ। ਦੂਸਰੇ ਹੀ ਬੰਦ ਵਿੱਚ ਉਸ ਦਾ ਅੰਦਾਜ਼ ਵੇਖੋ :

**ਚੰਦੂ ਮਗਰ ਹਕੂਮਤ ਤੇ ਅਫਰੇਵਾਂ ਧਨ ਦਾ ਹੈ।**
**ਗੁਰ ਨੂੰ ਦੱਸਦਾ ਮੋਰੀ ਆਪ ਚੁਬਾਰਾ ਬਣਦਾ ਹੈ।**
**ਛੱਡ ਕੇ ਮੰਗ ਫਰਜ਼ੰਦ ਦੀ ਬਹੁਤੀ ਕਰੀ ਦਲੇਰੀ ਗਏ।**
**ਤਪਦੀ ਤਵੀ ਤੇ ਗੁਰੂ ਅਰਜਨ ਬਹਿ ਕੇ ਮਾਲਾ ਫੇਰੀ ਗਏ।**
**ਕੇਸੀਂ ਗਰਮ ਬਰੇਤੀ ਗੇਰਨ ਸਿਖ਼ਰ ਦੁਪੈਰਿਆਂ ਨੂੰ।**
**ਦਿਲ ਠਰਦਾ ਹਿੱਕ ਤਪਦੀ ਲੱਗਦਾ ਸੇਕ ਮੁਛੈਰਿਆਂ ਨੂੰ।**
**ਬਲਿਹਾਰੇ ਹਿੱਕ ਕੱਢ ਕੇ ਰੋਕੀ ਜ਼ੁਲਮ ਹਨੇਰੀ ਗਏ।**
**ਤਪਦੀ ਤਵੀ ਤੇ ਗੁਰ ਅਰਜਨ ਬਹਿ ਮਾਲਾ ਫੇਰੀ ਗਏ।**

ਬਾਬੂ ਰਜਬ ਅਲੀ ਇਹ ਲਿਖਦਿਆਂ ਭੁੱਲ ਭੁਲਾ ਜਾਂਦਾ ਹੈ ਕਿ ਉਹ ਇਸਲਾਮੀ ਘਰ ਵਿੱਚ ਜੰਮਿਆ ਜਾਇਆ ਹੈ। ਅਸਲ ਵਿੱਚ ਇਸਲਾਮ ਜਾਂ ਧਰਮ ਦੀ ਗਰਮੀ ਦਾ ਉਦੋਂ ਅਜੇ ਬਹੁਤਾ ਬੁਖਾਰ ਹੀ ਨਹੀਂ ਸੀ ਹੁੰਦਾ, ਜਿਨ੍ਹਾਂ ਵਕਤਾਂ ਵਿੱਚ ਇਤਿਹਾਸ ਦੇ ਰੂ-ਬਰੂ ਖਲੋ ਕੇ ਬਾਬੂ ਰਜਬ ਅਲੀ ਨੇ ਇਹ ਕਿੱਸਾ ਲਿਖਿਆ। ਦੇਸ਼ ਦੀ ਵੰਡ ਤੋਂ ਪਹਿਲਾਂ ਹਿੰਦੂ, ਮੁਸਲਿਮ, ਸਿੱਖ ਈਸਾਈ ਲਈ ਤੀਸਰੀ ਜਾਤ ਗੋਰਾ ਫਰੰਗੀ ਸੀ। ਉਹ ਹੀ ਦੁਸ਼ਮਣ ਸੀ ਅਤੇ ਉਸ ਦੇ ਖਿਲਾਫ ਲੜਦੇ ਸੂਰਮਿਆਂ ਸ਼ਹੀਦ ਭਗਤ ਸਿੰਘ ਵਰਗਿਆਂ ਦੀਆਂ ਸ਼ਹੀਦੀਆਂ ਦੇ ਪ੍ਰਸੰਗ ਬਾਬੂ ਰਜਬ ਅਲੀ ਦੀ ਕਲਮ ਨੇ ਲਿਖੇ। ਆਪਣੇ ਸਮਕਾਲੀ ਦੇਸ਼ ਭਗਤੀ ਵਾਲੇ ਮਾਹੌਲ ਦੇ ਪੜੁੱਲ ਤੇ ਖਲੋ ਕੇ ਉਹ ਇਤਿਹਾਸ ਵੱਲ ਦੇਖਦਾ ਹੈ ਤਾਂ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਸ ਨੂੰ ਇਹ ਪ੍ਰੇਰਨਾ ਦਿੰਦੀ ਕਿ ਉਹ ਇਸ ਨੂੰ ਆਪਣੀ ਲਿਖਤ ਦਾ ਆਧਾਰ ਬਣਾਵੇ। ਛੰਦਾਬੰਦੀ ਦੇ ਵੰਨ-ਸੁਵੰਨੇ ਪ੍ਰਬੰਧ ਦੀ ਸਿਖਰਲੀ ਲਿਆਕਤ ਦਾ ਸਵਾਮੀ ਹੋਣ ਸਦਕਾ ਵੰਨ ਸੁਵੰਨਤਾ ਅਤੇ ਅਨੁਭਵ ਪ੍ਰਗਟਾਵਾ ਉਸ ਦੀ ਸ਼ਾਇਰੀ ਨੂੰ ਚਾਰ ਚੰਨ ਲਾਉਂਦੇ ਹਨ। ਇਹੀ ਕਾਰਨ ਹੈ ਕਿ ਮਾਲਵਾ ਦੇਸ਼ ਵਿੱਚ ਅੱਜ ਵੀ ਬਾਬੂ ਰਜਬ ਅਲੀ ਦਾ ਕਲਾਮ ਗਾਉਣ ਵਾਲੇ ਕਵੀਸ਼ਰਾਂ ਦੀ ਗਿਣਤੀ ਤੋਂ ਵੱਧ ਹੋਵੇਗੀ। ਬਾਬੂ ਰਜਬ ਅਲੀ ਦੇ ਗੀਤਾਂ ਨੂੰ ਮੁਹੰਮਦ ਸਦੀਕ ਵਰਗੇ ਪਰਪੱਕ ਗਵੱਈਆਂ ਨੇ ਵੀ ਗਾਇਆ ਅਤੇ ਸਤਿੰਦਰ ਸਰਤਾਜ ਵਰਗੇ ਅਸਲੋਂ ਨਵੇਂ ਸੁਰੀਲੇ ਪੁੱਤਰਾਂ ਨੇ ਵੀ। ਕਿੱਸਾ ਜੰਗ ਮਹਾਂਭਾਰਤ ਦਾ ਲਿਖਣ ਵੇਲੇ ਵੀ ਬਾਬੂ ਰਜਬ ਅਲੀ ਸਾਨੂੰ ਪੰਜਾਬ ਦੀ ਮਿੱਟੀ ਦੇ ਕਣ ਕਣ ਨਾਲ ਵਾਕਿਫ ਕਰਵਾਉਂਦਾ ਹੈ। ਇਤਿਹਾਸ ਦੇ ਪੁਰਾਤਨ ਪੱਤਰੇ ਫੋਲਦਿਆਂ ਉਹ ਸਾਨੂੰ ਇੰਝ ਵਾਰਤਾ ਸੁਣਾਉਂਦਾ ਹੈ, ਜਿਵੇਂ ਸਾਰਾ ਕੁਝ ਸਾਡੇ ਸਾਹਮਣੇ ਵਾਪਰਦਾ ਹੋਵੇ ਜਾਂ ਮਹਾਂਭਾਰਤ ਦੀ ਜੰਗ ਵੇਲੇ ਬਾਬੂ ਰਜਬ ਅਲੀ ਕੁਰੂਕਸ਼ੇਤਰ ਦੇ ਮੈਦਾਨ ਵਿੱਚ ਖੁਦ ਹਾਜ਼ਰ ਹੋਵੇ। ਹਵਾਲੇ ਵਜੋਂ ਇਹ ਸਤਰਾਂ ਵੇਖੋ :

**ਕਹਿਣ ਲੱਗੇ ਮਾਪਿਆਂ ਨੂੰ ਵਿਆਹ ਕੇ ਡੋਬਤੀ।**
**ਪਾਂਡੋ ਬਲੀ ਲੈਗੇ ਜਿੱਤ ਕੇ ਦਰੋਪਤੀ।**
**ਭੀਸ਼ਮ ਪਿਤਾਮਾ ਨੇ ਮੰਗਾ ਕੇ ਪੋਤਿਆਂ ਨੂੰ।**
**ਮੇਵੇ ਵੰਡੇ ਰੋੜਾਂ ਤੋਂ ਉਠਾ ਕੇ ਤੋਤਿਆਂ ਨੂੰ।**
**ਅੱਧ ਰਾਜ ਵੰਡਤਾ ਧਰਿੱਤ ਤਾਏ ਜੀ।**
**ਦੁੱਖ-ਸੁੱਖ ਕਰਦੇ ਭਰਾ ਦੇ ਜਾਏ ਜੀ।**
**ਅਜੇ ਖੜ੍ਹੀ ਪਾਂਡੋ ਦੀ ਨਿਸ਼ਾਨੀ ਠੀਕ ਹੈ।**
**ਇੰਦਰ ਪ੍ਰਸਤ ਦਿੱਲੀ ਦੇ ਨਜ਼ੀਕ ਹੈ।**
**ਕੰਧ ਨਾਲ ਵੱਜਿਆ ਤੜੱਕ ਮੱਥਾ ਜੀ।**
**ਪੱਕੀ ਕੰਧ ਮੱਥੇ 'ਚੋਂ ਚਟਾਕ ਲੱਥਾ ਜੀ।**
**ਆਖਦੀ ਦਰੋਪਤੀ ਕਰੇ ਕੀ ਅੰਧਾ ਜੀ।**
**ਕੰਧੀਂ ਮਾਰੇ ਟੱਕਰਾਂ ਸਦਾਈ ਬੰਦਾ ਜੀ।**
.. ਅੱਗੇ ਪੜ੍ਹੋ

ਬਾਬੂ ਰਜਬ ਅਲੀ ਕੋਲ ਸ਼ਬਦ ਸ਼ਕਤੀ ਦਾ ਅਥਾਹ ਭੰਡਾਰ ਹੈ। ਇਸ ਨੂੰ ਉਸ ਨੇ ਕਿਤਾਬਾਂ ਵਿੱਚੋਂ ਗ੍ਰਹਿਣ ਨਹੀਂ ਕੀਤਾ, ਸਗੋਂ ਲੋਕ ਵੇਦ ਵਿੱਚੋਂ ਪੜਿ੍ਹਆ ਹੈ। ਇਸੇ ਕਰ ਕੇ ਸ਼ਬਦ ਉਸ ਦੀ ਅਰਦਲ ਵਿੱਚ ਅਰਜ਼ਮੰਦਾਂ ਵਾਂਗ ਆਣ ਖੜੋਂਦੇ ਹਨ। ਉਹ ਸਥਾਨਿਕ ਨਾਇਕਾਂ ਬੀਬੀ ਹਰਨਾਮ ਕੌਰ ਦੀ ਬਹਾਦਰੀ ਅਤੇ ਹਰਫੂਲ ਸਿੰਘ ਸੂਰਮੇ ਦੀ ਵਾਰਤਾ ਲਿਖਣ ਵੇਲੇ ਵੀ ਲੋਕ ਵੇਦ ਦੇ ਹਵਾਲਿਆਂ ਤੋਂ ਮੁਕਤ ਨਹੀਂ ਹੁੰਦਾ। ਹਰਨਾਮ ਕੌਰ ਦੀ ਵੀਰਤਾ ਦੀ ਕਹਾਣੀ ਬਾਬੂ ਰਜਬ ਅਲੀ ਦੀ ਜ਼ੁਬਾਨੀ ਸੁਣੋ :

**ਸੁਣੀਂਦਾ ਪੰਜਾਬ 'ਚੋਂ ਲੜਾਕਾ ਮਾਲਵਾ**
**ਏਥੇ ਮਾਵਾਂ ਲੈਣ ਬੱਚਿਆਂ ਨੂੰ ਪਾਲ ਵਾਹ**
**ਕਾਕੀ ਹਰਨਾਮੀ ਜੰਮੀਂ ਇਨ੍ਹਾਂ ਝਾੜਾਂ ਦੀ**
**ਮਰਨੋਂ ਡਰੇਂ ਨਾ ਵੰਸ਼ਜ ਬਰਾੜਾਂ ਦੀ**

ਇਸ ਧਰਤੀ ਦੀਆਂ ਧੀਆਂ ਦੀ ਵੀਰਤਾ ਨੂੰ ਵਰਨਣ ਕਰਨ ਲੱਗਾ ਉਹ ਇਸ ਗੱਲ ਨੂੰ ਕਦੀ ਨਹੀਂ ਵਿਸਾਰਦਾ ਕਿ ਉਹ ਵੀਰਤਾ ਦੀ ਗਾਥਾ ਕਹਿ ਰਿਹਾ ਹੈ, ਕਿਸੇ ਔਰਤ ਦੀ ਕਹਾਣੀ ਨਹੀਂ ਬਿਆਨ ਰਿਹਾ। ਸ਼ਾਇਦ ਇਸੇ ਕਰਕੇ ਡਾਕੂ ਲੁਟੇਰਿਆਂ ਦੀ ਨਫਰਤ ਅਤੇ ਦਲੇਰ ਧੀ ਲਈ ਆਦਰ ਮਾਣ ਦਾ ਮਾਹੌਲ ਉਸਾਰਦਾ ਹੈ। ਜੰਗਲ ਦੇਸ਼ ਮਾਲਵੇ ਦੀ ਬਹਾਦਰੀ ਦਾ ਇਹ ਕਿਣਕਾ ਸਾਡੇ ਸਾਹਮਣੇ ਔਰਤ ਨੂੰ ਬਲਵਾਨ ਹਿੱਸੇ ਵਜੋਂ ਪੇਸ਼ ਕਰਦਾ ਹੈ। ਇਹ ਉਹੀ ਧਰਤੀ ਹੈ, ਜਿਥੇ ਕਦੀ ਮਾਈ ਭਾਗੋ ਨੇ ਆਪਣੇ ਭਰਾਵਾਂ ਤੇ ਪੁੱਤਰਾਂ ਨੂੰ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਥ ਛੱਡਣ ਤੇ ਵੰਗਾਰਿਆ ਸੀ। ਹਰਫੂਲ ਸੂਰਮੇ ਦੀ ਵਾਰਤਾ ਕਹਿਣ ਲੱਗਾ ਵੀ ਉਹ ਲੋਕ ਮੁਹਾਵਰੇ ਨੂੰ ਇਸ ਤਰ੍ਹਾਂ ਵਰਤਦਾ ਹੈ, ਜਿਵੇਂ ਵਿਰਸੇ ਦੀਆਂ ਅਨਮੋਲ ਸ਼ਬਦ ਲੜੀਆਂ ਉਸ ਦੀ ਲਿਖਤ ਨੂੰ ਉਡੀਕ ਰਹੀਆਂ ਹੋਣ। ਵੱਖ-ਵੱਖ ਛੰਦ ਘਟਨਾਵਾਂ ਮੁਤਾਬਕ ਤਬਦੀਲ ਹੁੰਦੇ ਹਨ। ਮਨੋਹਰ ਭਵਾਨੀ ਛੰਦ ਮੇਰੀ ਚੇਤਨਾ ਵਿੱਚ ਪਹਿਲਾਂ ਕਦੇ ਨਹੀਂ ਸੀ ਆਇਆ। ਜੇ ਮੈਂ ਭੁੱਲਦਾ ਨਾ ਹੋਵਾਂ ਤਾਂ ਬਾਬੂ ਰਜਬ ਅਲੀ ਤੋਂ ਬਿਨਾਂ ਕਿਸੇ ਵੀ ਹੋਰ ਨੇ ਇਸ ਛੰਦ ਦੀ ਏਨੀ ਭਰਵੀਂ ਵਰਤੋਂ ਨਹੀਂ ਕੀਤੀ :

**ਪੀਲ਼ੀ ਹਲਦੀ ਤੋਂ ਕੀਤੀ,**
**ਦੁੱਖ ਦਰਜੀ ਨੇ ਸੀਤੀ, ਰੱਤ ਹਉਕਿਆਂ ਨੇ ਪੀਤੀ,**
**ਸੰਸਿਆਂ ਨੇ ਮਾਰਤੀ।**
**ਘੜੀ-ਘੜੀ ਸੌ-ਸੌ ਸਾਲ ਦੀ ਗੁਜ਼ਾਰਤੀ।**

ਦਿਲੀ ਮੁੱਦਤਾਂ ਤੋਂ ਤਾਂਘਾਂ, ਉਚੀ-ਉਚੀ ਮਾਰੇ ਚਾਂਗਾਂ, ਵੱਜੀਆਂ ਵੈਰਾਗ ਸਾਂਗਾਂ, ਕੋਮਲ ਸਰੀਰ ਦੇ । ਤੇਜੋ ਗਲ਼ੂ ਚਿੰਬੜੀ ਡਡਿਆਕੇ ਵੀਰ ਦੇ। ਏਨਾ ਸੁੱਚਾ ਸੁਥਰਾ ਤੇ ਸੰਜਮੀ ਅਨੁਭਵ ਪ੍ਰਗਟਾਅ ਵਿਰਲੇ ਸ਼ਾਇਰਾਂ ਨੂੰ ਨਸੀਬ ਹੁੰਦਾ ਹੈ। ਬਾਬੂ ਰਜਬ ਅਲੀ ਸ਼ਬਦਾਂ ਨੂੰ ਰੰਗਾਂ ਵਾਂਗ ਵਰਤਦਾ ਹੈ। ਵੱਖ-ਵੱਖ ਰੰਗਾਂ ਵਿੱਚੋਂ ਚਿਹਰੇ ਉਘਾੜਦਾ ਹੈ। ਰੰਗਾਂ ਨੂੰ ਬੋਲਣ ਅਤੇ ਜੀਵੰਤ ਅੰਦਾਜ਼ ਵਿੱਚ ਵਿਚਰਨ ਵਿਧੀ ਸਿਖਾਉਂਦਾ ਹੈ। ਇਹ ਸ਼ਕਤੀ ਵਿਰਲੇ ਸਿਰਜਕਾਂ ਦੇ ਹਿੱਸੇ ਆਉਂਦੀ ਹੈ ਕਿ ਉਨ੍ਹਾਂ ਦੇ ਲਿਖੇ ਬੋਲ ਮਨ-ਇੱਛਤ ਨਤੀਜੇ ਮੁਤਾਬਕ ਅੱਗੇ ਤੁਰਨ। ਸਾਨੂੰ ਬਾਬੂ ਰਜਬ ਅਲੀ ਦੀ ਲਿਖਤ ਵਿੱਚੋਂ ਸਮਾਜ ਸ਼ਾਸਤਰੀ ਅਧਿਐਨ ਦੀਆਂ ਸੰਭਾਵਨਾਵਾਂ ਨੂੰ ਵੀ ਵੇਖਣਾ ਪਰਖਣਾ ਚਾਹੀਦਾ ਹੈ। ਬਾਬੂ ਰਜਬ ਅਲੀ ਦੀ ਲਿਖਤ ਵਿੱਚ ਧਰਤੀ ਬੋਲਦੀ ਆਪਣੇ ਦੁੱਖ ਸੁੱਖ ਸੁਣਾਉਂਦੀ ਆਪਣੇ ਪੁੱਤਰਾਂ ਦੇ ਗੁਣਾਂ ਔਗੁਣਾਂ ਨੂੰ ਪੇਸ਼ ਕਰਦੀ ਹੈ।

**ਗੁਰਭਜਨ ਸਿੰਘ ਗਿੱਲ (ਪ੍ਰੋ.)**
**ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ,**
**ਲੁਧਿਆਣਾ।**

# ਹਜ਼ਾਰਾਂ ਬੇਸਹਾਰਾ ਬੱਚਿਆਂ ਲਈ ਮਮਤਾ ਦੀ ਛਾਂ ਬਣੀ 'ਸਿੰਧੁਤਾਈ ਮਾਈ'



ਮਾਂ ਸਿਰਫ਼ ਉਹ ਨਹੀਂ ਹੁੰਦੀ ਜੋ ਬੱਚੇ ਨੂੰ ਜਨਮ ਦੇਵੇ, ਮਾਂ ਉਹ ਵੀ ਹੁੰਦੀ ਹੈ ਜੋ ਕਿਸੇ ਬੇਸਹਾਰਾ ਬੱਚੇ ਦੀਆਂ ਅੱਖਾਂ ਵਿੱਚ ਲੁਕੀ ਹੋਈ ਮਮਤਾ ਦੀ ਭੁੱਖ, ਦਰਦ ਅਤੇ ਬੇਬਸੀ ਨੂੰ ਆਪਣੇ ਪੱਲੇ ਨਾਲ ਢੱਕ ਲਵੇ। ਅਜਿਹੀ ਹੀ ਮਮਤਾ ਦੀ ਜੀਵੰਤ ਮੂਰਤ ਸੀ ਸਿੰਧੁਤਾਈ ਸਪਕਾਲ, ਜਿਨ੍ਹਾਂ ਨੂੰ ਦੁਨੀਆ "ਅਨਾਥਾਂ ਦੀ ਮਾਂ"ਦੇ ਨਾਂ ਵਜੋਂ ਸਤਿਕਾਰ ਸਹਿਤ ਯਾਦ ਕਰਦੀ ਹੈ। ਮਦਰ ਡੇਅ ਦੇ ਮੌਕੇ 'ਤੇ ਜਦੋਂ ਦੁਨੀਆ ਆਪਣੀਆਂ ਮਾਵਾਂ ਨੂੰ ਸਲਾਮ ਕਰਦੀ ਹਨ, ਤਾਂ ਸਿੰਧੁਤਾਈ ਵਰਗੀਆਂ ਰੂਹਾਂ ਦਾ ਜ਼ਿਕਰ ਆਪਣੇ ਆਪ ਦਿਲ ਦੀਆਂ ਗਹਿਰਾਈਆਂ ਵਿੱਚ ਉਤਰ ਆਉਂਦਾ ਹੈ। 14 ਨਵੰਬਰ 1948 ਨੂੰ ਮਹਾਰਾਸ਼ਟਰ ਦੇ ਵਰਧਾ ਜ਼ਿਲ੍ਹੇ 'ਚ ਇੱਕ ਗਰੀਬ ਗਾਵਾਂ ਚਾਰਨ ਵਾਲੇ ਪਰਿਵਾਰ ਵਿੱਚ ਜਨਮੀ ਇਸ ਬੱਚੀ ਦਾ ਨਾਂ ਸਿੰਧੁਤਾਈ ਰੱਖਿਆ ਗਿਆ, ਪਰ ਘਰ ਵਿੱਚ ਉਸ ਨੂੰ "ਚਿੰਦੀ"ਕਿਹਾ ਜਾਣ ਲੱਗਾ, ਜਿਸਦਾ ਅਰਥ ਸੀ — ਨਿਕੰਮੀ। ਗਰੀਬੀ ਇੰਨੀ ਡੂੰਘੀ ਸੀ ਕਿ ਪੜ੍ਹਾਈ ਉਸ ਦੀ ਕਿਸਮਤ ਵਿੱਚ ਚੌਥੀ ਜਮਾਤ ਤੋਂ ਵੱਧ ਲਿਖੀ ਨਾ ਗਈ। ਬਚਪਨ ਹਾਲੇ ਖੇਡਾਂ ਅਤੇ ਖ਼ੁਆਬਾਂ ਦੀ ਉਮਰ ਵਿੱਚ ਸੀ ਕਿ ਕੇਵਲ 10 ਸਾਲ ਦੀ ਉਮਰ ਵਿੱਚ ਉਸ ਦਾ ਵਿਆਹ ਆਪਣੇ ਨਾਲੋਂ 18 ਸਾਲ ਵੱਡੀ ਉਮਰ ਦੇ ਵਿਅਕਤੀ ਸ਼੍ਰੀ ਹਰਿ ਸਪਕਾਲ ਨਾਲ ਕਰ ਦਿੱਤਾ ਗਿਆ। ਪਰ ਜ਼ਿੰਦਗੀ ਨੇ ਹਾਲੇ ਹੋਰ ਇਮਤਿਹਾਨ ਬਾਕੀ ਰੱਖੇ ਹੋਏ ਸਨ। ਜਦੋਂ ਸਿੰਧੁਤਾਈ 20 ਸਾਲ ਦੀ ਉਮਰ ਵਿੱਚ ਗਰਭਵਤੀ ਹੋਈ, ਤਾਂ ਇੱਕ ਝੂਠੇ ਦੋਸ਼ ਦੇ ਆਧਾਰ 'ਤੇ ਉਸ ਦੇ ਪਤੀ ਨੇ ਉਸ ਨੂੰ 9ਵੇਂ ਮਹੀਨੇ 'ਚ ਘਰੋਂ ਕੱਢ ਦਿੱਤਾ। ਇਕੱਲੀ, ਬੇਸਹਾਰਾ ਅਤੇ ਦਰਦ ਨਾਲ ਟੁੱਟੀ ਹੋਈ ਸਿੰਧੁਤਾਈ ਇੱਕ ਗਊਸ਼ਾਲਾ ਵਿੱਚ ਪਹੁੰਚੀ, ਜਿੱਥੇ ਉਸ ਨੇ ਆਪਣੀ ਧੀ ਨੂੰ ਜਨਮ ਦਿੱਤਾ। ਉਹ ਪਲ ਕਿਸੇ ਵੀ ਔਰਤ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਹੋ ਸਕਦਾ ਸੀ, ਪਰ ਸਿੰਧੁਤਾਈ ਲਈ ਉਹ ਹਨੇਰਿਆਂ ਨਾਲ ਭਰਿਆ ਇਕ ਨਵਾਂ ਸੰਘਰਸ਼ ਸੀ। ਕਈ ਵਾਰ ਉਸ ਦੇ ਮਨ ਵਿੱਚ ਆਤਮਹੱਤਿਆ ਦਾ ਖ਼ਿਆਲ ਵੀ ਆਇਆ, ਪਰ ਆਪਣੀ ਧੀ ਦਾ ਚਿਹਰਾ ਵੇਖ ਕੇ ਉਸ ਨੇ ਜ਼ਿੰਦਗੀ ਦੀ ਇਸ ਹਾਰ ਨੂੰ ਮਨਜ਼ੂਰ ਨਾ ਕੀਤਾ। ਕਦੇ ਰੇਲਵੇ ਸਟੇਸ਼ਨਾਂ ਅਤੇ ਕਦੇ ਸ਼ਮਸ਼ਾਨ ਘਾਟਾਂ ਵਿੱਚ ਰਾਤਾਂ ਕੱਟਣੀਆਂ ਪਈਆਂ। ਭੁੱਖ ਮਿਟਾਉਣ ਲਈ ਲੋਕਾਂ ਅੱਗੇ ਹੱਥ ਤਕ ਅੱਡਣਾ ਪੈਂਦਾ ਪਰ ਹਾਰ ਨਾ ਮੰਨੀ। ਇਸ ਦਰਦ ਭਰੇ ਸਫ਼ਰ ਦੌਰਾਨ ਉਸ ਨੇ ਇੱਕ ਹੋਰ ਵੱਡਾ ਦਰਦ ਮਹਿਸੂਸ ਕੀਤਾ। ਉਨ੍ਹਾਂ ਲਾਵਾਰਿਸ ਬੱਚਿਆਂ ਦਾ ਦਰਦ, ਜੋ ਸੜਕਾਂ ਅਤੇ ਸਟੇਸ਼ਨਾਂ 'ਤੇ ਭੁੱਖੇ, ਨੰਗੇ ਅਤੇ ਬੇਸਹਾਰੇ ਫਿਰਦੇ ਸਨ। ਉਨ੍ਹਾਂ ਬੱਚਿਆਂ ਦੀਆਂ ਅੱਖਾਂ ਵਿੱਚ ਆਪਣਾ ਹੀ ਦਰਦ ਵੇਖ ਕੇ ਸਿੰਧੁਤਾਈ ਨੇ ਇਹ ਫ਼ੈਸਲਾ ਕੀਤਾ ਕਿ ਜੇ ਜ਼ਿੰਦਗੀ ਨੇ ਉਸ ਤੋਂ ਸਭ ਕੁਝ ਖੋਹਿਆ ਹੈ, ਤਾਂ ਹੁਣ ਉਹ ਆਪਣੀ ਬਾਕੀ ਦੀ ਜ਼ਿੰਦਗੀ ਇਨ੍ਹਾਂ ਲਈ ਜੀਵੇਗੀ, ਜਿਨ੍ਹਾਂ ਦਾ ਇਸ ਦੁਨੀਆ ਵਿੱਚ ਕੋਈ ਨਹੀਂ ਹੈ। ਹੌਲੀ-ਹੌਲੀ ਉਸ ਨੇ ਅਨਾਥ ਬੱਚਿਆਂ ਨੂੰ ਆਪਣੀ ਮਮਤਾ ਦਾ ਸਹਾਰਾ ਦੇਣਾ ਸ਼ੁਰੂ ਕੀਤਾ। ਆਪਣੇ ਅਤੇ ਉਹਨਾਂ ਬੱਚਿਆ ਦੇ ਪੇਟ ਭਰਨ ਲਈ ਉਹ ਰੇਲਵੇ ਸਟੇਸ਼ਨਾਂ 'ਤੇ ਭੀਖ ਤਕ ਵੀ ਮੰਗਦੀ ਰਹੀ, ਪਰ ਉਸ ਦੀ ਮਮਤਾ ਕਦੇ ਘੱਟ ਨਾ ਹੋਈ। ਸਮਾਜ ਸੇਵੀ ਲੋਕਾਂ ਦਾ ਸਹਿਯੋਗ ਮਿਲਦਾ ਗਿਆ ਅਤੇ ਉਹ ਮਾਂ ਦੀ ਮਮਤਾ ਵਾਲਾ ਇੱਕ ਹਰਿਆ ਭਰਿਆ ਦਰਖ਼ਤ ਬਣਦੀ ਗਈ ਅਤੇ ਜਿਸ ਦੀ ਛਾਂ ਹੇਠ ਉਸ ਨੇ ਮਹਾਰਾਸ਼ਟਰ ਵਿੱਚ ਕਈ ਅਨਾਥ ਆਸ਼ਰਮ ਸਥਾਪਿਤ ਕਰ ਇਕ ਟਰੱਸਟ ਦੀ ਸਥਾਪਨਾ ਕੀਤੀ, ਜਿੱਥੇ 1500 ਤੋਂ ਵੱਧ ਬੱਚਿਆਂ ਨੂੰ ਨਾ ਸਿਰਫ਼ ਰਹਿਣ ਲਈ ਛੱਤ ਮਿਲੀ, ਸਗੋਂ ਸਿੱਖਿਆ, ਪਿਆਰ ਅਤੇ ਇੱਕ ਨਵੀਂ ਜ਼ਿੰਦਗੀ ਦੀ ਸੌਗਾਤ ਵੀ ਮਿਲੀ। ਸਭ ਤੋਂ ਵੱਡੀ ਗੱਲ ਇਹ ਸੀ ਕਿ ਉਸ ਨੇ ਆਪਣੀ ਧੀ ਨੂੰ ਵੀ ਇਸ ਟਰੱਸਟ ਦੇ ਹਵਾਲੇ ਕਰ ਦਿੱਤਾ, ਤਾਂ ਜੋ ਉਹ ਆਪਣੀ ਧੀ ਅਤੇ ਬਾਕੀ ਅਨਾਥ ਬੱਚਿਆਂ ਵਿੱਚ ਕੋਈ ਫ਼ਰਕ ਨਾ ਰੱਖ ਸਕੇ। ਅੱਜ ਉਸ ਦੇ ਪਾਲੇ ਹੋਏ ਬੱਚਿਆਂ ਵਿੱਚੋਂ ਸੈਂਕੜੇ ਡਾਕਟਰ, ਅਧਿਆਪਕ, ਵਕੀਲ ਅਤੇ ਉੱਚੇ ਅਹੁਦਿਆਂ 'ਤੇ ਬੈਠੇ ਲੋਕ ਆਪਣੀ ਇਸ ਸਿੰਧੁਤਾਈ "ਮਾਈ"ਦਾ ਨਾਂ ਰੌਸ਼ਨ ਕਰ ਰਹੇ ਹਨ। ਕਿਉਂਕਿ ਸਿੰਧੁਤਾਈ ਨੇ ਇਹ ਸਾਬਤ ਕੀਤਾ ਕਿ ਮਾਂ ਬਣਨ ਲਈ ਖ਼ੂਨ ਦਾ ਰਿਸ਼ਤਾ ਜ਼ਰੂਰੀ ਨਹੀਂ ਹੁੰਦਾ, ਦਿਲ ਵਿੱਚ ਮਮਤਾ ਵੀ ਹੋਣੀ ਚਾਹੀਦੀ ਹੈ। ਇਸੇ ਲਈ ਲੋਕ ਪਿਆਰ ਨਾਲ ਉਸ ਨੂੰ "ਮਾਈ"ਕਹਿੰਦੇ ਹਨ। ਉਸ ਨੇ ਇਨ੍ਹਾਂ ਸਾਰੇ ਅਨਾਥ ਬਚਿਆਂ ਨੂੰ ਮਾਂ ਵਾਂਗ ਪਾਲਿਆ ਅਤੇ ਉਨ੍ਹਾਂ ਰਾਹੀਂ ਕਰੀਬ 400 ਜਵਾਈਆਂ ਅਤੇ 60 ਨੂੰਹਾਂ ਦਾ ਇੱਕ ਵਿਸ਼ਾਲ ਪਰਿਵਾਰ ਖੜ੍ਹਾ ਕੀਤਾ। ਸਿੰਧੁਤਾਈ ਨੂੰ ਉਸਦੇ ਸਮਾਜ ਸੇਵਾ ਦੇ ਕਾਰਜਾਂ ਲਈ 700 ਤੋਂ ਵੱਧ ਰਾਸ਼ਟਰੀ ਅਤੇ ਸਥਾਨਕ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ,ਜਿਨ੍ਹਾ 'ਚ ਸਾਲ 2017 ਵਿੱਚ ਨਾਰੀ ਸ਼ਕਤੀ ਪੁਰਸਕਾਰ ਅਤੇ 2021 ਵਿੱਚ ਪਦਮ ਸ੍ਰੀ ਪੁਰਸਕਾਰ ਵੀ ਸ਼ਾਮਿਲ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਡੀ.ਵਾਈ. ਇੰਸਟੀਚਿਊਟ ਆਫ਼ ਟੈਕਨਾਲੋਜੀ ਐਂਡ ਰਿਸਰਚ, ਪੁਣੇ ਤੋਂ ਡਾਕਟਰੇਟ ਦੀ ਡਿਗਰੀ ਦੇਕੇ ਵੀ ਸਨਮਾਨਿਤ ਕੀਤਾ ਗਿਆ।



ਉਸ ਦੇ ਅਦਭੁੱਤ ਜੀਵਨ ਸੰਘਰਸ਼ ਨੂੰ ਪਰਦੇ 'ਤੇ ਲਿਆਉਣ ਵਾਲੀ ਮਰਾਠੀ ਫਿਲਮ ਮੀ ਸਿੰਧੁਤਾਈ ਸਪਕਲ ਨੂੰ ਦਰਸ਼ਕਾਂ ਅਤੇ ਆਲੋਚਕਾਂ ਵੱਲੋਂ ਬੇਹੱਦ ਸਰਾਹਿਆ ਗਿਆ। ਇਸ ਫਿਲਮ ਨੂੰ 54ਵੇਂ ਬੀ.ਐੱਫ.ਆਈ. ਲੰਡਨ ਫ਼?ਲਮ ਫੈਸਟੀਵਲ ਵਿੱਚ ਵਿਸ਼ਵ ਪ੍ਰੀਮੀਅਰ ਲਈ ਵੀ ਚੁਣਿਆ ਗਿਆ ਸੀ। ਜਿਸ ਨਾਲ ਸਿੰਧੁਤਾਈ ਦੀ ਪ੍ਰੇਰਕ ਕਹਾਣੀ ਨੂੰ ਅੰਤਰਰਾਸ਼ਟਰੀ ਪਛਾਣ ਮਿਲੀ। ਇਸ ਤੋਂ ਇਲਾਵਾ ਸਾਲ 2023 ਵਿੱਚ ਸਿੰਧੁਤਾਈ ਮਾਝਾ ਮਾਈ ਮਰਾਠੀ ਟੀ.ਵੀ. ਧਾਰਾਵਾਹਿਕ ਵੀ ਪ੍ਰਸਾਰਿਤ ਹੋਇਆ, ਜੋ ਉਨ੍ਹਾਂ ਦੀ ਸੱਚੀ ਅਤੇ ਪ੍ਰੇਰਣਾਦਾਇਕ ਜੀਵਨ ਕਹਾਣੀ ਤੋਂ ਪ੍ਰੇਰਿਤ ਸੀ। 4 ਜਨਵਰੀ 2022 ਨੂੰ ਪੁਣੇ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਇਹ ਮਹਾਨ ਰੂਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਈ, ਪਰ ਉਹ ਅੱਜ ਵੀ ਹਜ਼ਾਰਾਂ ਬੱਚਿਆਂ ਦੀਆਂ ਦੁਆਵਾਂ, ਮੁਸਕਾਨਾਂ ਅਤੇ ਸਫ਼ਲਤਾਵਾਂ ਵਿੱਚ ਜ਼ਿੰਦਾ ਹੈ। ਉਸ ਦਾ ਬਣਾਇਆ ਟਰੱਸਟ ਸਿੰਧੁਤਾਈ ਮਾਈ ਦੇ ਤੁਰ ਜਾਣ ਤੋਂ ਬਾਅਦ ਵੀ ਉਨ੍ਹਾਂ ਦੀ ਸੋਚ ਨੂੰ ਅੱਗੇ ਵੱਲ ਲੈਕੇ ਜਾ ਰਿਹਾ ਹੈ। ਮਦਰ ਡੇਅ ਦੇ ਇਸ ਪਾਵਨ ਮੌਕੇ 'ਤੇ ਸਿੰਧੁਤਾਈ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਮਾਂ ਉਹ ਨਹੀਂ ਜੋ ਸਿਰਫ਼ ਜਨਮ ਦੇਵੇ, ਮਾਂ ਉਹ ਵੀ ਹੈ ਜੋ ਕਿਸੇ ਬੇਸਹਾਰਾ ਦੀ ਟੁੱਟੀ ਹੋਈ ਜ਼ਿੰਦਗੀ ਨੂੰ ਆਪਣੀ ਮਮਤਾ ਨਾਲ ਮੁੜ ਸਵਾਰ ਦੇਵੇ। ਕੁਝ ਮਾਵਾਂ ਘਰਾਂ ਨੂੰ ਸੰਭਾਲਦੀਆਂ ਹਨ, ਪਰ ਸਿੰਧੁਤਾਈ ਵਰਗੀਆਂ ਮਾਵਾਂ ਪੂਰੀ ਇਨਸਾਨੀਅਤ ਨੂੰ ਆਪਣੀ ਗੋਦ ਵਿੱਚ ਥਾਂ ਦੇ ਦਿੰਦੀਆਂ ਹਨ।



ਬਲਦੇਵ ਸਿੰਘ ਬੇਦੀ (ਜਲੰਧਰ)

**ਸੰਪਰਕ : 90419-25181**

# ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਨੇ ਕਿਡਨੀ ਸਟੋਨ ਅਤੇ ਸ਼ੂਗਰ ਨਾਲ ਜੂਝ ਰਹੀ ਪਟਿਆਲਾ ਦੀ ਮਹਿਲਾ ਨੂੰ ਦਿੱਤੀ ਵੱਡੀ ਰਾਹਤ

ਜ਼ਿਕਰ ਪੰਜਾਬ

**ਪਟਿਆਲਾ/ਬਿਊਰੋ**

ਪਟਿਆਲਾ ਵਿੱਚ ਜਦੋਂ ਸੂਰਜ ਚੜ੍ਹਦਾ ਸੀ, 46 ਸਾਲਾ ਸੁਨੀਤਾ ਰਾਣੀ ਉਸ ਤੋਂ ਕਈ ਘੰਟੇ ਪਹਿਲਾਂ ਤੋਂ ਹੀ ਜਾਗ ਰਹੀ ਹੁੰਦੀ ਸੀ। ਉਨ੍ਹਾਂ ਲਈ ਨੀਂਦ ਲੈਣਾ ਮੁਸ਼ਕਲ ਹੋ ਗਿਆ ਸੀ। ਕਮਰ ਦੇ ਹੇਠਲੇ ਹਿੱਸੇ ਵਿੱਚ ਲਗਾਤਾਰ ਦਰਦ ਰਹਿੰਦਾ ਸੀ, ਜੋ ਖੜ੍ਹੇ ਹੁੰਦੇ ਹੀ ਸਰੀਰ ਦੇ ਇੱਕ ਪਾਸੇ ਵੱਲ ਤੇਜ਼ੀ ਨਾਲ ਫੈਲ ਜਾਂਦਾ ਸੀ। ਹਰ ਸਵੇਰ ਉਨ੍ਹਾਂ ਦੇ ਪੈਰ ਪਹਿਲਾਂ ਨਾਲੋਂ ਵੱਧ ਸੁੱਜੇ ਹੋਏ ਹੁੰਦੇ ਸਨ ਅਤੇ ਰਸੋਈ ਤੱਕ ਤੁਰਨਾ ਵੀ ਥਕਾਵਟ ਭਰਿਆ ਹੋ ਗਿਆ ਸੀ। ਉਹ ਵਿਚਕਾਰ ਰੁਕ ਜਾਂਦੇ, ਇੱਕ ਹੱਥ ਕੰਧ 'ਤੇ ਅਤੇ ਦੂਜਾ ਪੇਟ 'ਤੇ ਰੱਖ ਕੇ ਦਰਦ ਦੇ ਘਟਣ ਦੀ ਉਡੀਕ ਕਰਦੇ ਸਨ। ਦਰਦ ਦੇ ਬਾਵਜੂਦ ਸੁਨੀਤਾ ਨੇ ਆਪਣੇ ਰੋਜ਼ਾਨਾ ਦੇ ਕੰਮ ਜਾਰੀ ਰੱਖੇ ਅਤੇ ਆਸ ਕਰਦੇ ਰਹੇ ਕਿ ਸਮੱਸਿਆ ਆਪਣੇ ਆਪ ਠੀਕ ਹੋ ਜਾਵੇਗੀ। ਪਰ ਜਦੋਂ ਦਰਦ ਅਤੇ ਸੋਜ ਵਧਣ ਲੱਗੀ ਤਾਂ ਪਰਿਵਾਰ ਨੇ ਉਨ੍ਹਾਂ ਨੂੰ ਡਾਕਟਰ ਕੋਲ ਜਾਣ ਲਈ ਕਿਹਾ। ਇਸ ਦੌਰਾਨ ਉਨ੍ਹਾਂ ਨੂੰ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਮਿਲ ਰਹੀਆਂ ਸਹੂਲਤਾਂ ਬਾਰੇ ਪਤਾ ਲੱਗਾ, ਜਿਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਪਰਿਵਾਰ ਸਮੇਤ ਰਜਿਸਟ?ਰੇਸ਼ਨ ਕਰਵਾਉਣ ਦਾ ਫੈਸਲਾ ਕੀਤਾ। ਸੁਨੀਤਾ ਨੇ ਤੁਰੰਤ ਯੋਜਨਾ ਤਹਿਤ ਰਜਿਸਟ?ਰੇਸ਼ਨ ਕਰਵਾਇਆ ਅਤੇ ਆਪਣੇ ਪਰਿਵਾਰ ਲਈ ਸਿਹਤ ਕਾਰਡ ਬਣਵਾਇਆ। ਇਲਾਜ ਲਈ ਉਨ੍ਹਾਂ ਨੂੰ ਮਾਤਾ ਕੌਸ਼ੱਲਿਆ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਵਿਸਥਾਰਪੂਰਵਕ ਜਾਂਚ ਤੋਂ ਬਾਅਦ ਪਤਾ ਲਗਾਇਆ ਕਿ ਉਨ੍ਹਾਂ ਦੇ ਯੂਰੇਟਰ ਵਿੱਚ ਕਿਡਨੀ ਸਟੋਨ ਫਸਿਆ ਹੋਇਆ ਹੈ। ਡਾਕਟਰਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਸ਼ੂਗਰ ਅਤੇ ਗੰਭੀਰ ਸੋਜ ਦਾ ਇਲਾਜ ਕੀਤੇ ਬਿਨਾਂ ਸਰਜਰੀ ਕਰਨਾ ਸੁਰੱਖਿਅਤ ਨਹੀਂ ਹੋਵੇਗਾ। ਆਪਣਾ ਅਨੁਭਵ ਸਾਂਝਾ ਕਰਦਿਆਂ ਸੁਨੀਤਾ ਰਾਣੀ ਨੇ ਕਿਹਾ, "ਜਦੋਂ ਦਰਦ ਅਸਹਿਣਯੋਗ ਹੋ ਗਿਆ ਤਾਂ ਮੈਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ?ਰੇਸ਼ਨ ਕਰਵਾਇਆ ਅਤੇ ਆਪਣੇ ਪਰਿਵਾਰ ਦਾ ਸਿਹਤ ਕਾਰਡ ਬਣਵਾਇਆ। ਡਾਕਟਰਾਂ ਨੇ ਜਾਂਚ ਤੋਂ ਬਾਅਦ ਕਿਡਨੀ ਸਟੋਨ ਦੀ ਪੁਸ਼ਟੀ ਕੀਤੀ। ਮੇਰਾ ਸ਼ੂਗਰ ਲੈਵਲ ਬਹੁਤ ਜ਼ਿਆਦਾ ਸੀ ਅਤੇ ਸਰੀਰ ਵਿੱਚ ਕਾਫ਼ੀ ਸੋਜ ਸੀ, ਇਸ ਲਈ ਡਾਕਟਰਾਂ ਨੇ ਪਹਿਲਾਂ ਇਨ੍ਹਾਂ ਦੋਹਾਂ ਸਮੱਸਿਆਵਾਂ ਨੂੰ ਕਾਬੂ ਕਰਨ ਲਈ ਇਲਾਜ ਸ਼ੁਰੂ ਕੀਤਾ। ਉਨ੍ਹਾਂ ਨੇ ਅੱਗੇ ਕਿਹਾ, "ਮੈਂ ਨਿਯਮਿਤ ਤੌਰ 'ਤੇ ਹਸਪਤਾਲ ਵਿੱਚ ਚੈਕ-ਅੱਪ ਲਈ ਜਾ ਰਹੀ ਹਾਂ ਅਤੇ ਡਾਕਟਰ ਲਗਾਤਾਰ ਮੇਰੀ ਹਾਲਤ 'ਤੇ ਨਿਗਰਾਨੀ ਰੱਖ ਰਹੇ ਹਨ। ਹੁਣ ਸੋਜ ਘਟ ਗਈ ਹੈ ਅਤੇ ਸ਼ੂਗਰ ਨੂੰ ਕਾਬੂ ਵਿੱਚ ਰੱਖਣ ਲਈ ਮੇਰੀਆਂ ਦਵਾਈਆਂ ਵੀ ਬਦਲ ਦਿੱਤੀਆਂ ਗਈਆਂ ਹਨ।"


ਸੁਨੀਤਾ ਰਾਣੀ ਇਸ ਗੱਲ ਤੋਂ ਖ਼ੁਸ਼ ਹਨ ਕਿ ਉਨ੍ਹਾਂ ਦਾ ਇਲਾਜ ਕੈਸ਼ਲੈੱਸ ਤਰੀਕੇ ਨਾਲ ਹੋ ਰਿਹਾ ਹੈ। ਉਹ ਕਹਿੰਦੇ ਹਨ,"ਮੈਨੂੰ ਹੋਰ 10 ਦਿਨਾਂ ਦੇ ਕੋਰਸ ਦਾ ਇਲਾਜ ਦਿੱਤਾ ਗਿਆ ਹੈ, ਜਿਸ ਤੋਂ ਬਾਅਦ ਡਾਕਟਰ ਆਪਰੇਸ਼ਨ ਦੀ ਮਿਤੀ ਤੈਅ ਕਰਨਗੇ। ਸ਼ੁਰੂਆਤੀ ਇਲਾਜ ਤੋਂ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਹੋਣ ਵਾਲੀ ਸਰਜਰੀ ਤੱਕ, ਮੈਨੂੰ ਕਿਸੇ ਵੀ ਤਰ੍ਹਾਂ ਦੀ ਰਕਮ ਅਦਾ ਨਹੀਂ ਕਰਨੀ ਪਵੇਗੀ, ਇਹ ਮੇਰੇ ਲਈ ਬਹੁਤ ਵੱਡੀ ਰਾਹਤ ਅਤੇ ਸਕੂਨ ਦੀ ਗੱਲ ਹੈ।

ਡਾਕਟਰਾਂ ਮੁਤਾਬਕ ਸ਼ੂਗਰ, ਸਰੀਰ ਵਿੱਚ ਪਾਣੀ ਦੀ ਕਮੀ ਅਤੇ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਕਾਰਨ ਕਿਡਨੀ ਸਟੋਨ ਦੇ ਮਾਮਲਿਆਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਚਿਕਿਤਸਾ ਮਾਹਿਰਾਂ ਦਾ ਕਹਿਣਾ ਹੈ ਕਿ ਇਲਾਜ ਵਿੱਚ ਦੇਰੀ ਹੋਣ ਨਾਲ ਗੰਭੀਰ ਇਨਫੈਕਸ਼ਨ ਅਤੇ ਹੋਰ ਜਟਿਲਤਾਵਾਂ ਪੈਦਾ ਹੋ ਸਕਦੀਆਂ ਹਨ।

# ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਇਤਿਹਾਸ ਅਤੇ ਭਵਿੱਖ

ਜ਼ਿਕਰ ਪੰਜਾਬ

ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਨੂੰ ਮਸ਼ੀਨਾਂ ਵਿੱਚ ਉਤਾਰਨ ਦਾ ਇੱਕ ਲੰਮਾ ਅਤੇ ਰੋਚਕ ਸਫ਼ਰ ਹੈ। ਇਹ ਮਨੁੱਖੀ ਇਤਿਹਾਸ ਨੂੰ ਬਦਲਣ ਵਾਲੀਆਂ ਤਕਨਾਲੋਜੀਆਂ ਵਿੱਚੋਂ ਇੱਕ ਬਣ ਕੇ ਉਭਰਿਆ ਹੈ। ਇਸ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਮਨੁੱਖ ਨੇ ਸਵਾਲ ਕੀਤਾ ਕਿ ਕੀ ਮਸ਼ੀਨਾਂ ਵੀ ਸੋਚ ਸਕਦੀਆਂ ਹਨ। ਇਸ ਵਿਚਾਰ ਧਾਰਾ ਨੇ ਇੱਕ ਨਵੀਂ ਵਿਗਿਆਨਕ ਖੇਤਰ ਦੀ ਨੀਂਹ ਰੱਖੀ, ਜੋ ਅੱਜ ਗਲੋਬਲ ਆਰਥਿਕਤਾ, ਸਮਾਜ ਅਤੇ ਰੋਜ਼ਾਨਾ ਜੀਵਨ ਨੂੰ ਡੂੰਘੇ ਤੌਰ ਤੇ ਪ੍ਰਭਾਵਿਤ ਕਰ ਰਿਹਾ ਹੈ। ਅਗਲੇ 20-30 ਸਾਲਾਂ ਵਿੱਚ ਇਹ ਤਕਨਾਲੋਜੀ ਦੁਨੀਆਂ ਨੂੰ ਇਸ ਤਰ੍ਹਾਂ ਬਦਲ ਸਕਦੀ ਹੈ ਜਿਵੇਂ ਪਿਛਲੀਆਂ ਸਦੀਆਂ ਵਿੱਚ ਇਲੈਕਟ੍ਰੀਸਿਟੀ ਜਾਂ ਇੰਟਰਨੈੱਟ ਨੇ ਬਦਲਿਆ ਸੀ। ਆਰਟੀਫਿਸ਼ੀਅਲ ਇੰਟੈਲੀਜੈਂਸ ਦੀਆਂ ਜੜ੍ਹਾਂ ਬਹੁਤ ਪੁਰਾਣੀਆਂ ਹਨ, ਪਰ ਆਧੁਨਿਕ ਰੂਪ ਵਿੱਚ ਇਸ ਦੀ ਸ਼ੁਰੂਆਤ 20ਵੀਂ ਸਦੀ ਦੇ ਮੱਧ ਵਿੱਚ ਹੋਈ। ਸਾਲ 1943 ਵਿੱਚ ਵਾਰਨ ਮੈਕਕਲੋਕ ਅਤੇ ਵਾਲਟਰ ਪਿਟਸ ਨੇ ਨਿਊਰਲ ਨੈੱਟਵਰਕਾਂ ਦਾ ਗਣਿਤੀ ਮਾਡਲ ਪੇਸ਼ ਕੀਤਾ, ਜਿਸ ਨੇ ਮਗਜ਼ ਦੀਆਂ ਗਤੀਵਿਧੀਆਂ ਨੂੰ ਮਸ਼ੀਨੀ ਢੰਗ ਨਾਲ ਸਮਝਣ ਦਾ ਰਾਹ ਖੋਲ੍ਹਿਆ। ਫਿਰ 1950 ਵਿੱਚ ਬ੍ਰਿਟਿਸ਼ ਗਣਿਤ ਵਿਗਿਆਨੀ ਐਲਨ ਟਿਊਰਿੰਗ ਨੇ ਆਪਣੇ ਲੇਖ 'ਕੰਪਿਊਟਿੰਗ ਮਸ਼ੀਨਰੀ ਐਂਡ ਇੰਟੈਲੀਜੈਂਸ' ਵਿੱਚ ਇੱਕ ਐਸਾ ਟੈਸਟ ਪ੍ਰਸਤਾਵਿਤ ਕੀਤਾ ਜਿਸ ਨੂੰ ਅੱਜ ਟਿਊਰਿੰਗ ਟੈਸਟ ਕਿਹਾ ਜਾਂਦਾ ਹੈ। ਇਸ ਟੈਸਟ ਵਿੱਚ ਇਹ ਦੇਖਿਆ ਜਾਂਦਾ ਹੈ ਕਿ ਕੀ ਇੱਕ ਮਸ਼ੀਨ ਇਨਸਾਨ ਨਾਲ ਗੱਲਬਾਤ ਕਰਕੇ ਆਪਣੀ ਬੁੱਧੀ ਸਾਬਤ ਕਰ ਸਕਦੀ ਹੈ। ਟਿਊਰਿੰਗ ਦਾ ਇਹ ਵਿਚਾਰ ਬਹੁਤ ਵਿਵਾਦਾਸਪਦ ਸੀ, ਪਰ ਇਸ ਨੇ ਆਰਟੀਫਿਸ਼ੀਅਲ ਇੰਟੈਲੀਜੈਂਸ ਵੱਲ ਵਿਗਿਆਨੀਆਂ ਦਾ ਧਿਆਨ ਖਿੱਚਿਆ। ਆਧੁਨਿਕ ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਅਸਲ ਜਨਮ 1956 ਵਿੱਚ ਡਾਰਟਮਾਊਥ ਕਾਲਜ ਵਿੱਚ ਹੋਇਆ, ਜਿੱਥੇ ਜੌਨ ਮੈਕਕਾਰਥੀ, ਮਾਰਵਿਨ ਮਿਨਸਕੀ, ਨਾਥਾਨੀਅਲ ਰੋਚੈਸਟਰ ਅਤੇ ਕਲਾਉਡ ਸ਼ੈਨਨ ਵਰਗੇ ਵਿਗਿਆਨੀਆਂ ਨੇ ਇੱਕ ਗਰਮੀਆਂ ਦਾ ਵਰਕਸ਼ਾਪ ਆਯੋਜਿਤ ਕੀਤਾ। ਇਸ ਵਰਕਸ਼ਾਪ ਵਿੱਚ ਹੀ 'ਆਰਟੀਫਿਸ਼ੀਅਲ ਇੰਟੈਲੀਜੈਂਸ' ਸ਼ਬਦ ਪਹਿਲੀ ਵਾਰ ਵਰਤਿਆ ਗਿਆ ਅਤੇ ਇਸ ਨੂੰ ਇੱਕ ਵੱਖਰੀ ਖੋਜ ਖੇਤਰ ਵਜੋਂ ਮਾਨਤਾ ਮਿਲੀ। ਵਿਗਿਆਨੀਆਂ ਨੇ ਉਮੀਦ ਕੀਤੀ ਕਿ ਮਸ਼ੀਨਾਂ ਨੂੰ ਭਾਸ਼ਾ ਸਮਝਣ, ਸਮੱਸਿਆ ਹੱਲ ਕਰਨ ਅਤੇ ਲੇਖਣ ਵਰਗੀਆਂ ਗਤੀਵਿਧੀਆਂ ਸਿਖਾਈਆਂ ਜਾ ਸਕਦੀਆਂ ਹਨ। ਇਸ ਤੋਂ ਬਾਅਦ 1950 ਅਤੇ 1960 ਦੇ ਦਹਾਕੇ ਵਿੱਚ ਪਰਸੈਪਟ੍ਰਾਨ ਵਰਗੇ ਨਿਊਰਲ ਨੈੱਟਵਰਕ ਅਤੇ ਇਲੀਜ਼ਾ ਵਰਗੇ ਚੈਟਬਾਟ ਵਿਕਸਿਤ ਹੋਏ, ਜਿਨ੍ਹਾਂ ਨੇ ਲੋਕਾਂ ਨੂੰ ਇਸ ਗੱਲ ਤੋਂ ਪ੍ਰਭਾਵਿਤ ਕੀਤਾ ਕਿ ਮਸ਼ੀਨਾਂ ਗੱਲਬਾਤ ਕਰ ਸਕਦੀਆਂ ਹਨ। ਪਰ ਇਸ ਉਮੀਦ ਤੋਂ ਬਾਅਦ ਨਿਰਾਸ਼ਾ ਵੀ ਆਈ। ਫਿਰ 1970 ਅਤੇ 1980 ਦੇ ਦਹਾਕਿਆਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਤਰੱਕੀ ਰੁਕ ਗਈ ਕਿਉਂਕਿ ਮਸ਼ੀਨਾਂ ਗੁੰਝਲਦਾਰ ਸਮੱਸਿਆਵਾਂ ਹੱਲ ਨਹੀਂ ਕਰ ਪਾ ਰਹੀਆਂ ਸਨ ਅਤੇ ਫੰਡਿੰਗ ਘੱਟ ਹੋ ਗਈ। ਇਸ ਨੂੰ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੰਟਰ ਕਿਹਾ ਜਾਂਦਾ ਹੈ। ਫਿਰ 1990 ਦੇ ਦਹਾਕੇ ਵਿੱਚ ਇੱਕ ਨਵੀਂ ਲਹਿਰ ਆਈ ਜਦੋਂ ਆਈਬੀਐੱਮ ਦੇ ਸੁਪਰ ਕੰਪਿਊਟਰ ਡੀਪ ਬਲੂ ਨੇ 1997 ਵਿੱਚ ਸ਼ਤਰੰਜ ਦੇ ਵਿਸ਼ਵ ਚੈਂਪੀਅਨ ਗੈਰੀ ਕਾਸਪਾਰੋਵ ਨੂੰ ਹਰਾਇਆ। ਇਸ ਤੋਂ ਬਾਅਦ 2011 ਵਿੱਚ ਆਈਬੀਐੱਮ ਵਾਟਸਨ ਨੇ ਜੀਓਪਾਰਡੀ ਗੇਮ ਵਿੱਚ ਜਿੱਤ ਹਾਸਲ ਕੀਤੀ। ਸਾਲ 2012 ਵਿੱਚ ਐਲੈਕਸਨੈੱਟ ਨੇ ਡੀਪ ਲਰਨਿੰਗ ਵਿਗਿਆਨ ਨੂੰ ਨਵੀਂ ਉਚਾਈ ਤੱਕ ਪਹੁੰਚਾਇਆ, ਜਿਸ ਨਾਲ ਤਸਵੀਰਾਂ ਪਛਾਣਨ ਵਿੱਚ ਵੱਡੀ ਤਰੱਕੀ ਹੋਈ। ਇਸ ਤੋਂ ਬਾਅਦ ਤਰੱਕੀ ਤੇਜ਼ ਹੋ ਗਈ। ਸਾਲ 2016 ਵਿੱਚ ਗੂਗਲ ਦਾ ਐਲਫਾਗੋ ਨੇ ਗੋ ਖੇਡ ਵਿੱਚ ਵਿਸ਼ਵ ਚੈਂਪੀਅਨ ਨੂੰ ਹਰਾਇਆ, ਜੋ ਇੱਕ ਬਹੁਤ ਗੁੰਝਲਦਾਰ ਖੇਡ ਹੈ। ਸਾਲ 2022-2023 ਵਿੱਚ ਚੈਟਜੀਪੀਟੀ ਵਰਗੀਆਂ ਜਨਰੇਟਿਵ ਆਰਟੀਫਿਸ਼ੀਅਲ ਇੰਟੈਲੀਜੈਂਸ ਤਕਨਾਲੋਜੀਆਂ ਨੇ ਆਮ ਲੋਕਾਂ ਤੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਨੂੰ ਪਹੁੰਚਾਇਆ। ਇਹ ਮਾਡਲ ਟੈਕਸਟ, ਤਸਵੀਰਾਂ ਅਤੇ ਵੀਡੀਓ ਤੱਕ ਬਣਾ ਸਕਦੇ ਹਨ। ਅੱਜ 2026 ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਰੋਜ਼ਾਨਾ ਜੀਵਨ ਵਿੱਚ ਡੂੰਘੇ ਤੌਰ ਤੇ ਘੁਲਮਿਲ ਚੁੱਕੀ ਹੈ। ਇਹ ਡਾਕਟਰੀ ਤਸਵੀਰਾਂ ਦਾ ਵਿਸ਼ਲੇਸ਼ਣ ਕਰਦੀ ਹੈ, ਡਰਾਈਵਿੰਗ ਸਹਾਇਤਾ





ਦਿੰਦੀ ਹੈ ਅਤੇ ਵਪਾਰੀ ਫੈਸਲੇ ਲੈਣ ਵਿੱਚ ਮਦਦ ਕਰਦੀ ਹੈ। ਪਰ ਇਸ ਤਰੱਕੀ ਨਾਲ ਚੁਣੌਤੀਆਂ ਵੀ ਆਈਆਂ ਹਨ, ਜਿਵੇਂ ਡਾਟਾ ਪ੍ਰਾਈਵੇਸੀ, ਨੌਕਰੀਆਂ ਤੇ ਅਸਰ ਅਤੇ ਗਲਤ ਜਾਣਕਾਰੀ ਫੈਲਾਉਣ ਦਾ ਖਤਰਾ। ਆਰਟੀਫਿਸ਼ੀਅਲ ਇੰਟੈਲੀਜੈਂਸ ਦਾ ਇਤਿਹਾਸ ਉਮੀਦ ਅਤੇ ਨਿਰਾਸ਼ਾ ਦੇ ਚੱਕਰਾਂ ਨਾਲ ਭਰਿਆ ਹੈ। ਹਰ ਵਾਰ ਜਦੋਂ ਤਕਨਾਲੋਜੀ ਨਵੀਂ ਉਚਾਈ ਛੂੰਹਦੀ ਹੈ ਤਾਂ ਨਵੀਆਂ ਸੰਭਾਵਨਾਵਾਂ ਖੁੱਲ੍ਹਦੀਆਂ ਹਨ। ਡੀਪ ਲਰਨਿੰਗ, ਬਿਗ ਡਾਟਾ ਅਤੇ ਵਧਦੀ ਕੰਪਿਊਟਿੰਗ ਪਾਵਰ ਨੇ ਇਸ ਨੂੰ ਵਰਤਮਾਨ ਰੂਪ ਦਿੱਤਾ ਹੈ। ਹੁਣ ਇਹ ਸਵਾਲ ਉੱਠ ਰਿਹਾ ਹੈ ਕਿ ਅਗਲੇ 20-30 ਸਾਲਾਂ ਵਿੱਚ ਇਹ ਦੁਨੀਆ ਨੂੰ ਕਿਵੇਂ ਬਦਲੇਗੀ। ਅਗਲੇ ਦੋ ਤੋਂ ਤਿੰਨ ਦਹਾਕਿਆਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਇੱਕ ਤਬਦੀਲੀ ਲਿਆਉਣ ਵਾਲੀ ਤਾਕਤ ਬਣ ਸਕਦੀ ਹੈ। ਬਹੁਤ ਸਾਰੇ ਖੋਜੀ ਇਸ ਗੱਲ ਤੇ ਸਹਿਮਤ ਹਨ ਕਿ 2030 ਤੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਵਧੇਰੇ ਉੱਨਤ ਏਜੰਟ ਬਣ ਜਾਵੇਗੀ ਜੋ ਆਪਣੇ ਆਪ ਕੰਮ ਕਰ ਸਕਦੀ ਹੈ। ਫਿਰ 2040-2050 ਤੱਕ ਇਹ ਆਰਟੀਫਿਸ਼ੀਅਲ ਜਨਰਲ ਇੰਟੈਲੀਜੈਂਸ ਤੱਕ ਪਹੁੰਚ ਸਕਦੀ ਹੈ, ਜੋ ਇਨਸਾਨ ਵਾਂਗ ਕਿਸੇ ਵੀ ਖੇਤਰ ਵਿੱਚ ਸਿਖ ਸਕਦੀ ਹੈ ਅਤੇ ਫੈਸਲੇ ਲੈ ਸਕਦੀ ਹੈ। ਇਸ ਤੋਂ ਬਾਅਦ ਆਰਟੀਫਿਸ਼ੀਅਲ ਸੁਪਰ ਇੰਟੈਲੀਜੈਂਸ ਵੱਲ ਵਧਣ ਦੀ ਸੰਭਾਵਨਾ ਵੀ ਹੈ, ਜਿਸ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਇਨਸਾਨੀ ਬੁੱਧੀ ਤੋਂ ਵੀ ਅੱਗੇ ਨਿਕਲ ਜਾਵੇਗੀ। ਇਸ ਤਬਦੀਲੀ ਦਾ ਸਭ ਤੋਂ ਵੱਡਾ ਅਸਰ ਆਰਥਿਕਤਾ ਤੇ ਪਵੇਗਾ। ਆਰਟੀਫਿਸ਼ੀਅਲ ਇੰਟੈਲੀਜੈਂਸ ਉਤਪਾਦਕਤਾ ਵਧਾਏਗੀ ਅਤੇ ਨਵੀਆਂ ਨੌਕਰੀਆਂ ਬਣਾਏਗੀ, ਪਰ ਰੁਟੀਨ ਕੰਮਾਂ ਵਾਲੀਆਂ ਨੌਕਰੀਆਂ ਘਟ ਸਕਦੀਆਂ ਹਨ। ਡਾਕਟਰੀ ਖੇਤਰ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਵਿਅਕਤੀਗਤ ਇਲਾਜ, ਤੁਰੰਤ ਡਾਇਗਨੋਸਿਸ ਅਤੇ ਰੋਬੋਟਿਕ ਸਰਜਰੀ ਰਾਹੀਂ ਲੋਕਾਂ ਦੀ ਉਮਰ ਵਧਾਉਣ ਵਿੱਚ ਮਦਦ ਕਰੇਗੀ। ਇੱਕ ਅਨੁਮਾਨ ਅਨੁਸਾਰ 2050 ਤੱਕ ਆਰਟੀਫਿਸ਼ੀਅਲ ਇੰਟੈਲੀਜੈਂਸ ਨਾਲ ਬਿਮਾਰੀਆਂ ਦੀ ਭਵਿੱਖਬਾਣੀ ਅਤੇ ਰੋਕਥਾਮ ਆਮ ਹੋ ਜਾਵੇਗੀ। ਸਿੱਖਿਆ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ਵਿਅਕਤੀਗਤ ਟੀਚਰ ਵਾਂਗ ਕੰਮ ਕਰੇਗਾ, ਜਿਸ ਨਾਲ ਹਰ ਵਿਦਿਆਰਥੀ ਆਪਣੀ ਗਤੀ ਅਨੁਸਾਰ ਸਿਖ ਸਕੇਗਾ। ਟ੍ਰਾਂਸਪੋਰਟੇਸ਼ਨ ਵਿੱਚ ਆਟੋਨੋਮਸ ਵਾਹਨ ਆਮ ਹੋ ਜਾਣਗੇ, ਜਿਸ ਨਾਲ ਟ੍ਰੈਫਿਕ ਅਤੇ ਦੁਰਘਟਨਾਵਾਂ ਘੱਟ ਹੋਣਗੀਆਂ। ਵਾਤਾਵਰਣ ਰੱਖਿਆ ਵਿੱਚ ਵੀ ਆਰਟੀਫਿਸ਼ੀਅਲ ਇੰਟੈਲੀਜੈਂਸ ਵੱਡੀ ਭੂਮਿਕਾ ਨਿਭਾਏਗੀ। ਇਹ ਊਰਜਾ ਖਪਤ ਨੂੰ ਔਪਟੀਮਾਈਜ਼ ਕਰਕੇ ਜਲਵਾਯੂ ਤਬਦੀਲੀ ਨਾਲ ਲੜਨ ਵਿੱਚ ਮਦਦ ਕਰ ਸਕਦੀ ਹੈ। ਖੇਤੀਬਾੜੀ ਵਿੱਚ ਬਿਹਤਰ ਫਸਲਾਂ ਉਗਾਉਣ ਅਤੇ ਭੁੱਖਮਰੀ ਘਟਾਉਣ ਲਈ ਆਰਟੀਫਿਸ਼ੀਅਲ ਇੰਟੈਲੀਜੈਂਸ ਉਪਯੋਗੀ ਸਾਬਤ ਹੋਵੇਗੀ। ਰੋਬੋਟਿਕਸ ਨਾਲ ਘਰਾਂ, ਫੈਕਟਰੀਆਂ ਅਤੇ ਹਸਪਤਾਲਾਂ ਵਿੱਚ ਰੋਜ਼ਾਨਾ ਕੰਮ ਆਸਾਨ ਹੋ ਜਾਣਗੇ। ਇਸ ਤੋਂ ਇਲਾਵਾ ਵਰਚੁਅਲ ਰਿਐਲਿਟੀ ਅਤੇ ਆਰਟੀਫਿਸ਼ੀਅਲ ਇੰਟੈਲੀਜੈਂਸ ਦੇ ਮਿਲਾਪ ਨਾਲ ਸਿੱਖਿਆ ਅਤੇ ਮਨੋਰੰਜਨ ਨਵੀਆਂ ਉਚਾਈਆਂ ਛੂੰਹ ਲੈਣਗੇ ਪਰ ਇਸ ਭਵਿੱਖ ਵਿੱਚ ਚੁਣੌਤੀਆਂ ਵੀ ਬਹੁਤ ਹਨ। ਨੌਕਰੀਆਂ ਦੀ ਤਬਦੀਲੀ ਨਾਲ ਬੇਰੁਜ਼ਗਾਰੀ ਵਧ ਸਕਦੀ ਹੈ, ਇਸ ਲਈ ਨਵੀਆਂ ਸਿਖਲਾਈਆਂ ਅਤੇ ਯੂਨਿਵਰਸਲ ਬੇਸਿਕ ਇਨਕਮ ਵਰਗੀਆਂ ਨੀਤੀਆਂ ਦੀ ਲੋੜ ਪਵੇਗੀ। ਏਥਿਕਲ ਮੁੱਦੇ ਜਿਵੇਂ ਆਰਟੀਫਿਸ਼ੀਅਲ ਇੰਟੈਲੀਜੈਂਸ ਵਿੱਚ ਪੱਖਪਾਤ, ਗਲਤ ਜਾਣਕਾਰੀ ਅਤੇ ਸੁਰੱਖਿਆ ਖਤਰੇ ਵੀ ਵੱਡੇ ਹੋਣਗੇ। ਜੇਕਰ ਆਰਟੀਫਿਸ਼ੀਅਲ ਇੰਟੈਲੀਜੈਂਸ ਬਹੁਤ ਤੇਜ਼ੀ ਨਾਲ ਵਿਕਸਿਤ ਹੋਈ ਤਾਂ ਇਸ ਨੂੰ ਨਿਯੰਤਰਣ ਵਿੱਚ ਰੱਖਣਾ ਚੁਣੌਤੀ ਬਣ ਸਕਦਾ ਹੈ। ਕੁਝ ਖੋਜੀ ਇਸ ਗੱਲ ਤੋਂ ਚਿੰਤਤ ਹਨ ਕਿ ਸੁਪਰ ਇੰਟੈਲੀਜੈਂਸ ਮਨੁੱਖੀ ਨਿਯੰਤਰਣ ਤੋਂ ਬਾਹਰ ਨਾ ਹੋ ਜਾਵੇ। ਇਸ ਲਈ ਅੰਤਰਰਾਸ਼ਟਰੀ ਸਹਿਯੋਗ ਅਤੇ ਨਿਯਮ ਬਣਾਉਣਾ ਜ਼ਰੂਰੀ ਹੈ। ਆਰਟੀਫਿਸ਼ੀਅਲ ਇੰਟੈਲੀਜੈਂਸ ਨਾ ਸਿਰਫ਼ ਤਕਨਾਲੋਜੀ ਹੈ, ਬਲਕਿ ਇਹ ਮਨੁੱਖੀ ਸਮਾਜ ਨੂੰ ਨਵੀਂ ਦਿਸ਼ਾ ਦੇਣ ਵਾਲੀ ਤਾਕਤ ਵੀ ਹੈ। ਇਸ ਨਾਲ ਅਸੀਂ ਬਿਮਾਰੀਆਂ ਤੋਂ ਮੁਕਤੀ, ਵਾਤਾਵਰਣ ਸੰਤੁਲਨ ਅਤੇ ਵਧੇਰੇ ਖ਼ੁਸ਼ਹਾਲ ਜੀਵਨ ਵੱਲ ਵਧ ਸਕਦੇ ਹਾਂ। ਪਰ ਇਸ ਲਈ ਸਾਨੂੰ ਜ਼ਿੰਮੇਵਾਰੀ ਨਾਲ ਇਸ ਨੂੰ ਵਿਕਸਿਤ ਕਰਨਾ ਚਾਹੀਦਾ ਹੈ ਤਾਂ ਜੋ ਲਾਭ ਸਾਰਿਆਂ ਤੱਕ ਪਹੁੰਚ ਸਕਣ। ਅਗਲੇ 20-30 ਸਾਲ ਇਸ ਲਈ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਸ ਸਮੇਂ ਵਿੱਚ ਲਏ ਗਏ ਫੈਸਲਿਆਂ ਨਾਲ ਭਵਿੱਖ ਦੀ ਦੁਨੀਆਂ ਦਾ ਰੂਪ ਤੈਅ ਹੋਵੇਗਾ।

ਅੰਤ ਵਿੱਚ, ਆਰਟੀਫਿਸ਼ੀਅਲ ਇੰਟੈਲੀਜੈਂਸ ਮਨੁੱਖੀ ਬੁੱਧੀ ਦਾ ਵਿਸਤਾਰ ਹੈ। ਇਸ ਨੇ ਪਿਛਲੀਆਂ ਸੱਤ-ਅੱਠ ਦਹਾਕਿਆਂ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਅਗਲੇ ਤੀਹ ਸਾਲਾਂ ਵਿੱਚ ਇਹ ਦੁਨੀਆ ਨੂੰ ਇੱਕ ਨਵੀਂ ਉਚਾਈ ਤੱਕ ਲੈ ਜਾ ਸਕਦੀ ਹੈ। ਜੇਕਰ ਅਸੀਂ ਇਸ ਨੂੰ ਠੀਕ ਤਰ੍ਹਾਂ ਵਰਤੀਏ ਤਾਂ ਇਹ ਮਨੁੱਖਤਾ ਲਈ ਇੱਕ ਵਰਦਾਨ ਬਣ ਸਕਦੀ ਹੈ, ਨਾ ਕਿ ਕੋਈ ਖਤਰਾ। ਇਸ ਲਈ ਵਿਗਿਆਨ, ਨੀਤੀ ਅਤੇ ਆਮ ਲੋਕਾਂ ਵਿਚਾਲੇ ਗੱਲਬਾਤ ਜਾਰੀ ਰੱਖਣੀ ਬਹੁਤ ਜ਼ਰੂਰੀ ਹੈ ਤਾਂ ਜੋ ਇੱਕ ਬਿਹਤਰ ਭਵਿੱਖ ਬਣਾਇਆ ਜਾ ਸਕੇ।



ਸੰਦੀਪ ਕੁਮਾਰ

**ਸੰਪਰਕ : 70098-07121**

# ਆਕਾਸ਼ਵਾਣੀ ਰਾਸ਼ਟਰ ਦੀ ਸੇਵਾ ਵਿੱਚ 90 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੈ

ਜ਼ਿਕਰ ਪੰਜਾਬ

**ਜਲੰਧਰ/ਬਲਵਿੰਦਰ ਕੁਮਾਰ**

ਆਕਾਸ਼ਵਾਣੀ ਇੱਕ ਜਨਤਕ ਪ੍ਰਸਾਰਕ ਵਜੋਂ ਰਾਸ਼ਟਰ ਪ੍ਰਤੀ ਆਪਣੀ ਸੇਵਾ ਦੇ 90 ਸਾਲ ਪੂਰੇ ਹੋਣ ਦਾ ਜਸ਼ਨ ਮਨਾ ਰਿਹਾ ਹੈ। 8 ਜੂਨ 1936 ਨੂੰ 'ਇੰਡੀਅਨ ਸਟੇਟ ਬ੍ਰੌਡਕਾਸਟਿੰਗ ਸਰਵਿਸ' ਦਾ ਨਾਂ ਬਦਲ ਕੇ 'ਆਲ ਇੰਡੀਆ ਰੇਡੀਓ' (ਏ.ਆਈ.ਆਰ.) ਕਰ ਦਿੱਤਾ ਗਿਆ ਸੀ। ਇਹ ਇਤਿਹਾਸਕ ਦਿਨ ਦੇਸ਼ ਦੇ ਸਭਿਆਚਾਰਕ, ਸੂਚਨਾ ਅਤੇ ਪ੍ਰਸਾਰਣ ਇਤਿਹਾਸ ਵਿੱਚ ਇੱਕ ਵਿਸ਼ੇਸ਼ ਪਲ ਦਾ ਪ੍ਰਤੀਕ ਹੈ, ਜਦੋਂ ਇੱਕ ਅਜਿਹੀ ਆਵਾਜ਼ ਨੇ ਜਨਮ ਲਿਆ ਜੋ ਆਉਣ ਵਾਲੀਆਂ ਪੀੜ੍ਹੀਆਂ ਤੱਕ ਗੂੰਜਦੀ ਰਹੇਗੀ। 7 ਜੂਨ 1936 ਨੂੰ, 'ਆਲ ਇੰਡੀਆ ਰੇਡੀਓ' ਦੇ ਤਤਕਾਲੀ ਅਧਿਕਾਰਤ ਮੈਗਜ਼ੀਨ 'ਦਿ ਇੰਡੀਅਨ ਲਿਸਨਰ' ਦੇ ਮੁੱਖ ਪੰਨੇ ਨੇ ਦੁਨੀਆ ਦੇ ਸਾਹਮਣੇ ਏ.ਆਈ.ਆਰ. ਦੀ ਘੋਸ਼ਣਾ ਕੀਤੀ। ਆਕਾਸ਼ਵਾਣੀ ਦਾ ਸਾਧਾਰਨ ਦਿੱਲੀ ਕੇਂਦਰ ਇੱਕ ਅਜਿਹਾ ਕੇਂਦਰ ਬਣ ਗਿਆ, ਜਿੱਥੇ ਆਵਾਜ਼ਾਂ ਨੂੰ ਖੰਭ ਮਿਲੇ ਅਤੇ ਇਤਿਹਾਸ ਨੂੰ ਇੱਕ ਮੰਚ ਪ੍ਰਾਪਤ ਹੋਇਆ। ਇਹਨਾਂ ਸ਼ਾਂਤ ਕੰਧਾਂ ਵਿੱਚੋਂ ਹੀ ਉਹ ਗੂੰਜਾਂ ਪੈਦਾ ਹੋਈਆਂ, ਜਿਨ੍ਹਾਂ ਨੇ ਇੱਕ ਅਜਿਹੇ ਰਾਸ਼ਟਰ ਨੂੰ ਆਕਾਰ ਦਿੱਤਾ ਜੋ ਉਦੋਂ ਤੋਂ ਹੀ ਸਦੀਵੀ,




ਆਤਮਿਕ ਅਤੇ ਅਭੁੱਲ ਬਣਿਆ ਹੋਇਆ ਹੈ। ਆਕਾਸ਼ਵਾਣੀ ਦੇ ਪੰਜਾਬ ਕਲੱਸਟਰ ਪ੍ਰਮੁੱਖ ਅਤੇ ਡਿਪਟੀ ਡਾਇਰੈਕਟਰ ਜਨਰਲ (ਇੰਜੀਨੀਅਰਿੰਗ), ਰਣਜੀਤ ਮੀਨਾ ਨੇ ਕਿਹਾ ਕਿ ਰਾਸ਼ਟਰ ਦੀਆਂ 9 ਦਹਾਕਿਆਂ ਦੀਆਂ ਨਿਰਵਿਘਨ ਸੇਵਾਵਾਂ ਦਾ ਜਸ਼ਨ ਮਨਾਉਣ ਲਈ ਪੰਜਾਬ ਵਿੱਚ ਆਕਾਸ਼ਵਾਣੀ ਜਲੰਧਰ ਅਤੇ ਪਟਿਆਲਾ ਕੇਂਦਰ ਕੱਲ੍ਹ, 9 ਮਈ ਨੂੰ ਇੱਕ 'ਵਾਕਾਥਨ' ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਅਨਾਊਂਸਰ, ਕਲਾਕਾਰ ਅਤੇ ਸਟਾਫ਼ ਮੈਂਬਰਾਂ ਨੇ ਭਾਗ ਲਿਆ। ਇਸ ਸਮਾਗਮ ਨੂੰ ਯਾਦਗਾਰ ਬਣਾਉਣ ਲਈ ਕਈ ਸਰੋਤੇ ਵੀ ਇਸ ਵਿੱਚ ਹਿੱਸਾ ਲੈ ਰਹੇ ਹਨ।

ਆਜ਼ਾਦੀ ਤੋਂ ਬਾਅਦ, ਆਕਾਸ਼ਵਾਣੀ ਦਾ ਤੇਜ਼ੀ ਨਾਲ ਵਿਸਥਾਰ ਹੋਇਆ ਅਤੇ 1956 ਵਿੱਚ ਇਸਨੇ ਅਧਿਕਾਰਤ ਤੌਰ 'ਤੇ 'ਆਕਾਸ਼ਵਾਣੀ' ਨਾਮ ਅਪਣਾਇਆ। ਅੱਜ, ਆਕਾਸ਼ਵਾਣੀ 591 ਕੇਂਦਰਾਂ ਦਾ ਸੰਚਾਲਨ ਕਰਦੀ ਹੈ, ਜੋ ਭਾਰਤ ਦੀ 98 ਪ੍ਰਤੀਸ਼ਤ ਆਬਾਦੀ ਤੱਕ ਆਪਣੀ ਪਹੁੰਚ ਬਣਾਉਂਦੇ ਹੋਏ 23 ਭਾਸ਼ਾਵਾਂ ਅਤੇ 146 ਬੋਲੀਆਂ (ਉਪ-ਭਾਸ਼ਾਵਾਂ) ਵਿੱਚ ਪ੍ਰਸਾਰਣ ਕਰਦੇ ਹਨ। 'ਬਹੁਜਨ ਹਿਤਾਯ, ਬਹੁਜਨ ਸੁਖਾਯ' ਦੇ ਆਪਣੇ ਮਹਾਨ ਆਦਰਸ਼ਾਂ ਨੂੰ ਅਪਣਾਉਂਦੇ ਹੋਏ, ਆਕਾਸ਼ਵਾਣੀ ਦਾ ਸਮਾਚਾਰ ਸੇਵਾ ਵਿਭਾਗ (ਐਨ.ਐਸ.ਡੀ.) ਰੇਡੀਓ ਪ੍ਰਸਾਰਣ ਦੀ ਉੱਚਤਮ ਪੇਸ਼ਾਵਰ ਨੈਤਿਕਤਾ ਅਤੇ ਮਾਪਦੰਡਾਂ ਦੀ ਪਾਲਣਾ ਕਰਦੇ ਹੋਏ, ਇਸ ਵਿਸ਼ਾਲ ਦੇਸ਼ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਰਹਿਣ ਵਾਲੇ ਹਰੇਕ ਨਿਵਾਸੀ ਨੂੰ ਸਾਰੀਆਂ ਪ੍ਰਮੁੱਖ ਭਾਸ਼ਾਵਾਂ ਅਤੇ ਬੋਲੀਆਂ ਵਿੱਚ 24 ਘੰਟੇ ਖ਼ਬਰਾਂ ਅਤੇ ਵਿਚਾਰ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ।

# ਚੈਸਪੀਕ ਵਿਖੇ ਸੁਰਿੰਦਰ ਢਿਲੋਂ ਦੀ ਪੁਸਤਕ "ਦ ਲੈਟਿੰਗ ਗੋ" ਦਾ ਭਾਵਪੂਰਨ ਰਿਲੀਜ਼ ਸਮਾਗਮ

ਜ਼ਿਕਰ ਪੰਜਾਬ

**ਚੈਸਪੀਕ (ਵਿਰਜੀਨੀਆ)/ਸੁਰਿੰਦਰ ਢਿੱਲੋਂ, ਡਾ. ਰੂਬੀ ਕੋਛੜ**

ਉੱਘੇ ਪੱਤਰਕਾਰ ਅਤੇ ਲੇਖਕ ਸੁਰਿੰਦਰ ਸਿੰਘ ਢਿਲੋਂ ਦੀ ਪ੍ਰੇਰਣਾਦਾਇਕ ਪੁਸਤਕ "ਦ ਲੈਟਿੰਗ ਗੋ" ਦਾ ਰਸਮੀ ਰਿਲੀਜ਼ ਚੈਸਪੀਕ, ਵਿਰਜੀਨੀਆ ਦੇ ਗੁਰਦੁਆਰਾ ਸਾਹਿਬ ਵਿਖੇ ਕੀਤਾ ਗਿਆ। ਇਸ ਪੁਸਤਕ ਨੂੰ ਉੱਘੀ ਡਾਕਟਰ ਅਤੇ ਵਕੀਲ ਡਾ. ਨੀਲਾ ਦੇਵਨਾਥ, ਜੋ ਵਿਰਜੀਨੀਆ ਬੀਚ ਹਲਕੇ ਤੋਂ ਕਾਂਗਰਸ ਦੀ ਮੈਂਬਰੀ ਲਈ ਉਮੀਦਵਾਰ ਵੀ ਹਨ, ਨੇ ਰਿਲੀਜ਼ ਕੀਤਾ। ਡਾ. ਨੀਲਾ ਦੇਵਨਾਥ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੁਰਿੰਦਰ ਢਿਲੋਂ ਜੀ ਦਾ ਹੈਮਪਟਨ ਰੋਡਜ਼ ਦੇ ਵੱਖ-ਵੱਖ ਭਾਈਚਾਰਿਆਂ ਵਿੱਚ ਵੱਡਾ ਸਤਿਕਾਰ ਹੈ ਅਤੇ ਉਨ੍ਹਾਂ ਦੀ ਪੁਸਤਕ ਰਿਲੀਜ਼ ਕਰਨਾ ਆਪਣੇ ਲਈ ਮਾਣ ਅਤੇ ਖੁਸ਼ੀ ਦੀ ਗੱਲ ਹੈ। ਸਮਾਗਮ ਦਾ ਮੰਚ ਸੰਚਾਲਨ ਡਾ. ਰੂਬੀ ਕੋਛੜ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਡਾ. ਨੀਲਾ ਦੇਵਨਾਥ ਦੀ ਜਾਣ-ਪਹਿਚਾਣ ਸੰਗਤ ਨਾਲ ਕਰਵਾਈ। ਪੁਸਤਕ ਬਾਰੇ ਗੱਲ ਕਰਦਿਆਂ ਡਾ. ਨੀਲਾ ਨੇ ਕਿਹਾ ਕਿ ਇਹ ਰਚਨਾ "ਛੱਡਣ"ਦੀ ਮਹੱਤਤਾ ਨੂੰ ਨਵੇਂ ਢੰਗ ਨਾਲ ਸਮਝਾਉਂਦੀ ਹੈ। ਉਨ੍ਹਾਂ ਅਨੁਸਾਰ ਛੱਡਣਾ ਸਿਰਫ਼





ਭਾਵਨਾਤਮਕ ਪ੍ਰਕਿਰਿਆ ਨਹੀਂ, ਸਗੋਂ ਸਰੀਰਕ ਅਤੇ ਮਾਨਸਿਕ ਚੰਗਿਆਈ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਵਿਅਕਤੀ ਦਰਦਨਾਕ ਯਾਦਾਂ ਨੂੰ ਦੁਹਰਾਉਣਾ ਛੱਡ ਦਿੰਦਾ ਹੈ, ਨਕਾਰਾਤਮਕ ਰਿਸ਼ਤਿਆਂ ਤੋਂ ਦੂਰ ਹੋ ਜਾਂਦਾ ਹੈ ਅਤੇ ਅਣਸੁਲਝੀਆਂ ਭਾਵਨਾਵਾਂ ਨੂੰ ਛੱਡ ਦਿੰਦਾ ਹੈ, ਤਾਂ ਉਸ ਦੀ ਦਿਮਾਗੀ ਪ੍ਰਣਾਲੀ ਵਿੱਚ ਸ਼ਾਂਤੀ, ਸੁਰੱਖਿਆ ਅਤੇ ਵਿਸ਼ਵਾਸ ਪੈਦਾ ਹੁੰਦਾ ਹੈ। ਇਹ ਪੁਸਤਕ ਹਰ ਵਿਅਕਤੀ ਲਈ ਲਾਭਦਾਇਕ ਹੈ ਅਤੇ ਪੜ੍ਹਨੀ ਚਾਹੀਦੀ ਹੈ। ਡਾ. ਰੂਬੀ ਕੋਛੜ ਨੇ ਦੱਸਿਆ ਕਿ ਉਨ੍ਹਾਂ ਨੇ ਲੇਖਕ ਸੁਰਿੰਦਰ ਢਿਲੋਂ ਨਾਲ ਕਈ ਪ੍ਰਾਜੈਕਟਾਂ 'ਤੇ ਕੰਮ ਕੀਤਾ ਹੈ ਅਤੇ ਉਹ ਉਨ੍ਹਾਂ ਦੀ ਲੇਖਣ-ਕਲਾ ਅਤੇ ਸ਼ਖਸੀਅਤ ਨਾਲ ਭਲੀਭਾਂਤੀ ਜਾਣੂ ਹਨ। ਉਨ੍ਹਾਂ ਨੇ ਕਿਹਾ ਕਿ ਭਾਈਚਾਰੇ ਲਈ ਮਾਣ ਦੀ ਗੱਲ ਹੈ ਕਿ ਸਾਡੇ ਕੋਲ ਅਜਿਹੇ ਪ੍ਰਤਿਭਾਸ਼ਾਲੀ ਲੇਖਕ ਅਤੇ ਪੱਤਰਕਾਰ ਮੌਜੂਦ ਹਨ। ਗੁਰਦੁਆਰਾ ਸਾਹਿਬ ਦੇ ਬੋਰਡ ਆਫ ਟਰੱਸਟੀਜ਼ ਦੇ ਚੇਅਰਮੈਨ ਰਾਜ ਰਾਹਿਲ ਨੇ ਕਿਹਾ ਕਿ ਕੁਝ ਸਮਾਂ ਪਹਿਲਾਂ ਉਹ ਇਸੇ ਵਿਸ਼ੇ 'ਤੇ ਸੁਰਿੰਦਰ ਢਿਲੋਂ ਨਾਲ ਗੱਲਬਾਤ ਕਰ ਰਹੇ ਸਨ ਅਤੇ ਹੁਣ ਉਹ ਇਸ ਨੂੰ ਪੁਸਤਕ ਦੇ ਰੂਪ ਵਿੱਚ ਦੇਖ ਕੇ ਖੁਸ਼ ਹਨ। ਉਨ੍ਹਾਂ ਨੇ ਕਿਹਾ ਕਿ ਸਾਡਾ ਭਾਈਚਾਰਾ ਹਮੇਸ਼ਾ ਉਸਾਰੂ ਸੋਚ ਨੂੰ ਪ੍ਰਮੋਟ ਕਰਦਾ ਹੈ। ਲੇਖਕ ਸੁਰਿੰਦਰ ਢਿਲੋਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਭਾਈਚਾਰੇ ਨੇ ਹੀ ਉਨ੍ਹਾਂ ਨੂੰ ਇਹ ਪੁਸਤਕ ਲਿਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਭੈਣ ਦਲਜੀਤ ਕਾਹਲੋਂ ਅਤੇ ਡਾ. ਰੂਬੀ ਕੋਛੜ ਦਾ ਵਿਸ਼ੇਸ਼ ਧੰਨਵਾਦ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਦੇ ਵਿਚਾਰਾਂ ਦਾ ਪ੍ਰਭਾਵ ਪੁਸਤਕ ਵਿੱਚ ਸਪੱਸ਼ਟ ਤੌਰ 'ਤੇ ਦਿਖਾਈ ਦਿੰਦਾ ਹੈ। ਉਨ੍ਹਾਂ ਨੇ ਆਪਣੀ ਪਤਨੀ ਬਲਦੀਸ਼ ਕੌਰ ਨੂੰ ਇਸ ਪੁਸਤਕ ਸਮਰਪਿਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨੇ ਉਨ੍ਹਾਂ ਨੂੰ ਇੱਕ ਚੰਗਾ ਲੇਖਕ ਅਤੇ ਪੱਤਰਕਾਰ ਬਣਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅਖੀਰ ਵਿੱਚ ਗੁਰਦੁਆਰਾ ਸਾਹਿਬ ਦੇ ਸਕੱਤਰ ਸੁਰਿੰਦਰ ਸਿੰਘ ਚਾਨਾ ਨੇ ਡਾ. ਨੀਲਾ ਦੇਵਨਾਥ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸਮਾਗਮ ਦੀ ਸੁਚਾਰੂ ਸੰਜੋਣਾ ਲਈ ਡਾ. ਰੂਬੀ ਕੋਛੜ ਦੀ ਭੂਮਿਕਾ ਦੀ ਵੀ ਸਰਾਹਨਾ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਬੋਰਡ ਆਫ ਟਰੱਸਟੀਜ਼ ਦੇ ਸਕੱਤਰ ਸੁਰਿੰਦਰ ਭਾਰਜੀ, ਪੰਜਾਬੀ ਰਸੋਈ ਰੈਸਟੋਰੈਂਟ ਦੇ ਮਾਲਕ ਸੁਰਿੰਦਰ ਪਾਲ ਤਿਵਾੜੀ ਆਪਣੇ ਪਰਿਵਾਰ ਸਮੇਤ ਅਤੇ ਹੋਰ ਪ੍ਰਮੁੱਖ ਹਸਤੀਆਂ ਵਿੱਚ ਡਾ. ਅਸ਼ੀਸ਼ ਪਾਲ ਸੈਣੀ, ਹਰੀਪਾਲ ਚਾਨਾ, ਅਮਰਜੀਤ ਸਿੰਘ ਕਾਹਲੋਂ, ਹਰਮਿੰਦਰ ਸਿੰਘ, ਡਾ. ਪ੍ਰਦੀਪ ਕੌਰ ਜੇਤਲੀ ਅਤੇ ਕਮੇਟੀ ਪ੍ਰਧਾਨ ਨੀਲਮ ਗਰੇਵਾਲ ਵੀ ਹਾਜ਼ਰ ਸਨ।

# ਯੂਆਈਡੀਏਆਈ ਨੇ ਸਾਈਬਰ ਸੁਰੱਖਿਆ ਅਤੇ ਡਿਜੀਟਲ ਫੋਰੈਂਸਿਕ ਲਚਕਤਾ ਵਧਾਉਣ ਲਈ ਐਨਐਫਐਸਯੂ ਨਾਲ ਹੱਥ ਮਿਲਾਇਆ




ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਭਾਰਤ ਦੀ ਵਿਲੱਖਣ ਪਛਾਣ ਅਥਾਰਟੀ ਅਤੇ ਰਾਸ਼ਟਰੀ ਫੋਰੈਂਸਿਕ ਵਿਗਿਆਨ ਯੂਨੀਵਰਸਿਟੀ ਨੇ ਡਿਜੀਟਲ ਫੋਰੈਂਸਿਕ, ਸਾਈਬਰ ਸੁਰੱਖਿਆ ਅਤੇ ਉੱਨਤ ਤਕਨਾਲੋਜੀ ਖੋਜ ਦੇ ਖੇਤਰਾਂ ਵਿੱਚ ਇੱਕ ਢਾਂਚਾਗਤ, ਪੰਜ-ਸਾਲਾ ਸਹਿਯੋਗ ਸਥਾਪਤ ਕਰਨ ਲਈ ਮਿਲ ਕੇ ਕੰਮ ਕੀਤਾ ਹੈ। ਇਹ ਸਮਝੌਤਾ ਸਹਿਯੋਗ ਲਈ ਇੱਕ ਵਿਆਪਕ ਢਾਂਚਾ ਪ੍ਰਦਾਨ ਕਰਦਾ ਹੈ ਅਤੇ "9419 ਦੇ ਡਿਜੀਟਲ ਈਕੋਸਿਸਟਮ ਵਿੱਚ ਸਾਈਬਰ ਲਚਕਤਾ ਨੂੰ ਹੋਰ ਮਜ਼ਬੂਤ ??ਕਰਨ ਲਈ ਦੋ ਪ੍ਰਮੁੱਖ ਰਾਸ਼ਟਰੀ ਸੰਸਥਾਵਾਂ ਨੂੰ ਇਕੱਠਾ ਕਰਦਾ ਹੈ, ਜੋ ਭਾਰਤ ਦੇ ਡਿਜੀਟਲ ਪਛਾਣ ਈਕੋਸਿਸਟਮ ਨੂੰ ਆਧਾਰ ਬਣਾਉਂਦਾ ਹੈ। UIDAI ਦੇ ਸੀਈਓ ਸ਼੍ਰੀ ਵਿਵੇਕ ਚੰਦਰ ਵਰਮਾ ਅਤੇ NFSU ਗੁਜਰਾਤ ਕੈਂਪਸ ਡਾਇਰੈਕਟਰ ਪ੍ਰੋਫੈਸਰ (ਡਾ.) ਐਸ.ਓ. ਜੁਨਾਰੇ ਵਿਚਕਾਰ ਸਮਝੌਤਾ ਦਾ

> **ਇਹ ਸਹਿਯੋਗ ਛੇ ਮੁੱਖ ਖੇਤਰਾਂ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਸਾਈਬਰ ਸੁਰੱਖਿਆ ਆਡਿਟ, ਫੋਰੈਂਸਿਕ ਖੋਜ ਅਤੇ ਸਮਰੱਥਾ ਨਿਰਮਾਣ ਸ਼ਾਮਲ ਹਨ**

ਆਦਾਨ-ਪ੍ਰਦਾਨ ਕੀਤਾ ਗਿਆ। ਸਮਾਰੋਹ ਵਿੱਚ UIDAI ਦੇ ਡਿਪਟੀ ਡਾਇਰੈਕਟਰ ਜਨਰਲ ਸ਼੍ਰੀ ਅਭਿਸ਼ੇਕ ਕੁਮਾਰ ਸਿੰਘ ਅਤੇ ਦੋਵਾਂ ਪਾਸਿਆਂ ਦੇ ਕਈ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਇਹ ਸਹਿਯੋਗ ਛੇ ਰਣਨੀਤਕ ਥੰਮ?ਹਾਂ 'ਤੇ ਕੇਂਦ੍ਰਿਤ ਹੋਵੇਗਾ: ਅਕਾਦਮਿਕ ਅਤੇ ਪੇਸ਼ੇਵਰ ਵਿਕਾਸ, ਸੂਚਨਾ ਸੁਰੱਖਿਆ ਅਤੇ ਸਿਸਟਮ ਇਕਸਾਰਤਾ, ਫੋਰੈਂਸਿਕ ਬੁਨਿਆਦੀ ਢਾਂਚਾ ਅਤੇ ਪ੍ਰਯੋਗਸ਼ਾਲਾ ਉੱਤਮਤਾ, ਸਾਈਬਰ ਸੁਰੱਖਿਆ ਗਤੀਵਿਧੀਆਂ ਲਈ ਤਕਨੀਕੀ ਸਹਾਇਤਾ, ਤਕਨੀਕੀ ਸਲਾਹ ਅਤੇ ਖੋਜ (ਏਆਈ, ਬਲਾਕਚੈਨ, ਡੀਪਫੇਕ ਖੋਜ, ਅਤੇ ਕ੍ਰਿਪਟੋਗ੍ਰਾਫਿਕ ਤਕਨਾਲੋਜੀਆਂ ਵਰਗੇ ਉੱਭਰ ਰਹੇ ਖੇਤਰਾਂ ਵਿੱਚ ਸੰਯੁਕਤ ਖੋਜ ਸਮੇਤ), ਅਤੇ ਰਣਨੀਤਕ ਪਲੇਸਮੈਂਟ ਅਤੇ ਆਊਟਰੀਚ, ਜਿਸ ਵਿੱਚ NFSU ਵਿਦਿਆਰਥੀਆਂ ਲਈ ਪਲੇਸਮੈਂਟ ਅਤੇ ਆਊਟਰੀਚ ਮੌਕੇ ਸ਼ਾਮਲ ਹਨ। UIDAI ਦੇ ਸੀਈਓ ਸ਼੍ਰੀ ਵਿਵੇਕ ਚੰਦਰ ਵਰਮਾ ਨੇ ਕਿਹਾ ਕਿ ਇਹ ਸਹਿਯੋਗ ਭਾਰਤ ਦੇ ਡਿਜੀਟਲ ਜਨਤਕ ਬੁਨਿਆਦੀ ਢਾਂਚੇ ਦਾ ਸਮਰਥਨ ਕਰਨ ਵਾਲੀ ਸੁਰੱਖਿਆ, ਅਖੰਡਤਾ ਅਤੇ ਫੋਰੈਂਸਿਕ ਸਮਰੱਥਾਵਾਂ ਨੂੰ ਹੋਰ ਮਜ਼ਬੂਤ ਕਰਨ ਅਤੇ ਭਾਰਤ ਦੇ ਡਿਜੀਟਲ ਪਛਾਣ ਪ੍ਰਣਾਲੀਆਂ ਲਈ ਵਾਧੂ ਸੁਰੱਖਿਆ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਹੈ।

# ਬਡਿੰਗ ਬਰੇਨਜ਼ ਇੰਟਰਨੈਸ਼ਨਲ ਸਕੂਲ 'ਚ ਮਨਾਇਆ ਗਿਆ ਨਿਵੇਸ਼ ਸਮਾਰੋਹ

ਜ਼ਿਕਰ ਪੰਜਾਬ

**ਰਾਏਕੋਟ/ਸੁਰਜੀਤ ਸਿੰਘ**

ਰਾਏਕੋਟ ਦੀ ਸਿਰਮੌਰ ਸੰਸਥਾ ਬਡਿੰਗ ਬਰੇਨਜ਼ ਇੰਟਰਨੈਸ਼ਨਲ ਸਕੂਲ ਵਿੱਚ ਨਿਵੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਕੂਲਾਂ ਵਿੱਚ ਨਿਵੇਸ਼ ਸਮਾਰੋਹ ਇੱਕ ਰਸਮੀ ਸਮਾਗਮ ਹੁੰਦਾ ਹੈ। ਜਿਸ ਦੌਰਾਨ ਵਿਦਿਆਰਥੀਆਂ ਨੂੰ ਅਥਾਰਟੀ ਅਤੇ ਜ਼ਿੰਮੇਵਾਰੀ ਦੇ ਅਹੁਦੇ ਦਿੱਤੇ ਜਾਂਦੇ ਹਨ। ਜੋ ਇੱਕ ਵਿਦਿਆਰਥੀ ਦੇ ਜੀਵਨ ਵਿੱਚ ਲੀਡਰਸ਼ਿਪ ਪੈਦਾ ਕਰਨ ਲਈ ਮਹੱਤਵ ਰੱਖਦਾ ਹੈ। ਸਕੂਲ ਦਾ ਚਾਰਜ ਸੰਭਾਲਣ ਅਤੇ ਇਸ ਨੂੰ ਉਚਾਈ ਤੱਕ ਲੈ ਕੇ ਜਾਣ ਲਈ ਉਹ ਆਪਣੀ ਅਗਵਾਈ ਅਤੇ ਫੈਸਲੇ ਲੈਣ ਦੇ ਅਤੇ ਟੀਮ ਵਰਕ ਨਾਲ ਜਿੰਮੇਵਾਰੀਆਂ ਨਿਭਾਉਣ ਦੇ ਯੋਗ ਹੋ ਜਾਂਦੇ ਹਨ। ਸਭ ਤੋਂ ਪਹਿਲਾਂ ਬੀ.ਬੀ.ਆਈ ਸਕੂਲ ਵਿੱਚ ਚਾਹਵਾਨ ਵਿਦਿਆਰਥੀਆਂ




ਦੁਆਰਾ ਕੌਂਸਲ ਮੈਂਬਰ ਬਣਨ ਲਈ ਭਾਗ ਲਿਆ ਗਿਆ। ਅਹੁਦੇਦਾਰਾਂ ਨੇ ਇੰਟਰਵਿਊ ਵਿੱਚ ਆਪਣੇ ਆਪ ਵਿੱਚ ਇੱਕ ਚੰਗੇ ਲੀਡਰ ਬਣਨ ਲਈ ਕਿਹਾ ਇੰਟਰਵਿਊ ਵਿੱਚ ਵਿਦਿਆਰਥੀਆਂ ਨੂੰ ਲੀਡਰਸ਼ਿਪ ਅਤੇ ਜਿੰਮੇਵਾਰੀ ਦੇ ਕੁਝ ਮੁੱਖ ਸਵਾਲ ਪੁੱਛੇ ਗਏ ਅਤੇ ਚੁਣੇ ਗਏ ਵਿਦਿਆਰਥੀਆਂ ਨੂੰ ਅਹੁਦੇ ਦਿੱਤੇ ਗਏ।,ਬਾਰ੍ਹਵੀਂ ਜਮਾਤ ਦੀ ਦਮਨਦੀਪ ਕੌਰ ਨੂੰ ਹੈੱਡ ਗਰਲ ਨਿਯੁਕਤ ਕੀਤਾ ਗਿਆ। ਬਾਰ੍ਹਵੀਂ ਜਮਾਤ ਦੇ ਜਸਨਦੀਪ ਸਿੰਘ ਨੂੰ ਹੈੱਡ ਬੁਆਏ ਦਾ ਅਹੁਦਾ ਦਿੱਤਾ ਗਿਆ। ਸਪੋਰਟਸ ਕੌਂਸਲ ਦੀ ਅਗਵਾਈ ਬਾਰ੍ਹਵੀਂ ਜਮਾਤ ਦੇ ਜਸਦੀਪ ਸਿੰਘ ਨੇ ਸਪੋਰਟਸ ਕੈਪਟਨ ਅਤੇ ਨੌਵੀਂ ਜਮਾਤ ਦੇ ਕਰਨਵੀਰ ਸਿੰਘ ਨੇ ਸਪੋਰਟਸ ਵਾਈਸ-ਕੈਪਟਨ ਵਜੋਂ ਕੀਤੀ। ਸਮਾਰੋਹ ਨੇ ਡਿਸਕਵਰੀ, ਹਾਰਮਨੀ, ਲੀਗੇਸੀ ਅਤੇ ਯੂਨਿਟੀ ਹਾਊਸਾਂ ਦੇ ਸਕੂਲ ਪ੍ਰੀਫੈਕਟਾਂ ਅਤੇ ਹਾਊਸ ਕੈਪਟਨਾਂ ਅਤੇ ਵਾਈਸ-ਕੈਪਟਨਾਂ ਦਾ ਸਨਮਾਨ ਕੀਤਾ। ਹਰੇਕ ਵਿਦਿਆਰਥੀ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਨਾਲ ਜਾਣੂ ਕਰਵਾਇਆ ਗਿਆ, ਜੋ ਕਿ ਅਕਾਦਮਿਕ ਉੱਤਮਤਾ, ਲੀਡਰਸ਼ਿਪ ਗੁਣਾਂ ਅਤੇ ਸਹਿ-ਪਾਠਕ੍ਰਮ ਖੇਤਰਾਂ ਵਿੱਚ ਸਰਗਰਮ ਭਾਗੀਦਾਰੀ ਦੇ ਮਿਸ਼ਰਣ ਨੂੰ ਦਰਸਾਉਂਦੀਆਂ ਹਨ। ਇਸ ਮੌਕੇ ਸਕੂਲ ਦੀ ਮੈਨੇਜਮੈਂਟ ਸਰਦਾਰ ਪਵਨਦੀਪ ਸਿੰਘ ਢਿੱਲੋ ਅਤੇ ਚੇਅਰਪਰਸਨ ਮੈਡਮ ਮਨਪ੍ਰੀਤ ਕੌਰ ਢਿੱਲੋਂ ਅਤੇ ਮਨਦੀਪ ਕੌਰ ਜੀ ਵੱਲੋਂ ਚੁਣੇ ਗਏ ਵਿਦਿਆਰਥੀਆਂ ਨੂੰ ਉਹਨਾਂ ਨਾਲ ਸੰਬੰਧਿਤ ਬੈਜ ਅਤੇ ਸੈਸ਼ ਪਹਿਨਾ ਕੇ ਜ਼ਿੰਮੇਵਾਰੀ ਸੰਭਾਲੀ ਗਈ ।ਫਿਰ ਵਿਦਿਆਰਥੀ ਕੌਂਸਲ ਦੇ ਮੈਂਬਰਾਂ ਨੇ ਸਕੂਲ ਅਤੇ ਆਪਣੇ ਵਫਾਦਾਰੀ ਨਾਲ ਕੰਮ ਕਰਨ ਦੀ ਸਹੁੰ ਮੈਨੇਜਮੈਂਟ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਦੀ ਹਾਜ਼ਰੀ ਵਿੱਚ ਚੁੱਕੀ ਗਈ। ਜਿਸ ਵਿੱਚ ਉਹਨਾਂ ਨੇ ਇਮਾਨਦਾਰੀ ਨਾਲ ਆਪਣੇ ਕਰਤੱਬ ਨਿਭਾਉਣ ਦੀ ਜਿੰਮੇਵਾਰੀ ਲਈ। ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਮੈਮ ਨੇ ਵਿਦਿਆਰਥੀਆਂ ਨੂੰ ਅਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਚੁਣੇ ਗਏ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਤੇ ਆਪਣੇ ਸੁਨਹਿਰੀ ਵਿਚਾਰਾਂ ਨਾਲ ਉਹਨਾਂ ਨੂੰ ਅਸ਼ੀਰਵਾਦ ਦਿੱਤਾ। ਜਦੋਂ ਸਕੂਲ ਦੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਮੈਮ ਨੇ ਕੌਂਸਲ ਮੈਂਬਰ ਨੂੰ ਬੈਜ ਅਤੇ ਸ਼ੈਸ ਪਹਿਨਾਏ ਤਾਂ ਬੱਚਿਆਂ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਸੀ। ਉਹਨਾਂ ਦੇ ਵਿੱਚ ਵਿਸ਼ਵਾਸ ਅਤੇ ਸਮਰਪਣ ਝਲਕਦਾ ਸੀ।

# ਪੰਜਾਬ ਦੀ ਬੈਂਕਿੰਗ ਪ੍ਰਣਾਲੀ ਜਨਗਣਨਾ ਡਿਊਟੀਆਂ ਕਾਰਨ ਆਂਸ਼ਿਕ ਤੌਰ 'ਤੇ ਠੱਪ ਹੋਣ ਦੇ ਕੰਢੇ : ਦੀਵਾਨ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਜ਼ਿਲ੍ਹਾ ਕਾਂਗਰਸ ਕਮੇਟੀ ਲੁਧਿਆਣਾ ਸ਼ਹਿਰੀ ਦੇ ਸਾਬਕਾ ਪ੍ਰਧਾਨ ਪਵਨ ਦੀਵਾਨ ਨੇ ਪੰਜਾਬ ਸਰਕਾਰ

> **ਬੈਂਕ ਕਰਮਚਾਰੀਆਂ ਨੂੰ ਜਨਗਣਨਾ ਡਿਊਟੀਆਂ 'ਚ ਲਗਾਉਣ ਨਾਲ ਆਮ ਲੋਕ ਹੋ ਰਹੇ ਪ੍ਰੇਸ਼ਾਨ: ਕਾਂਗਰਸ**

ਵੱਲੋਂ ਬੈਂਕ ਕਰਮਚਾਰੀਆਂ ਨੂੰ ਜਨਗਣਨਾ ਸੰਬੰਧੀ ਡਿਊਟੀਆਂ 'ਤੇ ਤਾਇਨਾਤ ਕਰਨ ਦੇ ਫੈਸਲੇ 'ਤੇ ਤਿੱਖਾ ਹਮਲਾ ਬੋਲਦਿਆਂ, ਇਸਨੂੰ ਪ੍ਰਸ਼ਾਸਨਿਕ ਤੌਰ 'ਤੇ ਗੈਰ-ਜ਼ਿੰਮੇਵਾਰ ਅਤੇ ਆਰਥਿਕ ਤੌਰ 'ਤੇ ਵਿਨਾਸ਼ਕਾਰੀ ਕਦਮ ਕਰਾਰ ਦਿੱਤਾ ਹੈ। ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਪਹਿਲਾਂ ਹੀ ਵੱਧ ਬੋਝ ਹੇਠ ਕੰਮ ਕਰ ਰਹੇ ਬੈਂਕ ਕਰਮਚਾਰੀਆਂ ਨੂੰ ਐਸਆਈਆਰ ਟ੍ਰੇਨਿੰਗ ਅਤੇ ਸਰਵੇ ਡਿਊਟੀਆਂ ਲਈ ਹਟਾਉਣ ਕਾਰਨ ਸੂਬੇ ਭਰ ਵਿੱਚ ਉਦਯੋਗ ਅਤੇ ਲੋਕ ਸੇਵਾਵਾਂ ਵਿੱਚ ਹਾਹਾਕਾਰ ਮਚ ਗਿਆ ਹੈ। ਇੱਥੇ ਜਾਰੀ ਇਕ ਬਿਆਨ ਵਿੱਚ, ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਰਹੇ, ਦੀਵਾਨ ਨੇ ਕਿਹਾ ਕਿ ਪੰਜਾਬ ਦੀ ਨਾਜ਼ੁਕ ਉਦਯੋਗਿਕ ਅਰਥ ਵਿਵਸਥਾ ਨੂੰ ਹੋਰ ਡੂੰਘੇ ਸੰਕਟ ਵੱਲ ਧੱਕਿਆ ਜਾ ਰਿਹਾ ਹੈ, ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨਾਂ ਵੱਲੋਂ ਵੱਡੀ ਗਿਣਤੀ ਵਿੱਚ ਬੈਂਕ ਕਰਮਚਾਰੀਆਂ ਨੂੰ ਹੋਰ ਡਿਊਟੀਆਂ 'ਤੇ ਲਗਾਉਣ ਨਾਲ ਰੋਜ਼ਾਨਾ ਬੈਂਕਿੰਗ ਦਾ



ਕੰਮਕਾਜ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ ਅਤੇ ਅਹਿਮ ਵਿੱਤੀ ਸੇਵਾਵਾਂ ਠੱਪ ਹੋਣ ਦੇ ਕਗਾਰ 'ਤੇ ਪਹੁੰਚ ਗਈਆਂ ਹਨ।

ਦੀਵਾਨ ਨੇ ਕਿਹਾ ਕਿ ਪਹਿਲਾਂ ਹੀ ਸਟਾਫ ਦੀ ਭਾਰੀ ਘਾਟ ਨਾਲ ਜੂਝ ਰਹੇ ਬੈਂਕ ਹੁਣ ਵੱਡੇ ਸੰਚਾਲਕੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਦੇ ਗਲਤ ਫੈਸਲੇ ਨੇ ਰੋਜ਼ਾਨਾ ਬੈਂਕਿੰਗ ਕੰਮਕਾਜ ਨੂੰ ਪੰਗੂ ਬਣਾ ਦਿੱਤਾ ਹੈ। ਇਸ ਦੌਰਾਨ ਨਕਦ ਜਮ?ਹਾਂ, ਚੈਕ ਕਲੀਅਰੈਂਸ, ਖਾਤਾ ਸੇਵਾਵਾਂ, ਦਸਤਾਵੇਜ਼ੀ ਕਾਰਵਾਈ ਅਤੇ ਕਰਜ਼ਾ ਪ੍ਰਕਿਰਿਆ ਵਰਗੀਆਂ ਜ਼ਰੂਰੀ ਸੇਵਾਵਾਂ ਵਿੱਚ ਦੇਰੀ ਹੋ ਰਹੀ ਹੈ, ਜਿਸ ਨਾਲ ਵਪਾਰਕ ਗਤੀਵਿਧੀਆਂ ਰੁੱਕ ਰਹੀਆਂ ਹਨ ਅਤੇ ਪੰਜਾਬ ਭਰ ਵਿੱਚ ਆਰਥਿਕ ਸਰਗਰਮੀਆਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ।

ਦੀਵਾਨ ਨੇ ਚੇਤਾਵਨੀ ਦਿੱਤੀ ਹੈ ਕਿ ਇਨ੍ਹਾਂ ਹਾਲਾਤਾਂ ਵਿੱਚ ਜੇਕਰ ਬੈਂਕ ਕਰਮਚਾਰੀਆਂ ਦੀ ਇਹ ਤਾਇਨਾਤੀ ਜਾਰੀ ਰਹੀ, ਤਾਂ ਪਹਿਲਾਂ ਹੀ ਆਰਥਿਕ ਮੰਦਹਾਲੀ, ਵਧ ਰਹੀਆਂ ਲਾਗਤਾਂ ਅਤੇ ਘਟ ਰਹੀ ਤਰਲਤਾ ਨਾਲ ਜੂਝ ਰਹੇ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਹੋਰ ਵੀ ਵੱਡਾ ਝਟਕਾ ਲੱਗ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਫੈਕਟਰੀ, ਵਪਾਰੀ ਅਤੇ ਛੋਟੇ ਕਾਰੋਬਾਰੀ ਲਈ ਆਪਣੇ ਕੰਮਕਾਜ ਲਈ ਸੁਚਾਰੂ ਬੈਂਕਿੰਗ ਸੇਵਾਵਾਂ 'ਤੇ ਨਿਰਭਰ ਕਰਦੇ ਹਨ। ਜੇਕਰ ਕਰਮਚਾਰੀਆਂ ਨੂੰ ਲਗਾਤਾਰ ਸਰਵੇ ਡਿਊਟੀਆਂ ਲਈ ਹਟਾਇਆ ਜਾਂਦਾ ਰਿਹਾ, ਤਾਂ ਬੈਂਕਿੰਗ ਪ੍ਰਣਾਲੀ ਖੁਦ ਹੀ ਸਟਾਫ ਦੀ ਭਾਰੀ ਕਮੀ ਕਾਰਨ ਅੰਸ਼ਕ ਤੌਰ 'ਤੇ ਠੱਪ ਹੋ ਸਕਦੀ ਹੈ।

# ਡਾ. ਰਿਮੇਸ਼ ਪਾਲ ਵੱਕਾਰੀ ਏਏਸੀਈ ਰਾਈਜ਼ਿੰਗ ਸਟਾਰ ਇਨ ਐਂਡੋਕਰੀਨੋਲੋਜੀ ਅਵਾਰਡ 2026 ਨਾਲ ਸਨਮਾਨਿਤ

ਜ਼ਿਕਰ ਪੰਜਾਬ

**ਚੰਡੀਗੜ੍ਹ/ਬਿਊਰੋ**

ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ, ਚੰਡੀਗੜ੍ਹ ਦੇ ਐਂਡੋਕਰੀਨੋਲੋਜੀ ਵਿਭਾਗ ਵਿੱਚ ਐਸੋਸੀਏਟ ਪ੍ਰੋਫੈਸਰ ਡਾ. ਰਿਮੇਸ਼ ਪਾਲ ਨੂੰ ਅਪ੍ਰੈਲ 2026 ਵਿੱਚ ਲਾਸ ਵੇਗਾਸ, ਅਮਰੀਕਾ ਵਿੱਚ ਹੋਣ ਵਾਲੀ ਅਮੈਰੀਕਨ ਐਸੋਸੀਏਸ਼ਨ ਆਫ਼ ਕਲੀਨਿਕਲ ਐਂਡੋਕਰੀਨੋਲੋਜੀ (1135) ਦੀ ਸਾਲਾਨਾ ਮੀਟਿੰਗ ਵਿੱਚ ਵੱਕਾਰੀ ਰਾਈਜ਼ਿੰਗ ਸਟਾਰ ਇਨ ਐਂਡੋਕਰੀਨੋਲੋਜੀ ਅਵਾਰਡ 2026 ਨਾਲ ਸਨਮਾਨਿਤ ਕੀਤਾ ਗਿਆ ਹੈ। ਏਏਸੀਈ ਰਾਈਜ਼ਿੰਗ ਸਟਾਰ ਇਨ ਐਂਡੋਕਰੀਨੋਲੋਜੀ ਅਵਾਰਡ ਇੱਕ ਅੰਤਰਰਾਸ਼ਟਰੀ ਸਨਮਾਨ ਹੈ ਜੋ ਪ੍ਰਤਿਭਾਸ਼ਾਲੀ ਸ਼ੁਰੂਆਤੀ-ਕੈਰੀਅਰ ਐਂਡੋਕਰੀਨੋਲੋਜਿਸਟਾਂ ਨੂੰ ਕਲੀਨਿਕਲ ਐਂਡੋਕਰੀਨੋਲੋਜੀ, ਅਕਾਦਮਿਕ ਉੱਤਮਤਾ ਅਤੇ ਖੋਜ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਲਈ ਦਿੱਤਾ ਜਾਂਦਾ ਹੈ। ਵਿਸ਼ੇਸ਼ ਤੌਰ 'ਤੇ, ਡਾ. ਪਾਲ ਕਿਸੇ ਭਾਰਤੀ ਸੰਸਥਾ ਦੇ ਇਕਲੌਤੇ ਪੁਰਸਕਾਰ ਜੇਤੂ ਹਨ ਜਿਨ੍ਹਾਂ ਨੂੰ ਹੁਣ ਤੱਕ ਇਹ ਸਨਮਾਨ ਪ੍ਰਾਪਤ ਹੋਇਆ ਹੈ, ਜੋ ਭਾਰਤ ਤੋਂ ਐਂਡੋਕਰੀਨੋਲੋਜੀ ਖੋਜ ਦੇ ਵਧ ਰਹੇ ਵਿਸ਼ਵਵਿਆਪੀ ਪ੍ਰਭਾਵ ਨੂੰ ਦਰਸਾਉਂਦਾ ਹੈ। ਡਾ. ਪਾਲ ਦਾ ਅਕਾਦਮਿਕ ਅਤੇ ਕਲੀਨਿਕਲ ਕੰਮ ਐਂਡੋਕਰੀਨੋਲੋਜੀ ਦੇ ਵੱਖ-ਵੱਖ ਖੇਤਰਾਂ ਵਿੱਚ ਫੈਲਿਆ ਹੋਇਆ ਹੈ, ਜਿਸ ਵਿੱਚ ਮੈਟਾਬੋਲਿਕ ਹੱਡੀਆਂ ਦੀ



ਬਿਮਾਰੀ, ਓਸਟੀਓਪੋਰੋਸਿਸ, ਸਰਕੋਪੇਨੀਆ, ਅਤੇ ਟਾਈਪ 2 ਸ਼ੂਗਰ ਰੋਗ ਸ਼ਾਮਲ ਹਨ। ਉਨ੍ਹਾਂ ਨੇ ਵੱਕਾਰੀ ਅੰਤਰਰਾਸ਼ਟਰੀ ਵਿਗਿਆਨਕ ਰਸਾਲਿਆਂ ਵਿੱਚ ਕਈ ਪੇਪਰ ਪ੍ਰਕਾਸ਼ਿਤ ਕੀਤੇ ਹਨ ਅਤੇ ਐਂਡੋਕਰੀਨ ਸਿੱਖਿਆ ਅਤੇ ਖੋਜ ਵਿੱਚ ਸਰਗਰਮੀ ਨਾਲ ਯੋਗਦਾਨ ਪਾਇਆ ਹੈ। ਇਸ ਸਾਲ, ਡਾ. ਪਾਲ ਨੂੰ ਗਲੋਬਲ ਐਸੋਸੀਏਸ਼ਨ ਆਫ਼ ਫਿਜ਼ੀਸ਼ੀਅਨਜ਼ ਆਫ਼ ਇੰਡੀਅਨ ਓਰੀਜਨ ਦੁਆਰਾ ਡਾ. ਆਈ.ਏ. ਮੋਦੀ ਅਵਾਰਡ (ਯੰਗ ਕਲੀਨੀਸ਼ੀਅਨ ਸ਼੍ਰੇਣੀ) ਨਾਲ ਵੀ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ, ਡਾ. ਪਾਲ ਨੇ ਆਪਣੇ ਮਾਪਿਆਂ, ਪਤਨੀ, ਵਿਭਾਗ ਮੁਖੀ, ਸਲਾਹਕਾਰਾਂ, ਸਹਿਯੋਗੀਆਂ, ਸਿਖਿਆਰਥੀਆਂ ਅਤੇ ਸਾਰੇ ਸ਼ੁਭਚਿੰਤਕਾਂ ਦਾ ਉਨ੍ਹਾਂ ਦੇ ਨਿਰੰਤਰ ਸਮਰਥਨ ਅਤੇ ਉਤਸ਼ਾਹ ਲਈ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਇੱਕ ਮਜ਼ਬੂਤ ਅਕਾਦਮਿਕ ਅਤੇ ਖੋਜ-ਮੁਖੀ ਵਾਤਾਵਰਣ ਪ੍ਰਦਾਨ ਕਰਨ ਲਈ ਚੰਡੀਗੜ੍ਹ ਦਾ ਧੰਨਵਾਦ ਕੀਤਾ ਅਤੇ ਇੱਕ ਸਮਾਵੇਸ਼ੀ ਅਤੇ ਗਲੋਬਲ ਐਂਡੋਕਰੀਨ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਲਈ ਸ਼ਲਾਘਾ ਕੀਤੀ। ਇਹ ਪੁਰਸਕਾਰ ਅੰਤਰਰਾਸ਼ਟਰੀ ਅਕਾਦਮਿਕ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਕਰੇਗਾ ਅਤੇ ਨੌਜਵਾਨ ਭਾਰਤੀ ਡਾਕਟਰ-ਵਿਗਿਆਨੀ ਅਤੇ ਐਂਡੋਕਰੀਨੋਲੋਜਿਸਟਾਂ ਨੂੰ ਪ੍ਰਭਾਵਸ਼ਾਲੀ ਕਲੀਨਿਕਲ ਅਤੇ ਅਨੁਵਾਦਕ ਖੋਜ ਨੂੰ ਅੱਗੇ ਵਧਾਉਣ ਲਈ ਪ੍ਰੇਰਿਤ ਕਰੇਗਾ।

# ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨਾਲ ਬਾਵਾ ਨੇ ਕੀਤੀ ਮੁਲਾਕਾਤ

## ਓ.ਬੀ.ਸੀ ਨੂੰ ਚੋਣਾਂ ਵਿੱਚ ਆਬਾਦੀ ਦੇ ਆਧਾਰ 'ਤੇ ਪ੍ਰਤੀਨਿਧਤਾ ਦੇਣ ਦੀ ਕੀਤੀ ਮੰਗ

ਜ਼ਿਕਰ ਪੰਜਾਬ

**ਲੁਧਿਆਣਾ/ਬਿਊਰੋ**

ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਸਾਬਕਾ ਮੁੱਖ ਮੰਤਰੀ ਛੱਤੀਸਗੜ੍ਹ ਭੁਪੇਸ਼ ਬੁਘੇਲ ਨਾਲ ਸੀਨੀਅਰ ਕਾਂਗਰਸੀ ਨੇਤਾ ਕ੍ਰਿਸ਼ਨ ਕੁਮਾਰ ਬਾਵਾ ਕੋਆਰਡੀਨੇਟਰ (ਏ.ਆਈ.ਸੀ.ਸੀ) ਓ.ਬੀ.ਸੀ ਇੰਚਾਰਜ ਹਿਮਾਚਲ ਪ੍ਰਦੇਸ਼ ਨੇ ਦਿੱਲੀ ਵਿਖੇ ਛੱਤੀਸਗੜ੍ਹ ਭਵਨ ਵਿੱਚ ਮੁਲਾਕਾਤ ਕੀਤੀ। ਇਸ ਸਮੇਂ ਬਾਵਾ ਨੇ ਸ਼?ਰੀ ਬੁਘੇਲ ਨੂੰ ਆਪਣੀ ਜਿੰਦਗੀ 'ਤੇ ਆਧਾਰਿਤ 45 ਸਾਲ ਦੇ ਸੰਘਰਸ਼ 'ਤੇ ਲਿਖੀ ਪੁਸਤਕ ਭੇਂਟ ਕੀਤੀ ਅਤੇ ਦੁਸ਼ਾਲਾ ਪਹਿਨਾਇਆ ਅਤੇ 12 ਮਈ ਨੂੰ ਚੱਪੜ ਚਿੜੀ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਸ਼੍ਰੀ ਬਘੇਲ ਨੂੰ ਬਾਵਾ ਨੇ ਦੱਸਿਆ ਕਿ ਉਹ 1978 ਤੋਂ ਕਾਂਗਰਸ ਪਾਰਟੀ ਦਾ ਝੰਡਾ ਚੁੱਕਣ ਵਾਲੇ ਵਰਕਰ ਹਨ ਅਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਆਪਣੇ ਸਰੀਰ 'ਤੇ ਗੋਲੀਆਂ ਖਾਦੀਆਂ ਹਨ। ਉਹਨਾਂ ਕਿਹਾ ਕਿ ਉਹ ਤਿੰਨ



ਵਾਰ ਸਟੇਟ ਦੇ ਚੇਅਰਮੈਨ ਜਿਲ੍ਹਾ ਕਾਂਗਰਸ ਦੇ ਪ੍ਰਧਾਨ ਰਹੇ। ਪ੍ਰਦੇਸ਼ ਦੇ ਜਨਰਲ ਸਕੱਤਰ ਰਹੇ ਪਰ ਵਿਧਾਨ ਸਭਾ ਦੀ ਟਿਕਟ ਤੋਂ ਵਾਂਝੇ ਰਹੇ। ਉਹਨਾਂ ਦੱਸਿਆ ਕਿ ਉਹ ਓ.ਬੀ.ਸੀ ਨਾਲ ਸੰਬੰਧਿਤ ਹਨ। ਓ.ਬੀ.ਸੀ ਸਮਾਜ ਦੇ ਲੋਕਾਂ ਦੀ ਪੰਜਾਬ ਵਿੱਚ 40% ਵੋਟ ਹੈ 71 ਜਾਤੀਆਂ ਹਨ ਪਰ ਸਿਆਸੀ ਹਿੱਸੇਦਾਰੀ ਨਹੀਂ ਮਿਲਦੀ। ਉਹਨਾਂ ਕਿਹਾ ਕਿ ਖੁਸ਼ੀ ਦੀ ਗੱਲ ਹੈ ਕਿ ਕਾਂਗਰਸ ਪਾਰਟੀ ਦੇ ਯੁਵਾ ਨੇਤਾ ਅਤੇ ਭਾਰਤ ਦਾ ਭਵਿੱਖ ਰਾਹੁਲ ਗਾਂਧੀ ਨੇ ਪੱਛੜੇ ਸਮਾਜ ਨੂੰ ਆਬਾਦੀ ਦੇ ਆਧਾਰ 'ਤੇ ਨੁਮਾਇੰਦਗੀ ਦੇਣ ਦਾ ਪਾਰਟੀ ਦੇ ਵਰਕਰਾਂ ਨਾਲ ਹਰ ਮੰਚ ਤੋਂ ਵਾਅਦਾ ਕੀਤਾ ਹੈ ਜਿਸ ਲਈ ਓ.ਬੀ.ਸੀ ਸਮਾਜ ਵਿੱਚ ਸੰਤੁਸ਼ਟੀ ਅਤੇ ਖੁਸ਼ੀ ਹੈ।

ਉਹਨਾਂ ਕਿਹਾ ਕਿ ਰਾਹੁਲ ਗਾਂਧੀ ਦੀ ਸੋਚ, ਸੱਚਾਈ, ਸਪਸ਼ਟਤਾ ਇੱਕ ਦਿਨ ਉਹਨਾਂ ਨੂੰ ਭਾਰਤ ਦੀ ਵਾਂਗਡੋਰ ਸੰਭਾਲੇਗੀ। ਇਸ ਸਮੇਂ ਸ੍ਰੀ ਬਘੇਲ ਨੇ ਤਕਰੀਬਨ 20 ਮਿੰਟਾਂ ਉਹਨਾਂ ਦੀਆਂ ਸਾਰੀਆਂ ਗੱਲਾਂ ਸੁਣੀਆਂ ਅਤੇ ਕਿਹਾ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਅਤੇ ਰਾਹੁਲ ਗਾਂਧੀ ਦੇ ਹੱਥ ਮਜਬੂਤ ਕਰਨ ਲਈ ਪਾਰਟੀ ਦਾ ਹਰ ਵਰਕਰ ਸਿਪਾਹੀ ਦੀ ਤਰ੍ਹਾਂ ਫਿਰਕੂ ਸੋਚ ਦੇ ਖਿਲਾਫ ਲੜਾਈ ਲੜੇ ਅਤੇ ਪੰਜਾਬ ਦੇ ਵਿਕਾਸ, ਸ਼ਾਂਤੀ ਅਤੇ ਖੁਸ਼ਹਾਲੀ ਲਈ ਰੋਲ ਅਦਾ ਕਰੇ। ਉਹਨਾਂ ਭਰੋਸਾ ਦਿਵਾਇਆ ਕਿ ਕੰਮ, ਕੁਰਬਾਨੀ, ਸਿਨਿਓਰਟੀ ਦੇ ਆਧਾਰ 'ਤੇ ਹੀ ਵਰਕਰਾਂ ਅਤੇ ਨੇਤਾਵਾਂ ਨੂੰ ਮਾਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਸੈਕੂਲਰ ਸੋਚ ਹੀ ਦੇਸ਼ ਦੀ ਤਰੱਕੀ ਦਾ ਆਧਾਰ ਹੈ।

# ਫਿਕੋ ਨੇ ਚਾਈਨਾ ਸਾਈਕਲ ਸ਼ੋਅ ਵਿੱਚ ਭਾਰਤੀ ਨਿਰਮਾਤਾਵਾਂ ਦੇ ਸਟਾਲਾਂ ਦਾ ਦੌਰਾ ਕੀਤਾ

ਜ਼ਿਕਰ ਪੰਜਾਬ

**ਲੁਧਿਆਣਾ/ਵਾਸੂ ਜੇਤਲੀ**

ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜ਼ੇਸ਼ਨ (ਫਿਕੋ) ਦੇ ਵਫ਼ਦ ਨੇ ਸ. ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਅਤੇ ਸ. ਮਨਜਿੰਦਰ ਸਿੰਘ ਸਚਦੇਵਾ, ਜਨਰਲ ਸਕੱਤਰ ਫਿਕੋ ਦੀ ਅਗਵਾਈ ਹੇਠ, ਚੀਨ ਦੇ ਸ਼ੰਘਾਈ ਵਿੱਚ ਆਯੋਜਿਤ ਚਾਈਨਾ ਸਾਈਕਲ ਸ਼ੋਅ ਵਿੱਚ ਭਾਰਤੀ ਸਾਈਕਲ ਅਤੇ ਸਾਈਕਲ ਪਾਰਟਸ ਨਿਰਮਾਤਾਵਾਂ ਦੇ ਸਟਾਲਾਂ ਦਾ ਦੌਰਾ ਕੀਤਾ। ਫਿਕੋ ਵਫ਼ਦ ਨੇ ਪ੍ਰਦਰਸ਼ਨੀ ਦੌਰਾਨ ਐਵਨ ਸਾਈਕਲ ਲਿਮਟਿਡ, ਸਪੀਡਵੇਜ਼ ਟਾਇਰਜ਼ ਲਿਮਟਿਡ, ਅਤੇ ਸਾਵਰੇਨ ਐਕਸਪੋਰਟਸ ਦੇ ਸਟਾਲਾਂ ਦਾ ਦੌਰਾ ਕੀਤਾ। ਸ. ਗੁਰਮੀਤ ਸਿੰਘ



ਕੁਲਾਰ ਪ੍ਰਧਾਨ ਫਿਕੋ ਨੇ ਕਿਹਾ ਕਿ ਇਹ ਲੁਧਿਆਣਾ ਦੇ ਸਾਈਕਲ ਅਤੇ ਸਾਈਕਲ ਪਾਰਟਸ ਉਦਯੋਗ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਨਿਰਮਾਤਾ ਚਾਈਨਾ ਸਾਈਕਲ ਸ਼ੋਅ 2026 ਵਰਗੀਆਂ ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਰਾਹੀਂ ਵਿਸ਼ਵ ਬਾਜ਼ਾਰ ਵਿੱਚ ਆਪਣੇ ਉਤਪਾਦਾਂ ਦਾ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਅੰਤਰਰਾਸ਼ਟਰੀ ਪ੍ਰਦਰਸ਼ਨੀਆਂ ਵਿੱਚ ਭਾਗੀਦਾਰੀ ਭਾਰਤੀ ਉਦਯੋਗ ਨੂੰ ਵਿਸ਼ਵ ਬਾਜ਼ਾਰ ਦੇ ਰੁਝਾਨਾਂ ਨੂੰ ਸਮਝਣ, ਨਵੇਂ ਵਪਾਰਕ ਮੌਕਿਆਂ ਦੀ ਖੋਜ ਕਰਨ ਅਤੇ ਨਿਰਯਾਤ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ।

# ਯੂਆਈਡੀਏਆਈ ਡੇਟਾ ਹੈਕਾਥੌਨ 2026 ਨੇ ਸਮਾਵੇਸ਼ੀ ਸ਼ਾਸਨ ਲਈ ਡੇਟਾ-ਅਧਾਰਿਤ ਨਵੀਨਤਾਵਾਂ ਨੂੰ ਪ੍ਰਦਰਸ਼ਿਤ ਕੀਤਾ

ਜ਼ਿਕਰ ਪੰਜਾਬ

**ਨਵੀਂ ਦਿੱਲੀ/ਬਿਊਰੋ**

ਭਾਰਤੀ ਵਿਲੱਖਣ ਪਛਾਣ ਅਥਾਰਟੀ (ਯੂਆਈਡੀਏਆਈ) ਦੁਆਰਾ ਯੂਆਈਡੀਏਆਈ ਡਾਟਾ ਹੈਕਾਥਾਨ 2026 ਨੂੰ ਸਫਲਤਾਪੂਰਵਕ ਸਮਾਪਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਡਿਜੀਟਲ ਪਛਾਣ ਦੇ ਖੇਤਰ ਵਿੱਚ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਉੱਤਮ ਨਵੀਨਤਾਵਾਂ ਦਾ ਜਸ਼ਨ ਮਨਾਇਆ ਗਿਆ, ਜਿਨ੍ਹਾਂ ਦਾ ਉਦੇਸ਼ ਸ਼ਾਸਨ ਅਤੇ ਜਨਤਕ ਸੇਵਾ ਵੰਡ ਨੂੰ ਬਿਹਤਰ ਬਣਾਉਣਾ ਸੀ। ਡਿਜੀਟਲ ਪਛਾਣ ਡਾਟੇ ਦੇ ਨਵੀਨਤਾਕਾਰੀ ਅਤੇ ਜ਼ਿੰਮੇਵਾਰ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਆਯੋਜਿਤ ਇਸ ਹੈਕਾਥਾਨ ਨੇ ਵਿਦਿਆਰਥੀਆਂ ਅਤੇ ਨੌਜਵਾਨ ਪੇਸ਼ਾਵਰਾਂ ਨੂੰ ਇੱਕ ਅਜਿਹਾ ਪਲੈਟਫਾਰਮ ਦਿੱਤਾ ਜਿੱਥੇ ਉਹ ਵੱਡੇ ਪੱਧਰ ਉੱਤੇ ਲਾਗੂ ਹੋਣ ਯੋਗ ਅਤੇ ਡੇਟਾ ਆਧਾਰਿਤ ਹੱਲ ਤਿਆਰ ਕਰ ਸਕਣ, ਜਿਨ੍ਹਾਂ ਦਾ ਟੀਚਾ ਸਮਾਵੇਸ਼, ਕੁਸ਼ਲਤਾ ਅਤੇ ਸ਼ਾਸਨ ਦੇ ਨਤੀਜਿਆਂ ਨੂੰ ਬਿਹਤਰ ਬਣਾਉਣਾ ਹੈ। ਲਗਭਗ 15,000 ਟੀਮਾਂ ਦੇ ਰਜਿਸਟ੍ਰੇਸ਼ਨ ਅਤੇ 5,000 ਤੋਂ ਵੱਧ ਟੀਮਾਂ ਦੁਆਰਾ ਸਮਾਧਾਨ ਪ੍ਰਸਤੁਤ ਕਰਨ 'ਤੇ ਇਸ ਉਪਰਾਲੇ ਨੂੰ ਬਹੁਤ ਵਧੀਆ ਪ੍ਰਤੀਕਿਰਿਆ ਮਿਲੀ। ਇਸ ਤਰ੍ਹਾਂ ਇਹ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ (ਡੀਪੀਆਈ) ਈਕੋਸਿਸਟਮ ਵਿੱਚ ਡੇਟਾ ਨਵੀਨਤਾ ਦੀ ਸਭ ਤੋਂ ਵੱਡੀ ਚੁਣੌਤੀਆਂ ਵਿੱਚੋਂ ਇੱਕ ਬਣ ਗਿਆ। ਇੱਕ ਸਖ਼ਤ ਅਤੇ ਬਹੁ-ਪੜਾਵੀ ਮੁਲਾਂਕਣ ਪ੍ਰਕਿਰਿਆ ਤੋਂ ਬਾਅਦ ਜਿਸ ਵਿੱਚ 5,000 ਤੋਂ ਵੱਧ ਐਂਟਰੀਆਂ ਦੀ ਜਾਂਚ, 30 ਪ੍ਰੋਜੈਕਟਾਂ ਦੀ ਸ਼ਾਰਟਲਿਸਟਿੰਗ ਅਤੇ 15 ਫਾਈਨਲਿਸਟ ਟੀਮਾਂ ਦਾ ਵਿਸਥਾਰਤ ਮੁਲਾਂਕਣ ਸ਼ਾਮਲ ਸੀ ਟਾਪ ਪੰਜ ਟੀਮਾਂ ਨੂੰ ਆਪਣੇ ਹੱਲ ਪੇਸ਼ ਕਰਨ ਲਈ ਅੰਤਿਮ ਪ੍ਰੋਗਰਾਮ ਵਿੱਚ ਬੁਲਾਇਆ ਗਿਆ। ਇੰਸਟੀਟਿਊਟ ਆਫ਼ ਇੰਜੀਨੀਅਰਿੰਗ ਐਂਡ ਮੈਨੇਜਮੈਂਟ, ਕੋਲਕਤਾ ਅਤੇ ਇੰਡੀਅਨ ਇੰਸਟੀਟਿਊਟ ਆਫ਼ ਸਾਇੰਸ ਐਜੂਕੇਸ਼ਨ ਐਂਡ ਰਿਸਰਚ, ਕੋਲਕਤਾ ਦੀ ਜੇਤੂ ਟੀਮ ਨੇ ਯੂਆਈਡੀਏਆਈ ਵੱਲੋਂ ਸਾਂਝਾ ਕੀਤੇ ਆਧਾਰ ਨਾਮਾਂਕਣ ਅਤੇ ਅਪਡੇਟ ਡੇਟਾਸੈੱਟ ਦਾ ਡੂੰਘਾ ਵਿਸ਼ਲੇਸ਼ਣ ਪੇਸ਼ ਕੀਤਾ। ਉਨ੍ਹਾਂ ਦੇ ਕੰਮ ਨੇ ਖੇਤਰਾਂ, ਰਾਜਾਂ ਅਤੇ ਜਨਸੰਖਿਆ ਸਮੂਹਾਂ ਵਿੱਚ ਨਾਮਾਂਕਣ ਰੁਝਾਨਾਂ ਅਤੇ ਬਾਇਓਮੈਟ੍ਰਿਕ ਅੱਪਡੇਟ ਪੈਟਰਨਾਂ ਬਾਰੇ ਵਡਮੁੱਲੀ ਸਮਝ ਪੈਦਾ ਕੀਤੀ, ਨਾਲ ਹੀ ਸੇਵਾ ਪ੍ਰਦਾਨ ਕਰਨ ਵਿੱਚ ਸੁਧਾਰ ਲਈ ਸਿਫ਼ਾਰਸ਼ਾਂ ਵੀ ਕੀਤੀਆਂ। ਪ੍ਰਤੀਭਾਗੀਆਂ ਨੂੰ ਸੰਬੋਧਨ ਕਰਦਿਆਂ ਯੂਆਈਡੀਏਆਈ ਦੇ ਸੀਈਓ ਸ਼੍ਰੀ ਵਿਵੇਕ ਚੰਦਰ ਵਰਮਾ ਨੇ ਟੀਮਾਂ ਦੀ ਤਾਰੀਫ਼ ਕੀਤੀ ਅਤੇ ਕਿਹਾ ਕਿ ਉਨ੍ਹਾਂ ਨੇ ਵਿਸ਼ਲੇਸ਼ਣ ਦੀ ਬਾਰੀਕੀ ਨੂੰ ਲੋਕ ਭਲਾਈ ਦੇ ਮਜ਼ਬੂਤ ਨਜ਼ਰੀਏ ਨਾਲ ਜੋੜਿਆ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਨਵੀਆਂ ਕੋਸ਼ਿਸ਼ਾਂ ਨੀਤੀਆਂ ਅਤੇ ਕਾਰਜ ਪ੍ਰਣਾਲੀਆਂ ਵਿੱਚ ਸੁਧਾਰ ਲਿਆਉਣ ਵਿੱਚ ਸਿੱਧਾ ਯੋਗਦਾਨ ਪਾ ਸਕਦੀਆਂ ਹਨ। ਉਨ੍ਹਾਂ ਸ਼ਾਸਨ ਵਿੱਚ ਸਭ ਨੂੰ ਸ਼ਾਮਲ ਕਰਨ ਅਤੇ ਕੁਸ਼ਲਤਾ ਲਿਆਉਣ ਲਈ ਡੇਟਾ ਦੀ ਜ਼ਿੰਮੇਵਾਰ ਅਤੇ ਨੈਤਿਕ ਵਰਤੋਂ ਉੱਤੇ ਜ਼ੋਰ ਦਿੱਤਾ। ਯੂਆਈਡੀਏਆਈ ਦੇ ਸੀਈਓ ਨੇ ਇਸ ਪਹਿਲਕਦਮੀ ਲਈ ਯੂਆਈਡੀਏਆਈ ਦੇ ਦੂਰਦਰਸ਼ੀ ਦ੍ਰਿਸ਼ਟੀਕੋਣ ਨੂੰ ਵੀ ਦਰਸਾਇਆ, ਇਹ ਦੱਸਦੇ ਹੋਏ ਕਿ ਯੂਆਈਡੀਏਆਈ ਡੇਟਾ ਹੈਕਾਥੌਨ ਨੂੰ ਡਿਜੀਟਲ ਪਛਾਣ ਅਤੇ ਜਨਤਕ ਡੇਟਾ ਵਰਤੋਂ ਵਿੱਚ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਾਲਾਨਾ ਪਲੇਟਫਾਰਮ ਵਜੋਂ ਸਥਾਪਿਤ ਕੀਤਾ ਜਾ ਸਕਦਾ ਹੈ। ਹੈਕਾਥੌਨ ਦੇ ਭਵਿੱਖ ਦੇ ਐਡੀਸ਼ਨਾਂ ਵਿੱਚ ਵਿਦਿਆਰਥੀਆਂ ਤੋਂ ਇਲਾਵਾ ਅਕਾਦਮਿਕ, ਖੋਜਕਰਤਾਵਾਂ, ਸਟਾਰਟ-ਅੱਪਸ ਅਤੇ ਹੋਰ ਗੈਰ-ਅਕਾਦਮਿਕ ਯੋਗਦਾਨੀਆਂ ਨੂੰ ਸ਼ਾਮਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਨਾਲ ਇੱਕ ਵਧੇਰੇ ਵਿਭਿੰਨਤਾ ਵਾਲੇ ਅਤੇ ਅੰਤਰ-ਅਨੁਸ਼ਾਸਨੀ ਨਵੀਨਤਾ ਈਕੋਸਿਸਟਮ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਯੂਆਈਡੀਏਆਈ ਡਾਟਾ ਹੈਕਾਥਾਨ 2026 ਯੂਆਈਡੀਏਆਈ ਵੱਲੋਂ ਖੁੱਲ੍ਹੀ ਨਵੀਨਤਾ, ਨੌਜਵਾਨਾਂ ਨੂੰ ਜੋੜਨ ਅਤੇ ਸਬੂਤ ਆਧਾਰਿਤ ਨੀਤੀ ਨਿਰਮਾਣ ਪ੍ਰਤੀ ਵਧਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਪ੍ਰਤੀਭਾਗੀਆਂ ਨੂੰ ਅਸਲ ਦੁਨੀਆਂ ਦੇ ਡਾਟਾਸੈੱਟ ਉੱਤੇ ਕੰਮ ਕਰਨ ਦਾ ਮੌਕਾ ਦੇ ਕੇ ਇਸ ਉਪਰਾਲੇ ਨੇ ਨਾ ਸਿਰਫ਼ ਤਕਨੀਕੀ ਉੱਤਮਤਾ ਨੂੰ ਉਤਸ਼ਾਹਿਤ ਕੀਤਾ ਬਲਕਿ ਅਜਿਹੇ ਹੱਲਾਂ ਨੂੰ ਵੀ ਪ੍ਰੋਤਸਾਹਿਤ ਕੀਤਾ ਜਿਨ੍ਹਾਂ ਦਾ ਸਿੱਧਾ ਅਸਰ ਆਮ ਲੋਕਾਂ ਉੱਤੇ ਪੈਂਦਾ ਹੈ। ਯੂਆਈਡੀਏਆਈ ਨੇ ਹੈਕਾਥਾਨ ਦੀ ਸਫਲਤਾ ਵਿੱਚ ਯੋਗਦਾਨ ਦੇਣ ਵਾਲੇ ਸਾਰੇ ਪ੍ਰਤੀਭਾਗੀਆਂ, ਜਿਊਰੀ ਮੈਂਬਰਾਂ ਅਤੇ ਭਾਈਵਾਲਾਂ ਦੀ ਸ਼ਲਾਘਾ ਕੀਤੀ।

# ਵੈਟਨਰੀ ਯੂਨੀਵਰਸਿਟੀ ਵੱਲੋਂ 'ਵਿਰਾਸਤ ਮੇਲੇ' ਵਿੱਚ ਕੀਤਾ ਗਿਆ ਪੰਜਾਬ ਦੇ ਸੱਭਿਆਚਾਰ ਨੂੰ ਪ੍ਰਦਰਸ਼ਿਤ

**ਲੁਧਿਆਣਾ/ਬਿਊਰੋ**








ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵਿਖੇ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਦਾ ਜਸ਼ਨ ਮਨਾਉਣ ਵਾਲਾ 'ਵਿਰਾਸਤ ਮੇਲਾ' ਆਯੋਜਿਤ ਕੀਤਾ ਗਿਆ। ਡਾ. ਸਰਵਪ੍ਰੀਤ ਸਿੰਘ ਘੁੰਮਣ, ਪ੍ਰਬੰਧਕੀ ਸਕੱਤਰ ਨੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਨੂੰ ਰਵਾਇਤੀ ਪੰਜਾਬੀ ਕਦਰਾਂ-ਕੀਮਤਾਂ, ਪਹਿਰਾਵੇ, ਸੰਗੀਤ ਅਤੇ ਜੀਵਨ ਸ਼ੈਲੀ ਨਾਲ ਜੋੜਨ ਦੇ ਨਾਲ ਸੱਭਿਆਚਾਰਕ ਪ੍ਰਤਿਭਾ ਨੂੰ ਪ੍ਰਦਰਸ਼ਿਤ ਕਰਨ ਲਈ ਇੱਕ ਢੁੱਕਵਾਂ ਮੰਚ ਪ੍ਰਦਾਨ ਕਰਨਾ ਸੀ । ਇਸ ਮੇਲੇ ਦਾ ਉਦਘਾਟਨ ਡਾ. ਗੁਰਪ੍ਰੀਤ ਸਿੰਘ ਵਾਂਡਰ, ਪ੍ਰਿੰਸੀਪਲ, ਦਯਾਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਨੌਜਵਾਨ ਪੀੜ੍ਹੀ ਵੱਲੋਂ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਡਾ. ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ ਨੇ ਕਿਹਾ ਕਿ ਅਜਿਹੇ ਸਮਾਗਮ ਸੱਭਿਆਚਾਰਕ ਸਾਡੀ ਪਛਾਣ ਨੂੰ ਮਜ਼ਬੂਤ ਕਰਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਲਈ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਅਸੀਂ ਇਸਨੂੰ ਇੱਕ ਸਥਾਈ ਪ੍ਰਦਰਸ਼ਨੀ ਬਣਾਵਾਂਗੇ ਤਾਂ ਜੋ ਅਸੀਂ ਵੱਧ ਤੋਂ ਵੱਧ ਨੌਜਵਾਨਾਂ ਨੂੰ ਅਜਿਹੀ ਸੋਚ ਨਾਲ ਜੋੜ ਸਕੀਏ। ਉੱਘੇ ਕਵੀ ਸ. ਗੁਰਭਜਨ ਗਿੱਲ ਨੇ ਵੀ ਇਸ ਸਮਾਗਮ ਨੂੰ ਇੱਕ ਸ਼ੁਭ ਸ਼ਗਨ ਕਿਹਾ ਅਤੇ ਕਿਹਾ ਕਿ ਇਸ ਰਾਹੀਂ ਸਾਨੂੰ ਆਪਣੇ ਸੱਭਿਆਚਾਰ ਦੀ ਪੂਰੀ ਝਲਕ ਮਿਲਦੀ ਹੈ, ਨਾਲ ਹੀ ਸਾਨੂੰ ਇਸ ਗੱਲ 'ਤੇ ਵੀ ਮਾਣ ਹੈ ਕਿ ਸਾਡੇ ਨੌਜਵਾਨ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਅਜੇ ਵੀ ਇਨ੍ਹਾਂ ਕਦਰਾਂ-ਕੀਮਤਾਂ ਨੂੰ ਦਿਲੋਂ ਪਿਆਰ ਕਰਦੀ ਹੈ। ਸ. ਜਸਦੇਵ ਸਿੰਘ ਸੇਖੋਂ, ਸਹਾਇਕ ਕਮਿਸ਼ਨਰ, ਨਗਰ ਨਿਗਮ ਲੁਧਿਆਣਾ ਨੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਅਜਿਹਾ ਮੇਲਾ ਲੁਧਿਆਣਾ ਦੀਆਂ ਸਾਰੀਆਂ ਸੰਸਥਾਵਾਂ ਦੁਆਰਾ ਇਕੱਠੇ ਤੌਰ ਤੇ ਆਯੋਜਿਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਸਾਡੇ ਨੌਜਵਾਨ ਸਾਡੀ ਵਿਰਾਸਤ ਬਾਰੇ ਜਾਣ ਸਕਣਗੇ ਅਤੇ ਨਾਲ ਹੀ ਅਸੀਂ ਆਪਣੇ ਵਿਰਸੇ ਨਾਲ ਜੁੜੇ ਰਹਾਂਗੇ। ਸ. ਜਸਮੇਰ ਸਿੰਘ ਢੱਟ, ਚੇਅਰਮੈਨ, ਸੱਭਿਆਚਾਰਕ ਸੱਥ ਪੰਜਾਬ ਅਤੇ ਵੱਖ-ਵੱਖ ਪ੍ਰਸਿੱਧ ਸ਼ਖਸੀਅਤਾਂ ਨੇ ਵੀ ਇਸ ਮੌਕੇ ਦੀ ਸੋਭਾ ਵਧਾਈ। ਸਮਾਗਮ ਵਿੱਚ ਵੱਖ-ਵੱਖ ਪ੍ਰਕਾਸ਼ਨਾਵਾਂ ਅਤੇ ਮੈਗਜ਼ੀਨ 'ਯੁਵ ਸੰਵੇਦਨਾ' ਵੀ ਲੋਕ ਅਰਪਣ ਕੀਤਾ ਗਿਆ। ਮੇਲੇ ਦੀ ਸ਼ੁਰੂਆਤ ਸੱਭਿਆਚਾਰਕ ਕਾਫਲੇ ਨਾਲ ਹੋਈ ਜਿਸ ਵਿੱਚ ਪੰਜਾਬ ਦੀਆਂ ਵੱਖ-ਵੱਖ ਰਵਾਇਤੀ ਝਲਕਾਂ ਦਿਖਾਈਆਂ ਗਈਆਂ। ਮੁਕਾਬਲਿਆਂ ਅਤੇ ਪ੍ਰਦਰਸ਼ਨੀਆਂ ਦੀ ਲੜੀ ਮੇਲੇ ਦਾ ਮੁੱਖ ਆਕਰਸ਼ਣ ਰਹੀ। ਵਿਦਿਆਰਥੀਆਂ ਨੇ ਰਵਾਇਤੀ ਪੰਜਾਬੀ ਪਹਿਰਾਵੇ, ਪਕਵਾਨ ਤਿਆਰ ਕਰਨ, ਸੁਲੇਖ, ਸੁੰਦਰ ਪੱਗ ਬੰਨ੍ਹਣ ਅਤੇ ਕੁਇਜ਼ ਦੇ ਮੁਕਾਬਲਿਆਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸਾਰੇ ਮੁਕਾਬਲੇ ਪੰਜਾਬ ਦੀ ਵਿਰਾਸਤ 'ਤੇ ਅਧਾਰਤ ਸਨ। ਕੈਂਪਸ ਰਵਾਇਤੀ ਲੋਕ ਪ੍ਰਦਰਸ਼ਨਾਂ ਨਾਲ ਜੀਵੰਤ ਹੋ ਗਿਆ ਜਿਸ ਵਿੱਚ ਲੰਮੀ ਹੇਕ ਵਾਲੇ ਗੀਤ, ਜਿੰਦੂਆ, ਕਵਿਤਾ, ਕਵੀਸ਼ਰੀ, ਮਹਿੰਦੀ, ਲੰਮੀ ਗੁੱਤ ਅਤੇ ਭੰਡਾਂ ਦਾ ਪ੍ਰਦਰਸ਼ਨ ਸ਼ਾਮਲ ਸਨ, ਜਿਸ ਨੇ ਦਰਸ਼ਕਾਂ ਨੂੰ ਮੋਹਿਤ ਕੀਤਾ ਅਤੇ ਪੰਜਾਬੀ ਲੋਕ ਸੱਭਿਆਚਾਰ ਦੀ ਜੀਵੰਤਤਾ ਨੂੰ ਦਰਸਾਇਆ। ਮੁਕਾਬਲਿਆਂ ਦੇ ਨਾਲ-ਨਾਲ, ਰਵਾਇਤੀ ਘਰੇਲੂ ਭਾਂਡਿਆਂ ਅਤੇ ਵਿਰਾਸਤੀ ਵਸਤੂਆਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਪ੍ਰਦਰਸ਼ਨੀ ਵਿੱਚ ਚੂਲੇ, ਪਿੱਤਲ ਦੇ ਭਾਂਡੇ, ਲੱਕੜ ਦੇ ਔਜ਼ਾਰ ਅਤੇ ਹੋਰ ਕਲਾਕ੍ਰਿਤੀਆਂ ਵਰਗੀਆਂ ਪੁਰਾਤਨ ਵਸਤੂਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਪ੍ਰਦਰਸ਼ਿਤ ਕੀਤੀ ਗਈ ਸੀ ਜੋ ਪੁਰਾਣੇ ਸਮੇਂ ਵਿੱਚ ਪੇਂਡੂ ਪੰਜਾਬ ਦੀ ਜੀਵਨ ਸ਼ੈਲੀ ਨੂੰ ਦਰਸਾਉਂਦੀਆਂ ਸਨ। ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਪ੍ਰਦਰਸ਼ਨੀ ਸਟਾਲਾਂ ਦਾ ਦੌਰਾ ਕੀਤਾ ਅਤੇ ਰਵਾਇਤੀ ਵਸਤੂਆਂ ਨੂੰ ਇਕੱਠਾ ਕਰਨ ਅਤੇ ਪੇਸ਼ ਕਰਨ ਲਈ ਕੀਤੇ ਗਏ ਯਤਨਾਂ ਦੀ ਸ਼ਲਾਘਾ ਕੀਤੀ। ਤਿਉਹਾਰ ਨੇ ਸੰਗੀਤ, ਰੰਗਾਂ ਅਤੇ ਸੱਭਿਆਚਾਰਕ ਮਾਣ ਨਾਲ ਭਰਿਆ ਇੱਕ ਜੀਵਤ ਮਾਹੌਲ ਬਣਾਇਆ। ਪ੍ਰਤੀਭਾਗੀਆਂ ਨੇ ਕਿਹਾ ਕਿ ਇਸ ਸਮਾਗਮ ਨੇ ਨਾ ਸਿਰਫ਼ ਮਨੋਰੰਜਨ ਪ੍ਰਦਾਨ ਕੀਤਾ ਬਲਕਿ ਉਨ੍ਹਾਂ ਨੂੰ ਆਪਣੀ ਵਿਰਾਸਤ ਨੂੰ ਸਮਝਣ ਅਤੇ ਉਸ ਦੀ ਕਦਰ ਕਰਨ ਵਿੱਚ ਵੀ ਮਦਦ ਕੀਤੀ। ਡਾ. ਰਾਬਿੰਦਰ ਸਿੰਘ ਔਲਖ, ਨਿਰਦੇਸ਼ਕ ਵਿਦਿਆਰਥੀ ਭਲਾਈ ਨੇ ਦੱਸਿਆ ਕਿ ਵਿਰਾਸਤੀ ਮੇਲਾ ਵੱਖ-ਵੱਖ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡਣ ਨਾਲ ਸਮਾਪਤ ਹੋਇਆ, ਜਿਸਨੇ ਵਰਤਮਾਨ ਪੀੜ੍ਹੀ ਨੂੰ ਪੰਜਾਬੀ ਸੱਭਿਆਚਾਰ ਅਤੇ ਪਰੰਪਰਾਵਾਂ ਨੂੰ ਸੁਰੱਖਿਅਤ ਰੱਖਣ ਦਾ ਇੱਕ ਮਜ਼ਬੂਤ ਸੁਨੇਹਾ ਦਿੱਤਾ।

# ਦੋ-ਦਿਨਾ ਇਤਿਹਾਸਕ ਤੰਦਰੁਸਤੀ ਸੈਮੀਨਾਰ ਔਗਮੈਂਟੇਡ ਵੈਲਨੈਸ: ਡਿਊਟੀ ਲਈ ਫਿੱਟ, ਲਾਈਫ ਲਈ ਫਿੱਟ ਦਾ ਆਯੋਜਨ 11, 12 ਨੂੰ

**ਚੰਡੀਗੜ੍ਹ/ਬਿਊਰੋ**

ਭਾਰਤੀ ਫੌਜ ਮਾਣ ਨਾਲ ਔਗਮੈਂਟੇਡ ਵੈਲਨੈਸ ਸਿਰਲੇਖ ਵਾਲਾ ਇੱਕ ਉੱਚ-ਪ੍ਰਭਾਵ ਵਾਲਾ ਦੋ-ਦਿਨਾ ਤੰਦਰੁਸਤੀ ਸੈਮੀਨਾਰ ਆਯੋਜਿਤ ਕਰ ਰਹੀ ਹੈ। ਇਹ ਸੈਮੀਨਾਰ, ਵਿਸ਼ੇਸ਼ ਤੌਰ 'ਤੇ ਸੈਨਿਕਾਂ, ਅਧਿਕਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਤਿਆਰ ਕੀਤਾ ਗਿਆ ਹੈ, ਅੱਜ ਦੇ ਮੁਸ਼ਕਲ ਸੰਚਾਲਨ ਵਾਤਾਵਰਣ ਵਿੱਚ ਸੇਵਾ ਕਰ ਰਹੇ ਫੌਜੀ ਕਰਮਚਾਰੀਆਂ ਦੁਆਰਾ ਦਰਪੇਸ਼ ਸਰੀਰਕ, ਮਾਨਸਿਕ, ਭਾਵਨਾਤਮਕ, ਵਿੱਤੀ ਅਤੇ ਅਧਿਆਤਮਿਕ ਚੁਣੌਤੀਆਂ ਨੂੰ ਸੰਬੋਧਿਤ ਕਰੇਗਾ। ਵੈਲਨੈਸ ਸੈਮੀਨਾਰ 11 ਅਤੇ 12 ਮਈ, 2026 ਨੂੰ ਬਠਿੰਡਾ ਮਿਲਟਰੀ ਸਟੇਸ਼ਨ ਦੇ ਸਗਤ ਸਿੰਘ ਆਡੀਟੋਰੀਅਮ ਵਿਖੇ ਆਯੋਜਿਤ ਕੀਤਾ ਜਾਵੇਗਾ। ਇਹ ਪ੍ਰੋਗਰਾਮ ਤਿੰਨ ਸ਼ਕਤੀਸ਼ਾਲੀ ਸੈਸ਼ਨਾਂ ਨਾਲ ਤਿਆਰ ਕੀਤਾ ਗਿਆ ਹੈ ਜੋ ਅਤਿ-ਆਧੁਨਿਕ ਸਿਹਤ ਵਿਗਿਆਨ ਨੂੰ ਯੁੱਧ ਸਮੇਂ ਦੇ




ਫੌਜੀ ਅਨੁਭਵ ਨਾਲ ਜੋੜਦੇ ਹਨ ਤਾਂ ਜੋ ਵਿਹਾਰਕ ਅਤੇ ਲਾਗੂ ਕਰਨ ਯੋਗ ਰਣਨੀਤੀਆਂ ਪ੍ਰਦਾਨ ਕੀਤੀਆਂ ਜਾ ਸਕਣ ਜੋ ਫੌਜ ਦੀ ਸੰਚਾਲਨ ਤਿਆਰੀ ਅਤੇ ਲੰਬੇ ਸਮੇਂ ਦੇ ਸਿਹਤ ਲਾਭਾਂ ਨੂੰ ਸਿੱਧੇ ਤੌਰ 'ਤੇ ਵਧਾਉਣਗੀਆਂ। ਆਧੁਨਿਕ ਫੌਜੀ ਜੀਵਨ ਲਈ ਅਸਾਧਾਰਨ ਸਰੀਰਕ ਤੰਦਰੁਸਤੀ, ਮਾਨਸਿਕ ਮਜ਼ਬੂਤੀ, ਭਾਵਨਾਤਮਕ ਬੁੱਧੀ, ਵਿੱਤੀ ਸੂਝ-ਬੂਝ ਅਤੇ ਅਧਿਆਤਮਿਕ ਤਾਕਤ ਦੀ ਮੰਗ ਕੀਤੀ ਜਾਂਦੀ ਹੈ। ਇਹ ਸੈਮੀਨਾਰ ਭਾਗੀਦਾਰਾਂ ਨੂੰ ਸੰਤੁਲਿਤ ਯੋਧਾ ਬਣਾਉਣ ਲਈ ਸੇਵਾ ਨਿਭਾ ਰਹੇ ਅਤੇ ਸੇਵਾਮੁਕਤ ਫੌਜੀ ਨੇਤਾਵਾਂ ਅਤੇ ਖੇਤਰੀ ਮਾਹਿਰਾਂ ਤੋਂ ਸਬੂਤ-ਅਧਾਰਤ ਸਾਧਨਾਂ ਅਤੇ ਸਮੇਂ-ਪਰਖਿਆ ਗਿਆ ਗਿਆਨ ਨਾਲ ਲੈਸ ਕਰੇਗਾ, ਜੋ ਮਿਸ਼ਨ ਲਈ ਤਿਆਰ ਹੈ ਅਤੇ ਨਾਲ ਹੀ ਨਿੱਜੀ ਅਤੇ ਪਰਿਵਾਰਕ ਤੰਦਰੁਸਤੀ ਨੂੰ ਵੀ ਬਣਾਈ ਰੱਖਦਾ ਹੈ। ਇਹ ਸੈਮੀਨਾਰ ਜੀਵਨ ਸ਼ੈਲੀ ਦੀਆਂ ਬਿਮਾਰੀਆਂ ਨੂੰ ਘਟਾਉਣ, ਬਿਹਤਰ ਤਣਾਅ ਪ੍ਰਬੰਧਨ, ਮਜ਼ਬੂਤ ਪਰਿਵਾਰਕ ਸਹਾਇਤਾ ਪ੍ਰਣਾਲੀਆਂ ਅਤੇ ਸੰਗਠਨਾਤਮਕ ਲਚਕੀਲੇਪਣ ਵਿੱਚ ਸਿੱਧਾ ਯੋਗਦਾਨ ਪਾਵੇਗਾ।

# ਚੰਡੀਗੜ੍ਹ ਦੇ ਸੈਕਟਰ 24 ਅਤੇ 29 'ਚ ਬਣਨਗੇ ਅਤਿ-ਆਧੁਨਿਕ ਕਮਿਊਨਿਟੀ ਸੈਂਟਰ, ਲਾਇਬ੍ਰੇਰੀ ਤੇ ਜਿੰਮ ਵਰਗੀਆਂ ਸਹੂਲਤਾਂ ਵੀ ਮਿਲਣਗੀਆਂ

**ਚੰਡੀਗੜ੍ਹ/ਬਿਊਰੋ**




ਚੰਡੀਗੜ੍ਹ ਵਿੱਚ ਲੋਕਾਂ ਨੂੰ ਵਧੀਆ ਸਮਾਜਿਕ ਅਤੇ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਨਗਰ ਨਿਗਮ ਵੱਲੋਂ ਸੈਕਟਰ 24 ਅਤੇ ਸੈਕਟਰ 29 ਵਿੱਚ ਦੋ ਨਵੇਂ ਕਮਿਊਨਿਟੀ ਸੈਂਟਰ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੋਵੇਂ ਪ੍ਰੋਜੈਕਟਾਂ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ ਅਤੇ ਮਾਮਲਾ ਇਸ ਵੇਲੇ ਤਕਨੀਕੀ ਜਾਂਚ ਦੇ ਪੜਾਅ 'ਚ ਹੈ। ਉਮੀਦ ਜਤਾਈ ਜਾ ਰਹੀ ਹੈ ਕਿ ਜਲਦ ਹੀ ਉਸਾਰੀ ਦਾ ਕੰਮ ਵੀ ਸ਼ੁਰੂ ਹੋ ਜਾਵੇਗਾ। ਸੈਕਟਰ 24 ਵਿੱਚ ਬਣਨ ਵਾਲੇ ਕਮਿਊਨਿਟੀ ਸੈਂਟਰ 'ਤੇ ਲਗਭਗ 10 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਸੈਂਟਰ ਖਾਲੀ ਪਈ ਜ਼ਮੀਨ 'ਤੇ ਤਿਆਰ ਕੀਤਾ ਜਾਵੇਗਾ, ਜਿਸ ਵਿੱਚ ਬੇਸਮੈਂਟ ਪਾਰਕਿੰਗ ਦੇ ਨਾਲ ਗਰਾਊਂਡ ਅਤੇ ਪਹਿਲੀ ਮੰਜ਼ਿਲ ਦੀ ਇਮਾਰਤ ਬਣਾਈ ਜਾਵੇਗੀ। ਇਸ ਪ੍ਰੋਜੈਕਟ ਲਈ ਤਿੰਨ ਕੰਪਨੀਆਂ ਵੱਲੋਂ ਬੋਲੀਆਂ ਦਿੱਤੀਆਂ ਗਈਆਂ ਹਨ। ਉੱਥੇ ਹੀ ਸੈਕਟਰ 29 ਵਿੱਚ ਮੌਜੂਦਾ ਕਰੀਬ 20 ਸਾਲ ਪੁਰਾਣੀ ਜਰਜਰ ਇਮਾਰਤ ਨੂੰ ਢਾਹ ਕੇ ਨਵਾਂ ਕਮਿਊਨਿਟੀ ਸੈਂਟਰ ਤਿਆਰ ਕੀਤਾ ਜਾਵੇਗਾ। ਇਸ ਪ੍ਰੋਜੈਕਟ ਦਾ ਅਨੁਮਾਨਿਤ ਬਜਟ 8 ਕਰੋੜ ਰੁਪਏ ਹੈ। ਨਵੀਂ ਇਮਾਰਤ ਗਰਾਊਂਡ-ਪਲੱਸ-ਟੂ ਮਾਡਲ ਤਹਿਤ ਬਣੇਗੀ, ਜਿਸ ਵਿੱਚ ਪਾਰਕਿੰਗ ਦੀ ਸੁਵਿਧਾ ਵੀ ਹੋਵੇਗੀ। ਇਸ ਲਈ ਦੋ ਕੰਪਨੀਆਂ ਵੱਲੋਂ ਟੈਂਡਰ ਭਰੇ ਗਏ ਹਨ। ਇਨ੍ਹਾਂ ਕਮਿਊਨਿਟੀ ਸੈਂਟਰਾਂ ਵਿੱਚ ਸਿਰਫ਼ ਵਿਆਹ ਜਾਂ ਸਮਾਗਮ ਹੀ ਨਹੀਂ, ਸਗੋਂ ਲੋਕਾਂ ਦੀ ਰੋਜ਼ਾਨਾ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਆਧੁਨਿਕ ਸਹੂਲਤਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ।

ਇੱਥੇ ਵੱਡੇ ਸਮਾਗਮਾਂ ਲਈ ਵਿਸ਼ਾਲ ਫੰਕਸ਼ਨ ਹਾਲ, ਪਾਠਕਾਂ ਲਈ ਸ਼ਾਂਤ ਲਾਇਬ੍ਰੇਰੀ ਅਤੇ ਨੌਜਵਾਨਾਂ ਲਈ ਅਤਿ-ਆਧੁਨਿਕ ਜਿੰਮ ਦੀ ਸਹੂਲਤ ਵੀ ਉਪਲਬਧ ਹੋਵੇਗੀ। ਨਗਰ ਨਿਗਮ ਲਈ ਕਮਿਊਨਿਟੀ ਸੈਂਟਰ ਆਮਦਨ ਦਾ ਵੀ ਵੱਡਾ ਸਰੋਤ ਹਨ। ਇਸ ਸਮੇਂ ਚੰਡੀਗੜ੍ਹ ਵਿੱਚ 56 ਕਮਿਊਨਿਟੀ ਸੈਂਟਰ ਚੱਲ ਰਹੇ ਹਨ, ਜਿਨ੍ਹਾਂ ਤੋਂ ਨਿਗਮ ਨੂੰ ਹਰ ਸਾਲ ਲੱਖਾਂ ਰੁਪਏ ਦੀ ਆਮਦਨ ਹੁੰਦੀ ਹੈ।

# ਪੰਜਾਬ ਵਿੱਚ ਸਭ ਤੋਂ ਵੱਧ ਕਣਕ ਲਿਫਟਿੰਗ ਦਰ 87.58 ਪ੍ਰਤੀਸ਼ਤ ਨਾਲ ਲੁਧਿਆਣਾ ਪੱਛਮੀ ਅੱਗੇ : ਹਿਮਾਂਸ਼ੂ ਜੈਨ

## ਕਿਸਾਨਾਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਰੀਦ ਪ੍ਰਬੰਧਾਂ ਦੀ ਕੜੀ ਨਿਗਰਾਨੀ: ਡਿਪਟੀ ਕਮਿਸ਼ਨਰ

**ਲੁਧਿਆਣਾ/ਬਿਊਰੋ**

ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸ਼ਨੀਵਾਰ ਨੂੰ ਕਿਹਾ ਕਿ ਲੁਧਿਆਣਾ ਪੱਛਮੀ ਵਿੱਚ ਕਣਕ ਦੀ ਲਿਫਟਿੰਗ ਦੇ ਕੰਮ ਵਿੱਚ ਪੰਜਾਬ ਦੇ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਜ਼ਿਲ੍ਹੇ ਵਜੋਂ ਉਭਰਿਆ ਹੈ, ਜਿਸਨੇ 87.58 ਪ੍ਰਤੀਸ਼ਤ ਲਿਫਟਿੰਗ ਦਰ ਨਾਲ ਨਿਰਧਾਰਤ 72 ਘੰਟੇ ਲਿਫਟਿੰਗ ਮਾਪਦੰਡਾਂ ਨੂੰ ਪਾਰ ਕੀਤਾ ਹੈ। ਚੱਲ ਰਹੇ ਕਣਕ ਖਰੀਦ ਕਾਰਜਾਂ ਦੀ ਸਮੀਖਿਆ ਕਰਦੇ ਹੋਏ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੁਧਿਆਣਾ ਪੱਛਮੀ ਦੀਆਂ ਅਨਾਜ ਮੰਡੀਆਂ ਵਿੱਚ ਹੁਣ ਤੱਕ 3,51,021 ਮੀਟ੍ਰਿਕ ਟਨ (ਐਮਟੀ) ਕਣਕ ਦੀ ਆਮਦ ਦਰਜ ਕੀਤੀ ਗਈ ਹੈ, ਜਿਸ ਵਿੱਚੋਂ 100 ਪ੍ਰਤੀਸ਼ਤ ਵੱਖ-ਵੱਖ ਸਰਕਾਰੀ ਏਜੰਸੀਆਂ ਦੁਆਰਾ ਖਰੀਦੀ ਜਾ ਚੁੱਕੀ ਹੈ। ਕੁੱਲ ਖਰੀਦੇ ਗਏ ਸਟਾਕ ਵਿੱਚੋਂ 87.58 ਪ੍ਰਤੀਸ਼ਤ ਪਹਿਲਾਂ ਹੀ ਮੰਡੀਆਂ ਤੋਂ ਚੁੱਕ ਲਈ ਗਈ ਹੈ ਜੋ ਕਿ ਪੰਜਾਬ ਵਿੱਚ ਹੁਣ ਤੱਕ ਸਭ ਤੋਂ ਵੱਧ ਹੈ। ਇਸੇ ਤਰ੍ਹਾਂ ਲੁਧਿਆਣਾ ਪੂਰਬੀ ਵਿੱਚ 3,93,726 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਹੈ, ਜਿਸ ਵਿੱਚ ਖਰੀਦ ਏਜੰਸੀਆਂ



ਦੁਆਰਾ ਪੂਰਾ ਸਟਾਕ ਖਰੀਦਿਆ ਗਿਆ ਹੈ। ਹਿਮਾਂਸ਼ੂ ਜੈਨ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਸੁਚਾਰੂ ਅਤੇ ਮੁਸ਼ਕਲ ਰਹਿਤ ਖਰੀਦ ਅਤੇ ਲਿਫਟਿੰਗ ਕਾਰਜਾਂ ਨੂੰ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਖਰੀਦੀ ਗਈ ਕਣਕ ਲਈ ਕਿਸਾਨਾਂ ਨੂੰ 99 ਪ੍ਰਤੀਸ਼ਤ ਅਦਾਇਗੀਆਂ ਪਹਿਲਾਂ ਹੀ ਕਰ ਦਿੱਤੀਆਂ ਗਈਆਂ ਹਨ, ਜਿਸ ਨਾਲ ਸਰਕਾਰ ਦਾ ਧਿਆਨ ਸਮੇਂ ਸਿਰ ਵਿੱਤੀ ਵੰਡ 'ਤੇ ਕੇਂਦਰਿਤ ਹੈ। ਹਿਮਾਂਸ਼ੂ ਜੈਨ ਨੇ ਕਿਹਾ, ਪੰਜਾਬ ਸਰਕਾਰ ਮੰਡੀਆਂ ਵਿੱਚ ਸੁਚਾਰੂ ਢੰਗ ਨਾਲ ਕੰਮ ਕਰਨ, ਸਮੇਂ ਸਿਰ ਭੁਗਤਾਨ ਕਰਨ ਅਤੇ ਸਾਰੇ ਦਿਸ਼ਾ-ਨਿਰਦੇਸ਼ਾਂ ਦੀ ਸਖ਼ਤੀ ਨਾਲ ਪਾਲਣਾ ਨੂੰ ਯਕੀਨੀ ਬਣਾਉਣ ਲਈ ਖਰੀਦ ਪ੍ਰਬੰਧਾਂ ਦੀ ਨੇੜਿਓਂ ਨਿਗਰਾਨੀ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਅਨਾਜ ਮੰਡੀਆਂ ਵਿੱਚ ਤੇਜ਼ੀ ਨਾਲ ਲਿਫਟਿੰਗ ਕਾਰਜ ਚੱਲ ਰਹੇ ਹਨ ਅਤੇ ਅਧਿਕਾਰੀਆਂ ਨੂੰ ਆਉਣ ਵਾਲੇ ਦਿਨਾਂ ਵਿੱਚ ਇਸ ਪ੍ਰਕਿਰਿਆ ਨੂੰ ਹੋਰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਫੀਲਡ ਟੀਮਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਲਿਫਟਿੰਗ ਕਾਰਜਾਂ ਨੂੰ ਯੋਜਨਾਬੱਧ ਅਤੇ ਕੁਸ਼ਲ ਢੰਗ ਨਾਲ ਕਰਨ ਤਾਂ ਜੋ ਕਿਸਾਨਾਂ ਨੂੰ ਕੋਈ ਵੀ ਅਸੁਵਿਧਾ ਨਾ ਹੋਵੇ।

# 5 ਕਰੋੜ ਦੀ ਹੈਰੋਇਨ ਸਮੇਤ ਨਸ਼ਾ ਤਸਕਰ ਕਾਬੂ

**ਬਰਨਾਲਾ/ਬਿਊਰੋ**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼?ਲਾਫ਼ ਚਲਾਏ ਜਾ ਰਹੇ "ਯੁੱਧ ਨਸ਼ਿਆਂ ਵਿਰੁੱਧ"ਅਭਿਆਨ ਤਹਿਤ ਬਰਨਾਲਾ ਪੁਲਿਸ ਨੂੰ ਵੱਡੀ ਕਾਮਯਾਬੀ ਮਿਲੀ ਹੈ। ਥਾਣਾ ਭਦੌੜ ਦੀ ਪੁਲਿਸ ਨੇ ਫਾਜ਼ਿਲਕਾ ਦੇ ਇੱਕ ਨੌਜਵਾਨ ਨੂੰ 1 ਕਿਲੋ 3 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਮੁਤਾਬਕ ਬਰਾਮਦ ਕੀਤੇ ਗਏ ਚਿੱਟੇ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਲਗਭਗ 5 ਕਰੋੜ ਰੁਪਏ ਦੱਸੀ ਜਾ ਰਹੀ ਹੈ। ਡੀਐਸਪੀ ਜਸਕਰਨ ਸਿੰਘ ਬਰਾੜ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਐਸਐਸਪੀ ਮੁਹੰਮਦ ਸਰਫਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਤੇ ਥਾਣਾ ਭਦੌੜ ਦੇ ਇੰਚਾਰਜ ਇੰਸਪੈਕਟਰ ਹਰਸਿਮਰਨਜੀਤ ਸਿੰਘ ਦੀ ਅਗਵਾਈ ਹੇਠ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 7 ਮਈ ਨੂੰ ਸਹਾਇਕ ਥਾਣੇਦਾਰ ਸੁਰਿੰਦਰ ਸਿੰਘ ਪੁਲਿਸ ਟੀਮ ਸਮੇਤ ਪਿੰਡ ਨੈਣੇਵਾਲ ਨੇੜੇ ਗਸ਼ਤ ਕਰ ਰਹੇ ਸਨ। ਇਸ ਦੌਰਾਨ ਪੁਲਿਸ ਨੂੰ ਖ਼ਾਸ ਮੁਖ਼ਬਿਰ ਤੋਂ ਸੂਚਨਾ ਮਿਲੀ ਕਿ ਮਨਪ੍ਰੀਤ ਸਿੰਘ ਪੁੱਤਰ ਕੁਲਦੀਪ ਸਿੰਘ ਵਾਸੀ ਬਾਹਮਣੀ ਵਾਲਾ, ਜ਼ਿਲ੍ਹਾ ਫਾਜ਼ਿਲਕਾ, ਵੱਡੇ ਪੱਧਰ 'ਤੇ ਹੈਰੋਇਨ ਦੀ ਤਸਕਰੀ ਕਰਦਾ ਹੈ ਅਤੇ ਉਹ ਬਿਨਾਂ ਨੰਬਰ ਵਾਲੇ ਕਾਲੇ ਹੋਂਡਾ ਮੋਟਰਸਾਈਕਲ 'ਤੇ ਭਾਰਤਮਾਲਾ ਰੋਡ ਰਾਹੀਂ ਪਿੰਡ ਸੰਧੂ ਕਲਾਂ ਨੇੜੇ ਮੌਜੂਦ ਹੈ। ਸੂਚਨਾ ਦੇ ਆਧਾਰ 'ਤੇ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਨਾਕਾਬੰਦੀ ਕੀਤੀ ਅਤੇ ਦੋਸ਼ੀ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਉਸਦੇ ਕਬਜ਼ੇ ਵਿੱਚੋਂ 1 ਕਿਲੋ 3 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਮੁਲਜ਼ਮ ਖ਼?ਲਾਫ਼ ਐਨਡੀਪੀਐਸ ਐਕਟ ਤਹਿਤ ਮਾਮਲਾ ਦਰਜ ਕਰਕੇ ਉਸਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ 11 ਮਈ ਤੱਕ ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਮਿਲਿਆ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਰਿਮਾਂਡ ਦੌਰਾਨ ਮੁਲਜ਼ਮ ਤੋਂ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂ ਜੋ ਨਸ਼ਾ ਤਸਕਰੀ ਨਾਲ ਜੁੜੇ ਹੋਰ ਲੋਕਾਂ ਅਤੇ ਸਪਲਾਈ ਚੇਨ ਬਾਰੇ ਜਾਣਕਾਰੀ ਹਾਸਲ ਕੀਤੀ ਜਾ ਸਕੇ। ਪੁਲਿਸ ਨੇ ਕਿਹਾ ਕਿ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਬਾਲੀਵੁੱਡ ਅਦਾਕਾਰਾ ਪ੍ਰੀਤੀ ਜ਼ਿੰਟਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ

**ਅੰਮ੍ਰਿਤਸਰ/ਬਿਊਰੋ**

ਬਾਲੀਵੁੱਡ ਅਦਾਕਾਰਾ ਅਤੇ ਪੰਜਾਬ ਦੀ ਆਈਪੀਐਲ ਟੀਮ ਦੀ ਸਹਿ-ਮਾਲਕਿਨ ਪ੍ਰੀਤੀ ਜ਼ਿੰਟਾ ਐਤਵਾਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪਹੁੰਚੀ। ਉਨ੍ਹਾਂ ਨੇ ਗੁਰੂ ਘਰ ਵਿੱਚ ਮੱਥਾ ਟੇਕ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਅਦਾ ਕੀਤਾ। ਪ੍ਰੀਤੀ ਜ਼ਿੰਟਾ ਨੂੰ ਦਰਸ਼ਨ ਕਰਨ ਲਈ ਸੰਗਤਾਂ ਵਿੱਚ ਵੀ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ। ਦਰਸ਼ਨਾਂ ਤੋਂ ਬਾਅਦ ਪ੍ਰੀਤੀ ਜ਼ਿੰਟਾ ਨੇ ਲੰਗਰ ਹਾਲ ਵਿੱਚ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਲੰਗਰ ਵੀ ਵਰਤਾਇਆ। ਉਨ੍ਹਾਂ ਦੀ ਸਾਦਗੀ ਅਤੇ ਸੇਵਾ ਭਾਵਨਾ ਨੇ ਸ਼ਰਧਾਲੂਆਂ ਦੇ ਦਿਲ ਜਿੱਤ ਲਏ। ਇਸ ਮੌਕੇ ਕਈ ਪ੍ਰਸ਼ੰਸਕਾਂ ਨੇ ਉਨ੍ਹਾਂ ਨਾਲ ਤਸਵੀਰਾਂ ਵੀ



ਖਿੱਚਵਾਈਆਂ। ਮੀਡੀਆ ਨਾਲ ਗੱਲਬਾਤ ਦੌਰਾਨ ਪ੍ਰੀਤੀ ਜ਼ਿੰਟਾ ਨੇ ਕਿਹਾ ਕਿ "ਬਾਬਾ ਜੀ ਦਾ ਬੁਲਾਵਾ ਆਇਆ ਸੀ, ਅਸੀਂ ਆ ਗਏ।"ਉਨ੍ਹਾਂ ਦੱਸਿਆ ਕਿ 11 ਮਈ ਨੂੰ ਟੀਮ ਦਾ ਮਹੱਤਵਪੂਰਨ ਮੈਚ ਹੈ ਅਤੇ ਉਹ ਵਾਹਿਗੁਰੂ ਅੱਗੇ ਪੰਜਾਬ ਦੀ ਜਿੱਤ ਲਈ ਅਰਦਾਸ ਕਰਨ ਆਈ ਹਨ। ਉਨ੍ਹਾਂ ਕਿਹਾ ਕਿ ਟੀਮ ਪੂਰੇ ਜਜ਼ਬੇ ਨਾਲ ਮੈਦਾਨ ਵਿੱਚ ਉਤਰੇਗੀ ਅਤੇ ਸੰਗਤਾਂ ਦੀਆਂ ਦੁਆਵਾਂ ਨਾਲ ਵਧੀਆ ਪ੍ਰਦਰਸ਼ਨ ਕਰੇਗੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਟੀਮ ਦੇ ਕਪਤਾਨ ਸ਼੍ਰੇਅਸ ਅਈਅਰ ਦੀ ਵੀ ਤਾਰੀਫ਼ ਕੀਤੀ। ਪ੍ਰੀਤੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਵੱਲੋਂ ਉਨ੍ਹਾਂ ਨੂੰ "ਸਰਪੰਚ"ਕਹਿ ਕੇ ਬੁਲਾਉਣਾ ਟੀਮ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਪੰਜਾਬ ਦੇ ਨੌਜਵਾਨਾਂ ਅਤੇ ਫੈਨਜ਼ ਦਾ ਟੀਮ ਨੂੰ ਮਿਲ ਰਹੇ ਪਿਆਰ ਅਤੇ ਸਮਰਥਨ ਲਈ ਧੰਨਵਾਦ ਵੀ ਕੀਤਾ।

# ਭਾਜਪਾ ਵਿਰੋਧੀ ਸਰਕਾਰਾਂ ਨੂੰ ਕੁਚਲਣ ਲਈ ਈਡੀ, ਸੀਬੀਆਈ ਅਤੇ ਚੋਣ ਕਮਿਸ਼ਨ ਦੀ ਵਰਤੋਂ ਕਰ ਰਹੀ ਹੈ : ਹਰਪਾਲ ਸਿੰਘ ਚੀਮਾ

**ਚੰਡੀਗੜ੍ਹ/ਬਿਊਰੋ**

ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ, ਦੇਸ਼ ਭਰ ਵਿੱਚ ਵਿਰੋਧੀ ਪਾਰਟੀਆਂ ਨੂੰ ਕੁਚਲਣ ਲਈ ਲੋਕਤੰਤਰ ਨੂੰ ਯੋਜਨਾਬੱਧ ਤਰੀਕੇ ਨਾਲ ਖਤਮ ਕਰਨ ਅਤੇ ਸੰਵਿਧਾਨਕ ਸੰਸਥਾਵਾਂ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਿਸ਼ਾਨਾ ਬਣਾਉਣ ਲਈ 3 ਕਰੋੜ ਪੰਜਾਬੀ ਭਾਜਪਾ ਨੂੰ ਮੂੰਹਤੋੜ ਜਵਾਬ ਦੇਣਗੇ ਅਤੇ ਉਨ੍ਹਾਂ ਨੇ 'ਆਪ' ਵਰਕਰਾਂ ਵੱਲੋਂ ਭਾਜਪਾ ਦੀ ਬਦਲੇਖੋਰੀ ਅਤੇ ਡਰਾਉਣ-ਧਮਕਾਉਣ ਦੀ ਰਾਜਨੀਤੀ ਨੂੰ ਬੇਨਕਾਬ ਕਰਨ ਲਈ ਭਾਜਪਾ ਦਫ਼ਤਰਾਂ ਦਾ ਘਿਰਾਓ ਕਰਨ ਦਾ ਐਲਾਨ ਵੀ ਕੀਤਾ। ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਲਾਲਾ ਲਾਜਪਤ ਰਾਏ ਵਰਗੇ ਆਜ਼ਾਦੀ ਘੁਲਾਟੀਆਂ ਦੀਆਂ ਕੁਰਬਾਨੀਆਂ ਸਦਕਾ ਸਥਾਪਿਤ ਹੋਇਆ ਲੋਕਤੰਤਰ ਅੱਜ ਭਾਜਪਾ ਤੋਂ ਗੰਭੀਰ ਖ਼ਤਰੇ ਵਿੱਚ ਹੈ। ਦੇਸ਼ ਦੀ ਆਜ਼ਾਦੀ ਅਤੇ ਲੋਕਤੰਤਰ ਦੀ ਸਥਾਪਨਾ ਲਈ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ, ਪਰ ਹੁਣ ਭਾਜਪਾ ਦੀ ਤਾਨਾਸ਼ਾਹੀ ਰਾਜਨੀਤੀ ਕਾਰਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਵੱਲੋਂ ਤਿਆਰ ਕੀਤਾ ਗਿਆ ਸੰਵਿਧਾਨ ਖਤਰੇ ਹੇਠ ਹੈ। ਕੇਂਦਰੀ ਏਜੰਸੀਆਂ ਦੀ ਭੂਮਿਕਾ 'ਤੇ ਸਵਾਲ ਚੁੱਕਦਿਆਂ ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦੇ ਸ਼ਾਸਨ ਵਾਲੇ ਰਾਜਾਂ ਵਿੱਚ ਜਿੱਥੇ ਵੀ ਚੋਣਾਂ ਹੋਣੀਆਂ ਹੁੰਦੀਆਂ ਹਨ, ਭਾਜਪਾ ਪਹਿਲਾਂ ਈਡੀ, ਸੀਬੀਆਈ ਅਤੇ ਇਨਕਮ ਟੈਕਸ ਵਿਭਾਗ ਵਰਗੀਆਂ ਏਜੰਸੀਆਂ ਭੇਜਦੀ ਹੈ, ਅਤੇ ਡਰ ਤੇ ਸਹਿਮ ਦਾ ਮਾਹੌਲ ਪੈਦਾ ਕਰਨ ਲਈ ਚੋਣ ਕਮਿਸ਼ਨ ਦੀ ਵਰਤੋਂ ਵੀ ਕਰਦੀ ਹੈ। ਇਹ ਏਜੰਸੀਆਂ ਕਦੇ ਵੀ ਭਾਜਪਾ ਸ਼ਾਸਤ ਰਾਜਾਂ ਵਿੱਚ ਨਹੀਂ ਵਰਤੀਆਂ ਜਾਂਦੀਆਂ ਕਿਉਂਕਿ ਭਾਜਪਾ ਦਾ ਇੱਕੋ ਇੱਕ ਉਦੇਸ਼ ਵਿਰੋਧੀ ਸਰਕਾਰਾਂ ਨੂੰ ਅਸਥਿਰ ਕਰਨਾ ਅਤੇ ਅਸਹਿਮਤੀ ਦੀਆਂ ਆਵਾਜ਼ਾਂ ਨੂੰ ਦਬਾਉਣਾ ਹੈ। ਪੰਜਾਬ ਵਿੱਚ ਹਾਲ ਹੀ ਵਿੱਚ ਹੋਈ ਈਡੀ ਦੀ ਕਾਰਵਾਈ ਨੂੰ ਲੈ ਕੇ ਭਾਜਪਾ ਨੂੰ ਨਿਸ਼ਾਨਾ ਬਣਾਉਂਦੇ ਹੋਏ ਮੰਤਰੀ ਨੇ ਅੱਗੇ ਕਿਹਾ ਕਿ ਪੱਛਮੀ ਬੰਗਾਲ ਚੋਣਾਂ ਤੋਂ ਤੁਰੰਤ ਬਾਅਦ ਈਡੀ ਨੇ ਆਪਣਾ ਧਿਆਨ ਪੰਜਾਬ ਵੱਲ ਮੋੜ ਲਿਆ। ਭਾਜਪਾ ਪੰਜਾਬ ਵਿੱਚ ਵੀ ਡਰਾਉਣ-ਧਮਕਾਉਣ ਅਤੇ ਸਿਆਸੀ ਹੇਰਾਫੇਰੀ ਦੇ ਉਸੇ ਮਾਡਲ ਨੂੰ ਦੁਹਰਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਈਡੀ ਨੇ ਪਹਿਲਾਂ ਕਾਰੋਬਾਰੀ ਅਤੇ ਸੰਸਦ ਮੈਂਬਰ ਅਸ਼ੋਕ ਮਿੱਤਲ ਨੂੰ ਨਿਸ਼ਾਨਾ ਬਣਾਇਆ ਅਤੇ ਉਨ੍ਹਾਂ 'ਤੇ ਭਾਜਪਾ 'ਚ ਸ਼ਾਮਲ ਹੋਣ ਲਈ ਦਬਾਅ ਪਾਇਆ।



ਇਸ ਤੋਂ ਤੁਰੰਤ ਬਾਅਦ ਈਡੀ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੇ ਘਰ ਪਹੁੰਚੀ। ਸੰਜੀਵ ਅਰੋੜਾ ਨੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਸਾਫ਼ ਇਨਕਾਰ ਕਰ ਦਿੱਤਾ, ਅਤੇ ਇਸ ਤੋਂ ਬਾਅਦ ਜੋ ਹੋਇਆ ਉਹ ਪੂਰੇ ਦੇਸ਼ ਨੇ ਦੇਖਿਆ—ਸਾਰਾ ਦਿਨ ਛਾਪੇਮਾਰੀ ਅਤੇ ਫਿਰ ਗ੍ਰਿਫਤਾਰੀ। ਭਾਜਪਾ ਦੀ ਕਾਰਜਪ੍ਰਣਾਲੀ ਬਾਰੇ ਦੱਸਦਿਆਂ ਉਨ੍ਹਾਂ ਖੁਲਾਸਾ ਕੀਤਾ ਕਿ ਭਾਜਪਾ ਦਾ ਮਾਡਲ ਸਧਾਰਨ ਹੈ। ਜਿਹੜੇ ਡਰ ਜਾਂਦੇ ਹਨ ਉਹ ਭਾਜਪਾ ਵਿੱਚ ਸ਼ਾਮਲ ਹੋ ਜਾਂਦੇ ਹਨ, ਅਤੇ ਜੋ ਇਨਕਾਰ ਕਰਦੇ ਹਨ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਹੈ। ਭਾਜਪਾ ਜਾਣਬੁੱਝ ਕੇ ਵਿਰੋਧੀ ਸ਼ਾਸਤ ਰਾਜਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਰਹੀ ਹੈ ਤਾਂ ਜੋ ਜਾਂ ਤਾਂ ਨੇਤਾਵਾਂ ਨੂੰ ਝੁਕਣ ਲਈ ਮਜਬੂਰ ਕੀਤਾ ਜਾ ਸਕੇ ਜਾਂ ਕੇਂਦਰੀ ਏਜੰਸੀਆਂ ਰਾਹੀਂ ਉਨ੍ਹਾਂ ਨੂੰ ਫਸਾਇਆ ਜਾ ਸਕੇ। ਪੱਛਮੀ ਬੰਗਾਲ ਚੋਣਾਂ ਦੌਰਾਨ ਭਾਜਪਾ ਨੇ ਸੱਤਾ ਹਥਿਆਉਣ ਲਈ ਵੋਟਰ ਸੂਚੀ ਵਿੱਚੋਂ 90 ਲੱਖ ਵੋਟਰ ਕੱਟ ਦਿੱਤੇ ਸਨ। ਭਾਜਪਾ ਹੁਣ ਪੰਜਾਬ ਵਿੱਚ ਵੀ ਅਜਿਹੀਆਂ ਚਾਲਾਂ ਦੁਹਰਾਉਣ ਦੇ ਸੁਪਨੇ ਦੇਖ ਰਹੀ ਹੈ, ਪਰ ਪੰਜਾਬੀ ਅਜਿਹੀ ਰਾਜਨੀਤੀ ਅੱਗੇ ਕਦੇ ਨਹੀਂ ਝੁਕਣਗੇ। ਪੰਜਾਬ ਦੀ ਇਨਕਲਾਬੀ ਵਿਰਾਸਤ ਦਾ ਹਵਾਲਾ ਦਿੰਦਿਆਂ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਦੀਆਂ ਰਗਾਂ ਵਿੱਚ ਇਨਕਲਾਬੀਆਂ ਅਤੇ ਸ਼ਹੀਦਾਂ ਦਾ ਖ਼ੂਨ ਵਗਦਾ ਹੈ। ਸ਼ਹੀਦ-ਏ-ਆਜ਼ਮ ਭਗਤ ਸਿੰਘ ਅਤੇ ਦੇਸ਼ ਦੀ ਆਜ਼ਾਦੀ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਵਾਲੇ ਸ਼ਹੀਦਾਂ ਦਾ ਜਜ਼ਬਾ ਹਰ ਪੰਜਾਬੀ ਦੇ ਅੰਦਰ ਵੱਸਦਾ ਹੈ। ਜੇਕਰ ਭਾਜਪਾ ਪੰਜਾਬ ਵਿੱਚ ਅਜਿਹੀਆਂ ਕਾਰਵਾਈਆਂ ਜਾਰੀ ਰੱਖਦੀ ਹੈ ਤਾਂ 3 ਕਰੋੜ ਪੰਜਾਬੀ ਮੂੰਹਤੋੜ ਜਵਾਬ ਦੇਣਗੇ। ਉਨ੍ਹਾਂ ਨੇ ਸੰਜੀਵ ਅਰੋੜਾ ਵਿਰੁੱਧ ਈਡੀ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ ਅਤੇ ਐਲਾਨ ਕੀਤਾ ਕਿ 'ਆਪ' ਵਰਕਰ ਅਤੇ ਵਾਲੰਟੀਅਰ ਐਤਵਾਰ ਨੂੰ ਪੰਜਾਬ ਭਰ ਵਿੱਚ ਭਾਜਪਾ ਦੇ ਮੁੱਖ ਦਫ਼ਤਰਾਂ ਅਤੇ ਦਫ਼ਤਰਾਂ ਦੇ ਬਾਹਰ ਰੋਸ ਪ੍ਰਦਰਸ਼ਨ ਕਰਨਗੇ।

# ਜੰਗੇ ਆਜ਼ਾਦੀ ਦੇ ਇਤਿਹਾਸਕਾਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਸੁਰਗਵਾਸ

## ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਦਾਨ

**ਲੁਧਿਆਣਾ/ਬਿਊਰੋ**

ਜੰਗੇ ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਲੁਧਿਆਣਾ ਵਿੱਚ ਲੰਮਾ ਸਮਾਂ ਹਿਉਮੈਨੇਟੀਜ਼ ਦੇ ਪ੍ਰੋਫੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦਾ ਅੱਜ ਸਵੇਰੇ ਸਾਕੇਤੜੀ(ਪੰਚਕੂਲਾ) ਵਿਖੇ ਦੇਹਾਂਤ ਹੋ ਗਿਆ ਹੈ। ਕੁਝ ਸਮਾਂ ਪਹਿਲਾਂ ਹੀ ਉਨ੍ਹਾਂ ਆਪਣਾ 96ਵਾਂ ਜਨਮ ਦਿਨ ਮਨਾਇਆ ਸੀ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦਾ ਪਰਿਵਾਰ ਲੱਧੇਵਾਲਾ ਵੜੈਚ(ਗੁਜਰਾਂਵਾਲਾ) ਤੋਂ ਦੇਸ਼ ਵੰਡ ਵੇਲੇ ਏਧਰ ਆ ਕੇ ਪਹਿਲਾਂ ਕਪੂਰਥਲਾ ਤੇ ਮਗਰੋਂ ਪੱਕੇ ਤੌਰ ਤੇ ਪਿੰਡ ਰਾਵਰ(ਕਰਨਾਲ) ਵਿੱਚ ਵੱਸਿਆ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੀਕ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਵਿੱਚ ਪੜ੍ਹਾਉਂਦੇ ਰਹੇ। ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ। ਉਮਰ ਦੇ ਆਖਰੀ ਦੋ ਤਿੰਨ ਸਾਲ ਛੱਡ ਕੇ ਉਹ ਰੋਜ਼ਾਨਾ ਖੇਡ ਮੈਦਾਨ ਜਾਂ ਸੁਖਨਾ ਲੇਕ ਦੇ ਕੰਢੇ ਸਵੇਰਸਾਰ ਦੌੜਦੇ ਰਹੇ। ਉਨ੍ਹਾਂ ਨੇ ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਬਾਬਾ ਹਰਨਾਮ ਸਿੰਘ ਕਾਲਾ ਸੰਘਿਆ, ਬਾਬਾ ਸੱਜਣ ਸਿੰਘ ਨਾਰੰਗਵਾਲ, ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾਤਾ ਕਿਰਨ ਦਾਦਾ ਤੇ ਅਨੇਕਾਂ ਹੋਰ ਦੇਸ਼ ਭਗਤਾਂ ਦੀ ਸੰਗਤ ਮਾਣੀ। ਜਲੰਧਰ ਵਿੱਚ ਆਪਣੇ ਸਾਥੀ ਸਹਿਯੋਗੀਆਂ ਤੇ ਵਿਸ਼ਵਾਸਪਾਤਰਾਂ ਦੀ ਸੰਗਤ ਨਾਲ ਉਨ੍ਹਾਂ ਯੁਵਕ ਕੇਂਦਰ ਦੀ ਸਥਾਪਨਾ ਕਰਕੇ ਪੂਰੇ ਪੰਜਾਬ ਵਿੱਚ ਸ਼ਹੀਦਾਂ ਵਿਰਾਸਤ ਚੇਤਨਾ ਦਾ ਪਰਚਮ ਲਹਿਰਾਇਆ। ਆਪਣੇ ਪਿੱਛੋ ਉਹ ਆਪਣੀ ਇਕਲੌਤੀ ਬੇਟੀ ਡਾ. ਮਿੰਨਾ ਵੜੈਚ ਤੇ ਉਸ ਦੇ ਪਰਿਵਾਰ ਤੋਂ ਇਲਾਵਾ ਵਿਸ਼ਾਲ ਵਿਚਾਰਧਾਰਕ ਪਰਿਵਾਰ ਛੱਡ ਗਏ ਹਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਦੇ ਵਿਦਿਆਰਥੀਆਂ ਵਿੱਚੋਂ ਸ਼ਹੀਦ ਭਗਤ ਸਿੰਘ ਦੇ ਭਣੇਵੇਂ ਪ੍ਰੋ. ਜਗਮੋਹਨ ਸਿੰਘ, ਪ੍ਰਿੰਸੀਪਲ ਮ ਸ ਪਰਮਾਰ, ਮਿਹਰ ਚੰਦ ਭਾਰਦਵਾਜ, ਤੋਂ ਇਲਾਵਾ ਸਾਹਿੱਤ ਖੇਤਰ ਵਿੱਚ ਅਜਮੇਰ ਰੋਡੇ, ਦਰਸ਼ਨ



ਨੱਤ, ਉਜਾਗਰ ਸਿੰਘ ਕੰਵਲ, ਅਮੋਲਕ ਸਿੰਘ,ਅਜਮੇਰ ਸਿੰਘ,ਸੁਰਿੰਦਰ ਧੰਜਲ, ਕੰਵਲਜੀਤ ਸਿੰਘ ਢੁੱਡੀਕੇ, ਜਸਵੰਤ ਜਫ਼ਰ, ਗੁਰਿੰਦਰਜੀਤ ਤੇ ਪਰਮਜੀਤ ਧਾਲੀਵਾਲ ਨੇ ਚੰਗਾ ਨਾਮਣਾ ਖੱਟਿਆ। ਪੰਜਾਬ ਰਾਜ ਬਿਜਲੀ ਬੋਰਡ ਦੇ ਹੁਣੇ ਸੇਵਾਮੁਕਤ ਹੋਏ ਚੇਅਰਮੈਨ ਸ. ਬਲਦੇਵ ਸਿੰਘ ਸਰਾਂ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਬਾਨੀ ਵਾਈਸ ਚਾਂਸਲਰ ਡਾ. ਦਿਲਬਾਗ ਸਿੰਘ ਹੀਰਾ ਤੇ ਮਾਨਸਾ ਦੇ ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ ਵੀ ਉਨ੍ਹਾਂ ਦੇ ਵਿਦਿਆਰਥੀ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੇ 1989 ਵਿੱਚ ਨੌਕਰੀ ਤੋਂ ਸੇਵਾ ਮੁਕਤੀ ਉਪਰੰਤ ਲਾਅ ਦੀ ਪੜ੍ਹਾਈ ਕਰਕੇ ਆਪਣੇ ਭਣੇਵੇਂ ਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਸੀਨੀਅਰ ਐਡਵੋਕੇਟ ਰ ਸ ਚੀਮਾ ਨਾਲ ਕੁਝ ਸਮਾਂ ਵਕਾਲਤ ਵੀ ਕੀਤੀ। ਦੇਸ਼ ਭਗਤ ਲਹਿਰਾਂ ਦੇ ਸੂਰਮਿਆਂ ਦੀਆਂ ਸਰਕਾਰ ਵੱਲੋਂ ਜ਼ਬਤ ਕੀਤੀਆਂ ਜਾਇਦਾਦਾਂ ਵੀ ਵਾਪਸ ਕਰਵਾਈਆਂ। ਉਨ੍ਹਾਂ ਵੱਲੋਂ ਲਿਖੀਆਂ ਖੋਜ ਪੁਸਤਕਾਂ ਦੀ ਗਿਣਤੀ ਤੀਹ ਤੋਂ ਵੱਧ ਹੈ। ਪਹਿਲੇ ਤੇ ਦੂਜੇ ਲਾਹੌਰ ਸਾਜ਼ਿਸ਼ ਕੇਸ ਦੀ ਜੱਜਮੈਂਟ ਨੂੰ ਵੀ ਹਰੀਸ਼ ਜੈਨ ਨਾਲ ਮਿਲ ਕੇ ਸੰਪਾਦਿਤ ਕੀਤਾ ਤੇ ਛਪਵਾਇਆ। ਪ੍ਰੋ. ਮਲਵਿੰਦਰਜੀਤ ਸਿੰਘ ਨੇ ਸਰਾਭਾ ਪਿੰਡ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਹਸਪਤਾਲ ਤੇ ਮੈਡੀਕਲ ਕਾਲਿਜ ਖੁਲਵਾਉਣ ਵਿੱਚ ਮੁੱਢਲਾ ਯੋਗਦਾਨ ਪਾਇਆ ਅਤੇ ਸ ਸੁਖਦੇਵ ਸਿੰਘ ਸਰਾਭਾ ਤੇ ਮਿਹਰਚੰਦ ਭਾਰਦਵਾਜ ਨਾਲ ਮਿਲ ਕੇ ਬਦੇਸ਼ਾਂ ਵਿੱਚ ਵੱਸਦੇ ਵਿਦਿਆਰਥੀਆਂ ਦੀ ਮਦਦ ਨਾਲ ਵੱਡਾ ਫੰਡ ਇਕੱਠਾ ਕਰਕੇ ਦਿੱਤਾ। ਮਾਲੇਰਕੋਟਲਾ ਵਿੱਚ ਅੰਗਰੇਜ਼ ਹਕੂਮਤ ਵੱਲੋਂ ਸ਼ਹੀਦ ਕੀਤੇ 66 ਕੂਕਿਆਂ ਦੀ ਪਿੰਡਾਂ ਸਮੇਤ ਸੂਚੀ ਵੀ ਪ੍ਰੋ.ਵੜੈਚ ਨੇ ਤਿਆਰ ਕਰਕੇ ਨਾਮਧਾਰੀ ਪੰਥ ਨੂੰ ਸੌਂਪੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਦਾਇਰ ਕਰਕੇ ਨਾਮਧਾਰੀ ਕੂਕਾ ਲਹਿਰ ਅਤੇ ਜਲ੍ਹਿਆਂਵਾਲਾ ਬਾਗ ਦੇ ਸ਼ਹੀਦਾਂ ਨੂੰ ਆਜ਼ਾਦੀ ਸੰਗਰਾਮ ਦਾ ਹਿੱਸਾ ਬਣਾਉਣ ਲਈ ਲੰਬੀ ਕਨੂੰਨੀ ਲੜਾਈ ਲੜੀ ਅਤੇ ਮਾਨਤਾ ਦੁਆਈ। ਗ਼ਦਰ ਲਹਿਰ ਨੂੰ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਵਿਚ ਚਦਰ ਲਹਿਰ ਲਿਖਿਆ ਹੋਇਆ ਸੀ ਜਿਸ ਬਾਰੇ ਸਰਕਾਰ ਨੂੰ ਕਈ ਚਿੱਠੀਆਂ ਲਿਖੀਆਂ। ਫਿਰ ਇਸ ਵਿਚ ਵੀ ਸੋਧ ਅਦਾਲਤ ਵਿੱਚ ਕੇਸ ਕਰਕੇ ਕਰਵਾਈ ਸੀ। ਗ਼ਦਰੀ ਬਾਬਾ ਹਰਨਾਮ ਸਿੰਘ ਕਾਲ?ਾ ਸੰਘਿਆਂ ਦੀ ਨਿਲਾਮ ਕੀਤੀ ਜ਼ਮੀਨ ਦੇ ਮੁਆਵਜ਼ੇ ਲਈ ਸਰਕਾਰੀ ਤੰਤਰ ਵਲੋਂ ਨਾਂਹਪੱਖੀ ਰਵੱਈਆ ਅਪਣਾਉਣ ਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪੀ ਆਈ ਐਲ ਰਾਹੀਂ ਨਾਂ ਸਿਰਫ ਬਾਬਾ ਹਰਨਾਮ ਸਿੰਘ ਕਾਲਾ ਸੰਘਿਆਂ ਦੇ ਪੋਤਰਿਆਂ ਨੂੰ 35 ਲੱਖ ਰੁਪਏ ਮੁਆਵਜ਼ਾ ਦੁਆਇਆ ਸਗੋਂ ਆਪਣੀਆਂ ਦਲੀਲਾਂ ਨਾਲ ਜੱਜਾਂ ਨੂੰ ਐਨਾ ਕਾਇਲ ਕੀਤਾ ਕਿ ਉਨ੍ਹਾਂ ਨੇ ਆਜ਼ਾਦੀ ਸੰਗਰਾਮ ਦੀ ਕਿਸੇ ਵੀ ਲਹਿਰ ਦੇ ਦੇਸ਼ ਭਗਤ ਦੀ ਜ਼ਬਤ/ ਨਿਲਾਮ ਹੋਈ ਜ਼ਮੀਨ ਵਾਰਸਾਂ ਨੂੰ ਮੋੜਨ ਜਾਂ ਮੌਜੂਦਾ ਭਾਅ ਬਰਾਬਰ ਮੁਆਵਜ਼ਾ ਦੇਣ ਦਾ ਹੁਕਮ ਸੁਣਾਇਆ ਸੀ। ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿਚ ਲਿਖੀਆਂ/ ਅਨੁਵਾਦਿਤ/ ਸੰਪਾਦਤ 62 ਕਿਤਾਬਾਂ ਹਨ ਅਤੇ ਹੋਰ 5 ਕਿਤਾਬਾਂ ਦੀ ਪੀ ਡੀ ਐਫ ਪਾਠਕਾਂ ਨੂੰ ਵੰਡ ਗਏ ਹਨ। ਇਨਕਲਾਬੀ ਦੇਸ਼ ਭਗਤਾਂ ਬਾਰੇ ਲਿਖਣ ਵਾਲੇ ਲੇਖਕਾਂ ਨੂੰ ਉਹ ਆਪਣੇ ਖਜ਼ਾਨੇ ਵਿਚੋਂ ਦਸਤਾਵੇਜ਼ ਫੋਟੋ ਕਾਪੀਆਂ ਕਰਵਾ ਕੇ ਬੜੇ ਚਾਅ ਨਾਲ ਭੇਜਦੇ ਸਨ। ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦੀ ਜਾਣਕਾਰੀ ਦੇ 41 ਵੱਡ ਅਕਾਰੀ ਪੈਨਲ ਨੈਸ਼ਨਲ ਗੈਲਰੀ ਆਫ਼ ਪੋਰਟਰੇਟ 17 ਸੈਕਟਰ ਚੰਡੀਗੜ੍ਹ ਵਿੱਚ ਬਣਾਉਣ ਦੀ ਪ੍ਰਮੁੱਖ ਭੂਮਿਕਾ ਅਦਾ ਕੀਤੀ। ਆਪਣੇ 52 ਸਾਲਾਂ ਦੇ ਖੋਜੀ ਜੀਵਨ ਦੌਰਾਨ ਇਨਕਲਾਬੀ ਦੇਸ਼ ਭਗਤਾਂ ਨਾਲ ਸਬੰਧਤ ਹਜ਼ਾਰਾਂ ਦਸਤਾਵੇਜ਼, ਬੇਸ਼ਕੀਮਤੀ ਕਿਤਾਬਾਂ ਅਤੇ ਗ਼ਦਰੀ ਬਾਬਿਆਂ ਦੀਆਂ ਨਿੱਜੀ ਵਸਤਾਂ ਉਹ ਆਪਣੇ ਸਭ ਤੋਂ ਪਿਆਰੇ ਸ਼ਾਗਿਰਦ ਸੀਤਾ ਰਾਮ ਬਾਂਸਲ ਅਤੇ ਉਸਦੀ ਜੀਵਨ ਸਾਥਣ ਬਲਵਿੰਦਰ ਕੌਰ ਬਾਂਸਲ ਨੂੰ ਸੌਂਪ ਗਏ ਹਨ। ਬਾਂਸਲ ਜੋੜੀ ਨੇ ਇਹ ਦਸਤਾਵੇਜ਼ ਅਤੇ ਕਿਤਾਬਾਂ ਖੋਜੀਆਂ ਦੀ ਸਹੂਲਤ ਲਈ ਆਪਣੇ ਜਲੰਧਰ ਸ਼ਹਿਰ ਵਿਚਲੇ ਆਪਣੇ ਘਰ ਵਿਚ ਪ੍ਰੋਫੈਸਰ ਮਲਵਿੰਦਰ ਜੀਤ ਸਿੰਘ ਵੜੈਚ ਰੈਵੋਲਿਊਸ਼ਨਰੀ ਰਿਚਰਚ ਸੈਂਟਰ ਵਿਚ ਰੱਖੇ ਹੋਏ ਹਨ। ਸਾਡੇ ਪਰਿਵਾਰ ਲਈ ਇਹ ਨਿੱਜੀ ਘਾਟਾ ਹੈ ਕਿਉਂਕਿ ਉਹ ਮੇਰੇ ਸਭ ਤੋਂ ਵੱਡੇ ਭੂਆ ਜੀ ਦੇ ਵਿਚਕਾਰਲੇ ਸਪੁੱਤਰ ਸਨ। ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਦੇ ਭਣੇਵੇਂ ਸ. ਰ ਸ ਚੀਮਾ ਨੇ ਦੱਸਿਆ ਹੈ ਕਿ ਉਨ੍ਹਾਂ ਦੀ ਇੱਛਾ ਅਨੁਸਾਰ ਮ੍ਰਿਤਕ ਦੇਹ ਪੀ ਜੀ ਆਈ ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ।

# ਦੀਪਕ ਹਾਰਟ ਇੰਸਟੀਚਿਊਟ ਲੁਧਿਆਣਾ ਵੱਲੋਂ ਮੁਫ਼ਤ ਸਿਹਤ ਜਾਂਚ ਕੈਂਪ ਦਾ ਆਯੋਜਨ



ਲੁਧਿਆਣਾ/ਸੁਰਜੀਤ ਸਿੰਘ

ਦੀਪਕ ਹਾਰਟ ਇੰਸਟੀਚਿਊਟ (ਦੀਪਕ ਹਸਪਤਾਲ), ਲੁਧਿਆਣਾ ਵੱਲੋਂ ਸੇਵਾ ਭਾਰਤ ( ਰਜਿ.), ਜਗਰਾਉਂ ਅਤੇ ਆਰਟ ਆਫ ਲਿਵਿੰਗ, ਜਗਰਾਉਂ ਦੇ ਸਹਿਯੋਗ ਨਾਲ ਸਥਾਨਕ ਵਸਨੀਕਾਂ ਦੀ ਭਲਾਈ ਲਈ ਦਿਲ ਅਤੇ ਹੱਡੀਆਂ ਨਾਲ ਸੰਬੰਧਿਤ ਬਿਮਾਰੀਆਂ ਲਈ ਮੁਫ਼ਤ ਸਿਹਤ ਜਾਂਚ ਕੈਂਪ ਦਾ ਸਫਲ ਆਯੋਜਨ ਕੀਤਾ ਗਿਆ। ਇਹ ਕੈਂਪ ਖਾਲਸਾ ਗਰਲਜ਼ ਸਕੂਲ, ਲਾਜਪਤ ਰਾਇ ਰੋਡ, ਜਗਰਾਉਂ ਵਿੱਚ ਲਗਾਇਆ ਗਿਆ। ਇਸ ਪਹਿਲ ਦਾ ਉਦੇਸ਼ ਲੋਕਾਂ ਵਿੱਚ ਸਿਹਤ ਜਾਗਰੂਕਤਾ ਵਧਾਉਣਾ ਅਤੇ ਉਨ੍ਹਾਂ ਨੂੰ ਆਸਾਨੀ ਨਾਲ ਮਿਆਰੀ ਤਬੀਬੀ ਸਲਾਹ ਮੁਹੱਈਆ ਕਰਵਾਉਣਾ ਸੀ। ਕੈਂਪ ਦੌਰਾਨ 100 ਤੋਂ ਵੱਧ ਮਰੀਜ਼ਾਂ ਦੀ ਜਾਂਚ ਕੀਤੀ ਗਈ। ਮਾਹਿਰ ਡਾਕਟਰਾਂ ਦੀ ਟੀਮ ਵਿੱਚ ਡਾ. ਕੁਲਵੰਤ ਸਿੰਘ, ਐਮਡੀ (ਮੈਡੀਸਿਨ), ਕਾਰਡੀਓਲੋਜਿਸਟ ਅਤੇ ਡਾਇਰੈਕਟਰ, ਦੀਪਕ ਹਾਰਟ ਇੰਸਟੀਚਿਊਟ, ਲੁਧਿਆਣਾ; ਡਾ. ਅਰੁਣ ਗੁਪਤਾ, ਐਮਐਸ (ਆਰਥੋ), ਸੀ ਐਮ ਓ (ਰੀਟਾ.) ਹੱਡੀਆਂ ਅਤੇ ਜੋੜਾਂ ਦੇ ਮਾਹਿਰ; ਅਤੇ ਡਾ. ਰਜਨੀਸ਼ ਕਾਲਟਨ, ਐਮਡੀ (ਮੈਡੀਸਿਨ), ਡੀਐਨਬੀ (ਮੈਡੀਸਿਨ) ਸ਼ਾਮਲ ਸਨ। ਕੈਂਪ ਵਿੱਚ ਦਿਲ ਦੀਆਂ ਬਿਮਾਰੀਆਂ ਅਤੇ ਹੱਡੀਆਂ-ਜੋੜਾਂ ਨਾਲ ਸੰਬੰਧਿਤ ਸਮੱਸਿਆਵਾਂ ਦੀ ਜਾਂਚ ਕੀਤੀ ਗਈ। ਇਸ ਤੋਂ ਇਲਾਵਾ ਮਰੀਜ਼ਾਂ ਨੂੰ ਮੁਫ਼ਤ ਸਲਾਹ, ਈਸੀਜੀ, ਬਲੱਡ ਪ੍ਰੈਸ਼ਰ ਅਤੇ ਸ਼ੂਗਰ ਟੈਸਟ ਦੇ ਨਾਲ ਮੁਫ਼ਤ ਦਵਾਈਆਂ ਵੀ ਪ੍ਰਦਾਨ ਕੀਤੀਆਂ ਗਈਆਂ। ਇਸ ਉਪਰਾਲੇ ਨੂੰ ਲੋਕਾਂ ਵੱਲੋਂ ਕਾਫ਼ੀ ਸਰਾਹਿਆ ਗਿਆ ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਸ ਦਾ ਲਾਭ ਲਿਆ। ਆਯੋਜਕਾਂ ਨੇ ਅਪੀਲ ਕੀਤੀ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਮੌਕਿਆਂ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਅਤੇ ਸਮੇਂ-ਸਿਰ ਸਿਹਤ ਜਾਂਚ ਕਰਵਾ ਕੇ ਮਾਹਿਰਾਂ ਦੀ ਸਲਾਹ ਲਈ ਜਾਵੇ।

## ਕਲੀਨ ਏਅਰ ਪੰਜਾਬ ਅਤੇ ਪੀਏਯੂ ਵੱਲੋਂ ਬਿਨਾਂ ਪਰਾਲੀ ਸਾੜੇ ਖੇਤੀ ਕਰਨ ਵਾਲੇ

# ਕਿਸਾਨਾਂ ਨੂੰ ਸਨਮਾਨਿਤ ਕਰਨ ਲਈ ਰਾਜ ਪੱਧਰੀ ਇਨਾਮ ਸਮਾਰੋਹ ਆਯੋਜਿਤ

## ਸਾਰੇ ਪੰਜਾਬ ਵਿੱਚ ਟਿਕਾਊ ਖੇਤੀ ਲਈ ਲਗਭਗ 250 ਕਿਸਾਨਾਂ ਨੂੰ ਕੀਤਾ ਗਿਆ ਸਨਮਾਨਿਤ




ਲੁਧਿਆਣਾ/ਬਿਊਰੋ

ਕਲੀਨ ਏਅਰ ਪੰਜਾਬ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀਏਯੂ) ਦੇ ਸਹਿਯੋਗ ਨਾਲ ਪਾਲ ਆਡੀਟੋਰਿਯਮ ਵਿੱਚ ਇੱਕ ਰਾਜ ਪੱਧਰੀ ਕਿਸਾਨ ਇਨਾਮ ਸਮਾਰੋਹ ਆਯੋਜਿਤ ਕੀਤਾ। ਇਸ ਸਮਾਰੋਹ ਵਿੱਚ ਉਹਨਾਂ ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ ਜੋ ਸਾਰੇ ਪੰਜਾਬ ਵਿੱਚ ਬਿਨਾਂ ਪਰਾਲੀ ਸਾੜੇ ਖੇਤੀ ਦੇ ਤਰੀਕਿਆਂ ਨੂੰ ਅਪਣਾਉਣ ਵੱਲ ਬਦਲਾਅ ਦੀ ਅਗਵਾਈ ਕਰ ਰਹੇ ਹਨ। ਇਹ ਪ੍ਰੋਗਰਾਮ 'ਸਾਂਝ ਪੰਜਾਬ ਕਿਸਾਨ ਪੁਰਸਕਾਰ' ਦਾ ਦੂਜਾ ਸੰਸਕਰਣ ਸੀ। ਸਾਂਝ ਪੰਜਾਬ, ਪੰਜਾਬ ਵਿੱਚ ਟਿਕਾਊ ਖੇਤੀ ਵੱਲ ਕੰਮ ਕਰਨ ਵਾਲੇ ਪ੍ਰਗਤੀਸ਼ੀਲ ਕਿਸਾਨਾਂ ਅਤੇ ਸੰਸਥਾਵਾਂ ਦਾ ਇੱਕ ਨੈੱਟਵਰਕ ਹੈ। ਇਹ ਮਨੁੱਖੀ ਵਿਕਾਸ ਸੰਸਥਾਨ, ਆਈਪੀਐਸ ਫਾਊਂਡੇਸ਼ਨ, ਕਲੀਨ ਏਅਰ ਪੰਜਾਬ, ਖੇਤੀ ਵਿਰਾਸਤ ਮਿਸ਼ਨ ਆਦਿ ਵਰਗੀਆਂ ਜ਼ਮੀਨੀ ਪੱਧਰ ਦੀਆਂ ਸੰਸਥਾਵਾਂ ਅਤੇ ਗਰੁੱਪਾਂ ਨੂੰ ਇਕੱਠਾ ਕਰਦਾ ਹੈ। ਇਹ ਉਹਨਾਂ ਕਿਸਾਨਾਂ ਨੂੰ ਸਨਮਾਨਿਤ ਕਰਨ ਦੇ ਤਿੰਨ ਸਾਲ ਤੋਂ ਚੱਲ ਰਹੇ ਯਤਨਾਂ ਨੂੰ ਜਾਰੀ ਰੱਖ ਰਿਹਾ ਹੈ ਜੋ ਪਰਾਲੀ ਸਾੜਨ ਨੂੰ ਘਟਾ ਰਹੇ ਹਨ ਅਤੇ ਸਾਫ਼ ਹਵਾ ਅਤੇ ਮੌਸਮੀ ਤਬਦੀਲੀ ਨਾਲ ਅਨੁਕੂਲਤਾ ਵਿੱਚ ਯੋਗਦਾਨ ਪਾ ਰਹੇ ਹਨ। ਅੰਮ੍ਰਿਤਸਰ ਵਿੱਚ ਪਹਿਲਾਂ ਕਰਵਾਏ ਗਏ ਪ੍ਰੋਗਰਾਮ ਤੋਂ ਬਾਅਦ, ਇਸ ਸੰਸਕਰਣ ਵਿੱਚ ਭਾਗੀਦਾਰੀ ਦਾ ਵਿਸਥਾਰ ਕਰਦਿਆਂ ਇਸਨੂੰ ਇੱਕ ਵਿਸ਼ਾਲ ਰਾਜ ਪੱਧਰੀ ਮੰਚ 'ਤੇ ਲਿਆਂਦਾ ਗਿਆ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਕੁੱਲ ਮਿਲਾ ਕੇ ਲਗਭਗ 250 ਕਿਸਾਨਾਂ ਨੂੰ ਉਹਨਾਂ ਦੇ ਯਤਨਾਂ ਲਈ ਸਨਮਾਨਿਤ ਕੀਤਾ ਗਿਆ। ਇਨ੍ਹਾਂ ਅਵਾਰਡਾਂ ਨੇ ਨਾ ਸਿਰਫ਼ ਵਿਅਕਤੀਗਤ ਨੇਤ੍ਰਿਤਵ ਦੀ ਪਛਾਣ ਕੀਤੀ, ਸਗੋਂ ਆਪਸੀ ਸਿੱਖਣ ਲਈ ਇੱਕ ਮੰਚ ਵੀ ਮੁਹੱਈਆ ਕਰਵਾਇਆ, ਜਿੱਥੇ ਕਿਸਾਨਾਂ ਨੇ ਟਿਕਾਊ ਖੇਤੀ ਦੇ ਤਰੀਕਿਆਂ ਨੂੰ ਅਪਣਾਉਣ ਵਿੱਚ ਆਪਣੇ ਤਜਰਬੇ, ਸਥਾਨਕ ਨਵੀਨਤਾ ਅਤੇ ਚੁਣੌਤੀਆਂ ਸਾਂਝੀਆਂ ਕੀਤੀਆਂ। ਪ੍ਰੋਗਰਾਮ ਦੀ ਸ਼ੁਰੂਆਤ ਪੀਏਯੂ ਦੇ ਐਕਸਟੈਂਸ਼ਨ ਐਜੂਕੇਸ਼ਨ ਡਾਇਰੈਕਟਰ ਡਾ. ਮੱਖਣ ਸਿੰਘ ਭੁੱਲਰ ਦੇ ਸਵਾਗਤੀ ਭਾਸ਼ਣ ਨਾਲ ਹੋਈ, ਜਿਸ ਤੋਂ ਬਾਅਦ ਰਿਸਰਚ ਡਾਇਰੈਕਟਰ ਡਾ. ਅਜਮੇਰ ਸਿੰਘ ਢੱਟ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਮੁੱਖ ਭਾਸ਼ਣ ਪੀਏਯੂ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਦਿੱਤਾ, ਜਿਨ੍ਹਾਂ ਨੇ ਕਲੀਨ ਏਅਰ ਪੰਜਾਬ ਅਤੇ ਪੀਏਯੂ ਦੇ ਸੀਨੀਅਰ ਨੇਤ੍ਰਿਤਵ ਨਾਲ ਮਿਲ ਕੇ ਅਵਾਰਡ ਸਮਾਰੋਹ ਦਾ ਸੰਚਾਲਨ ਵੀ ਕੀਤਾ। ਪੀਏਯੂ ਦੇ ਵਾਈਸ ਚਾਂਸਲਰ ਡਾ. ਸਤਬੀਰ ਸਿੰਘ ਗੋਸਲ ਨੇ ਕਿਹਾ, "ਪੰਜਾਬ ਦਾ ਖੇਤੀ ਭਵਿੱਖ ਟਿਕਾਊ ਖੇਤੀ ਦੇ ਤਰੀਕਿਆਂ 'ਤੇ ਨਿਰਭਰ ਕਰਦਾ ਹੈ। ਅੱਜ ਜਿਨ੍ਹਾਂ ਕਿਸਾਨਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ, ਉਹ ਜ਼ਮੀਨੀ ਪੱਧਰ 'ਤੇ ਇਸ ਬਦਲਾਅ ਦੀ ਅਗਵਾਈ ਕਰ ਰਹੇ ਹਨ। ਉਹਨਾਂ ਦੇ ਯਤਨ ਸਾਬਤ ਕਰਦੇ ਹਨ ਕਿ ਉਤਪਾਦਕਤਾ ਅਤੇ ਵਾਤਾਵਰਣਕ ਜ਼ਿੰਮੇਵਾਰੀ ਦੋਵੇਂ ਇਕੱਠੇ ਚੱਲ ਸਕਦੇ ਹਨ। ਪੀਏਯੂ ਦੇ ਐਕਸਟੈਂਸ਼ਨ ਐਜੂਕੇਸ਼ਨ ਡਾਇਰੈਕਟਰ ਡਾ. ਮੱਖਣ ਸਿੰਘ ਭੁੱਲਰ ਨੇ ਕਿਹਾ, "ਕਿਸਾਨ ਇਕ-ਦੂਜੇ ਤੋਂ ਸਭ ਤੋਂ ਵਧੀਆ ਸਿੱਖਦੇ ਹਨ। ਇਸ ਤਰ੍ਹਾਂ ਦੇ ਮੰਚ ਬਹੁਤ ਮਹੱਤਵਪੂਰਣ ਹਨ ਕਿਉਂਕਿ ਇਹ ਵਿਹਾਰਕ ਗਿਆਨ ਦੇ ਆਪਸੀ ਅਦਾਨ-ਪ੍ਰਦਾਨ ਨੂੰ ਸੰਭਵ ਬਣਾਉਂਦੇ ਹਨ। ਉਹਨਾਂ ਕਿਸਾਨਾਂ ਨੂੰ ਸਨਮਾਨਿਤ ਕਰਨਾ ਜੋ ਫਸਲ ਦੇ ਅਵਸ਼ੇਸ਼ ਨਹੀਂ ਸਾੜਦੇ, ਪੂਰੇ ਖੇਤੀਬਾੜੀ ਭਾਈਚਾਰੇ ਲਈ ਇੱਕ ਸਕਾਰਾਤਮਕ ਉਦਾਹਰਨ ਸਥਾਪਿਤ ਕਰਨ ਵਿੱਚ ਮਦਦ ਕਰਦਾ ਹੈ। ਇਸ ਪ੍ਰੋਗਰਾਮ ਵਿੱਚ ਪੀਏਯੂ ਦੇ ਵਿਦਵਾਨਾਂ ਨੇ ਆਪਣੇ ਸਭ ਤੋਂ ਵਧੀਆ ਤਰੀਕੇ ਸਾਂਝੇ ਕੀਤੇ ਅਤੇ ਸਾਥੀ ਸੰਸਥਾਵਾਂ ਨੇ ਪ੍ਰਜ਼ੈਂਟੇਸ਼ਨ ਦਿੱਤੀਆਂ, ਜਿਨ੍ਹਾਂ ਵਿੱਚ ਅਜਿਹੇ ਹੱਲਾਂ 'ਤੇ ਜ਼ੋਰ ਦਿੱਤਾ ਗਿਆ ਜੋ ਵੱਡੇ ਪੱਧਰ 'ਤੇ ਲਾਗੂ ਕੀਤੇ ਜਾ ਸਕਣ ਅਤੇ ਜਿਨ੍ਹਾਂ ਦਾ ਖੇਤਾਂ ਵਿੱਚ ਪਰੀਖਣ ਹੋ ਚੁੱਕਾ ਹੈ। ਸਮਾਪਤੀ ਸੈਸ਼ਨ ਵਿੱਚ ਅਸਰ ਦੀ ਕਲਾਈਮੇਟ ਐਕਸ਼ਨ ਡਾਇਰੈਕਟਰ ਸਨਮ ਸੁਤੀਰਥ ਵਜ਼ੀਰ ਨੇ ਭਵਿੱਖ ਸੰਬੰਧੀ ਗੱਲ ਕਰਦਿਆਂ ਸਾਂਝੇ ਯਤਨਾਂ ਅਤੇ ਕਿਸਾਨਾਂ ਦੇ ਨੇਤ੍ਰਿਤਵ ਵਿੱਚ ਹੋ ਰਹੇ ਬਦਲਾਅ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ, "ਇਸ ਪਹਿਲ ਦਾ ਮਕਸਦ ਇੱਕ ਅਜਿਹਾ ਭਾਈਚਾਰਾ ਬਣਾਉਣਾ ਹੈ ਜਿੱਥੇ ਲੋਕ ਇਕ-ਦੂਜੇ ਤੋਂ ਸਿੱਖ ਸਕਣ। ਜਦੋਂ ਕਿਸਾਨ ਇਕ-ਦੂਜੇ ਤੋਂ ਸਿੱਖਦੇ ਹਨ, ਤਾਂ ਬਦਲਾਅ ਤੇਜ਼ ਅਤੇ ਹੋਰ ਟਿਕਾਊ ਢੰਗ ਨਾਲ ਹੁੰਦਾ ਹੈ। ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਪਛਾਣ ਦੇਣਾ ਸਿਰਫ਼ ਇਨਾਮ ਦੇਣ ਤੱਕ ਸੀਮਿਤ ਨਹੀਂ—ਇਸ ਦਾ ਮਕਸਦ ਸਾਰੇ ਪੰਜਾਬ ਵਿੱਚ ਸੋਚ ਅਤੇ ਤਰੀਕਿਆਂ ਵਿੱਚ ਬਦਲਾਅ ਲਿਆਉਣਾ ਹੈ। ਇਸ ਮੀਟਿੰਗ ਨੇ ਸਾਥੀਆਂ ਤੋਂ ਸਿੱਖਣ ਵਾਲੇ ਮੰਚਾਂ, ਲਗਾਤਾਰ ਸੰਸਥਾਗਤ ਸਹਿਯੋਗ ਅਤੇ ਪੰਜਾਬ ਦੀ ਹਵਾ ਦੀ ਗੁਣਵੱਤਾ ਅਤੇ ਮੌਸਮੀ ਚੁਣੌਤੀਆਂ ਨਾਲ ਨਿਪਟਣ ਲਈ ਪਰਾਲੀ ਨਾ ਸਾੜਨ ਦੇ ਤਰੀਕਿਆਂ ਨੂੰ ਵੱਡੇ ਪੱਧਰ 'ਤੇ ਅਪਣਾਉਣ ਦੀ ਮਹੱਤਤਾ ਨੂੰ ਹੋਰ ਮਜ਼ਬੂਤ ਕੀਤਾ।

# ਪੰਜਾਬ 'ਚ ਕਣਕ ਖਰੀਦ ਨੇ ਬਣਾਇਆ ਨਵਾਂ ਰਿਕਾਰਡ, 122 ਲੱਖ ਮੀਟ੍ਰਿਕ ਟਨ ਦਾ ਟੀਚਾ ਪਾਰ

ਚੰਡੀਗੜ੍ਹ/ਬਿਊਰੋ

ਪੰਜਾਬ ਵਿੱਚ ਕਣਕ ਦੀ ਖਰੀਦ ਮੌਸਮ ਦੌਰਾਨ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਕੀਤੇ ਗਏ ਸੁਚੱਜੇ ਅਤੇ ਵਿਆਪਕ ਪ੍ਰਬੰਧਾਂ ਸਦਕਾ ਵੱਡੀ ਉਪਲਬਧੀ ਦਰਜ ਕੀਤੀ ਗਈ ਹੈ। ਸੂਬੇ ਨੇ ਕਣਕ ਦੀ ਆਮਦ ਅਤੇ ਸਰਕਾਰੀ ਖਰੀਦ ਦੋਵੇਂ ਪੱਖੋਂ 122 ਲੱਖ ਮੀਟ੍ਰਿਕ ਟਨ ਦਾ ਨਿਰਧਾਰਤ ਟੀਚਾ ਪਾਰ ਕਰਕੇ ਨਵਾਂ ਮੀਲ ਪੱਥਰ ਸਥਾਪਤ ਕੀਤਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਖਰੀਦ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਚਲਾਇਆ ਗਿਆ। ਖਰੀਦ ਸੀਜ਼ਨ ਦੇ ਸ਼ੁਰੂ ਵਿੱਚ ਕਈ ਇਲਾਕਿਆਂ ਵਿੱਚ ਮੀਂਹ ਅਤੇ ਗੜੇਮਾਰੀ ਵਰਗੀਆਂ ਮੌਸਮੀ ਚੁਣੌਤੀਆਂ ਆਉਣ ਦੇ ਬਾਵਜੂਦ ਸਰਕਾਰ ਨੇ ਪ੍ਰਬੰਧਾਂ ਵਿੱਚ ਕੋਈ ਕਮੀ ਨਹੀਂ ਆਉਣ ਦਿੱਤੀ। ਵਿਭਾਗ ਅਨੁਸਾਰ ਹੁਣ ਤੱਕ ਸੂਬੇ ਦੀਆਂ ਮੰਡੀਆਂ ਵਿੱਚ 122.73 ਲੱਖ ਮੀਟ੍ਰਿਕ ਟਨ ਕਣਕ ਦੀ ਆਮਦ ਦਰਜ ਕੀਤੀ ਗਈ ਹੈ, ਜਦਕਿ 122.23 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ 7 ਲੱਖ ਤੋਂ ਵੱਧ ਕਿਸਾਨਾਂ ਦੇ ਖਾਤਿਆਂ ਵਿੱਚ ਘੱਟੋ-ਘੱਟ ਸਮਰਥਨ ਮੁੱਲ ਤਹਿਤ 29 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਸਿੱਧੀ ਟਰਾਂਸਫਰ ਕੀਤੀ ਗਈ ਹੈ। ਸਰਕਾਰ ਵੱਲੋਂ ਖਰੀਦ ਕਾਰਜ ਨੂੰ ਨਿਰਵਿਘਨ ਬਣਾਉਣ ਲਈ ਸੂਬੇ ਭਰ

# ਸੈਸ਼ਨ ਡਿਵੀਜ਼ਨ ਲੁਧਿਆਣਾ ਵਿਖੇ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ

ਲੁਧਿਆਣਾ/ਬਿਊਰੋ

ਮਾਣਯੋਗ ਸ਼੍ਰੀ ਜਸਟਿਸ ਸੂਰਿਆ ਕਾਂਤ, ਭਾਰਤ ਦੇ ਮੁੱਖ ਜੱਜ ਅਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੇ ਸਰਪ੍ਰਸਤ-ਇਨ-ਚੀਫ਼, ਮਾਣਯੋਗ ਸ਼੍ਰੀ ਜਸਟਿਸ ਵਿਕਰਮ ਨਾਥ, ਜੱਜ, ਸੁਪਰੀਮ ਕੋਰਟ ਆਫ਼ ਇੰਡੀਆ ਅਤੇ ਕਾਰਜਕਾਰੀ ਚੇਅਰਮੈਨ, ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੇ ਅਣਥੱਕ ਅਤੇ ਦੂਰਦਰਸ਼ੀ ਅਗਵਾਈ ਹੇਠ ਅਤੇ ਮਾਣਯੋਗ ਸ਼੍ਰੀ ਜਸਟਿਸ ਸ਼ੀਲ ਨਾਗੂ, ਮੁੱਖ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਸਰਪ੍ਰਸਤ-ਇਨ-ਚੀਫ਼, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸਏਐਸ ਨਗਰ ਦੇ ਅਨਮੋਲ ਮਾਰਗਦਰਸ਼ਨ ਹੇਠ ਅਤੇ ਮਾਣਯੋਗ ਸ਼੍ਰੀ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ, ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸਏਐਸ ਨਗਰ ਦੀ ਨਿਰੰਤਰ ਅਗਵਾਈ ਹੇਠ, 09.05.2026 ਨੂੰ ਲੁਧਿਆਣਾ, ਜਗਰਾਉਂ, ਸਮਰਾਲਾ, ਖੰਨਾ ਅਤੇ ਪਾਇਲ ਦੇ ਨਿਆਂਇਕ ਅਦਾਲਤਾਂ ਦੇ ਕੰਪਲੈਕਸਾਂ ਵਿੱਚ ਇੱਕ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਦੀ ਸੂਝਵਾਨ ਨਿਗਰਾਨੀ ਹੇਠ ਕਰਵਾਇਆ ਗਿਆ। ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਦੇ ਨਿਰਦੇਸ਼ਾਂ ਅਨੁਸਾਰ, ਸ਼੍ਰੀਮਤੀ ਜਗਦੀਪ ਕੌਰ ਵਿਰਕ, ਸਿੱਖਿਅਤ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ, ਨੇ ਮੈਂਬਰ ਸਕੱਤਰ ਵਜੋਂ ਸੇਵਾ ਨਿਭਾਈ। ਸ਼੍ਰੀਮਤੀ ਹਰਪ੍ਰੀਤ ਕੌਰ ਰੰਧਾਵਾ, ਸਿੱਖਿਅਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਨੇ ਦੱਸਿਆ ਕਿ ਧਿਰਾਂ ਵਿਚਕਾਰ ਸੁਹਿਰਦਤਾ ਨਾਲ ਸਮਝੌਤੇ ਰਾਹੀਂ ਹਰ ਤਰ੍ਹਾਂ ਦੇ ਪ੍ਰੀ-ਲਿਟੀਗੇਟਿਵ ਅਤੇ ਲੰਬਿਤ ਸਿਵਲ ਅਤੇ ਕੰਪਾਊਂਡੇਬਲ ਅਪਰਾਧਿਕ ਮਾਮਲਿਆਂ




ਦਾ ਨਿਪਟਾਰਾ ਕਰਨ ਦੇ ਉਦੇਸ਼ ਨਾਲ, ਜ਼ਿਲ੍ਹਾ ਹੈੱਡਕੁਆਰਟਰ, ਲੁਧਿਆਣਾ ਵਿਖੇ ਕੁੱਲ 48 ਬੈਂਚਾਂ ਦਾ ਗਠਨ ਕੀਤਾ ਗਿਆ ਸੀ ਜਦੋਂ ਕਿ ਜਗਰਾਉਂ, ਸਮਰਾਲਾ, ਖੰਨਾ ਅਤੇ ਪਾਇਲ ਸਬ-ਡਵੀਜ਼ਨਾਂ ਵਿਖੇ ਕੁੱਲ 10 ਬੈਂਚਾਂ ਦਾ ਗਠਨ ਕੀਤਾ ਗਿਆ ਸੀ। ਸ਼੍ਰੀਮਤੀ ਹਰਪ੍ਰੀਤ ਕੌਰ ਰੰਧਾਵਾ ਨੇ ਦੱਸਿਆ ਕਿ ਇਸ ਰਾਸ਼ਟਰੀ ਲੋਕ ਅਦਾਲਤ ਦੌਰਾਨ 1,15,000 ਤੋਂ ਵੱਧ ਕੇਸਾਂ ਦੀ ਸੁਣਵਾਈ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 1,10,000 ਤੋਂ ਵੱਧ ਕੇਸਾਂ ਦਾ ਨਿਪਟਾਰਾ ਕੀਤਾ ਗਿਆ ਸੀ ਅਤੇ 1268317547 ਰੁਪਏ ਦੇ ਪੁਰਸਕਾਰ ਪਾਸ ਕੀਤੇ ਗਏ ਸਨ। ਇਨ੍ਹਾਂ ਸਫਲਤਾਵਾਂ ਵਿੱਚ 12 ਸਾਲ ਤੋਂ ਵੱਧ ਪੁਰਾਣੀ ਫਾਂਸੀ ਜਿਸਦਾ ਨਾਮ ਪਿਆਰਾ ਸਿੰਘ ਬਨਾਮ ਹਰਬੰਸ ਕੌਰ ਸੀ, ਜਿਸਨੂੰ ਡਿਕਰੀ ਧਾਰਕ ਦੁਆਰਾ ਧਿਰਾਂ ਵਿਚਕਾਰ ਹੋਏ ਸਮਝੌਤੇ ਦੇ ਅਨੁਸਾਰ ਵਾਪਸ ਲੈ ਲਿਆ ਗਿਆ ਸੀ, ਜਿਸ ਨਾਲ ਡਿਕਰੀ ਧਾਰਕ ਨੂੰ ਸਾਲ 2011 ਦੇ ਸ਼ੁਰੂ ਵਿੱਚ ਪਾਸ ਹੋਏ ਡਿਕਰੀ ਦੇ ਫਲ ਮਿਲੇ। ਇੱਕ ਹੋਰ ਵੱਡੀ ਸਫਲਤਾ ਵਿੱਕੀ ਕੁਮਾਰ ਬਨਾਮ ਦੀਪਾਂਸ਼ੂ ਨਾਮਕ ਕੇਸ ਸੀ ਜਿਸ ਵਿੱਚ ਦਾਅਵੇਦਾਰ ਵਿੱਕੀ ਕੁਮਾਰ, ਜੋ ਕਿ ਇੱਕ ਮੋਟਰ ਵਾਹਨ ਹਾਦਸੇ ਦੇ ਨਤੀਜੇ ਵਜੋਂ ਸਥਾਈ ਅਪੰਗਤਾ ਦਾ ਸ਼ਿਕਾਰ ਹੋ ਗਿਆ ਸੀ ਅਤੇ ਵ?ਹੀਲ ਚੇਅਰ ਤੱਕ ਸੀਮਤ ਹੋ ਗਿਆ ਸੀ, ਦਾ ਮੋਟਰ ਐਕਸੀਡੈਂਟ ਕਲੇਮ 25 ਲੱਖ ਰੁਪਏ ਵਿੱਚ ਨਿਪਟਾਇਆ ਗਿਆ ਸੀ, ਜਿਸਨੂੰ ਪ੍ਰਤੀਵਾਦੀ ਆਈਸੀਆਈਸੀਆਈ ਲੋਂਬਾਰਡ ਜਨਰਲ ਇੰਸ਼ੋਰੈਂਸ ਕੰਪਨੀ ਲਿਮਟਿਡ ਨੇ ਦਾਅਵੇਦਾਰ ਦੇ ਨਾਮ 'ਤੇ ਜਾਰੀ ਕੀਤੇ ਗਏ ਚੈੱਕ ਰਾਹੀਂ 45 ਦਿਨਾਂ ਦੇ ਅੰਦਰ ਭੁਗਤਾਨ ਕਰਨ ਦਾ ਵਾਅਦਾ ਕੀਤਾ ਸੀ। ਸ਼੍ਰੀਮਤੀ ਹਰਪ੍ਰੀਤ ਕੌਰ ਰੰਧਾਵਾ, ਸਿੱਖਿਅਤ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਲੁਧਿਆਣਾ ਨੇ ਲੋਕ ਅਦਾਲਤ ਦੇ ਵੱਖ-ਵੱਖ ਲਾਭਾਂ 'ਤੇ ਵੀ ਚਾਨਣਾ ਪਾਇਆ, ਜਿਸ ਵਿੱਚ ਕੇਸਾਂ ਦਾ ਤੇਜ਼ੀ ਨਾਲ ਨਿਪਟਾਰਾ, ਸਿਵਲ ਅਦਾਲਤ ਦੇ ਡਿਕਰੀ ਦਾ ਦਰਜਾ ਪ੍ਰਾਪਤ ਕਰਨ ਵਾਲੇ ਪੁਰਸਕਾਰ, ਕਾਨੂੰਨ ਅਧੀਨ ਬਿਨਾਂ ਕਿਸੇ ਅਪੀਲ ਦੇ ਅਵਾਰਡਾਂ ਦਾ ਅੰਤਮ ਰੂਪ, ਆਪਸੀ ਸਮਝੌਤੇ ਰਾਹੀਂ ਨਿਪਟਾਰਾ ਅਤੇ ਅਦਾਲਤੀ ਫੀਸ ਦੀ ਵਾਪਸੀ ਸ਼ਾਮਲ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਅਗਲੀ ਰਾਸ਼ਟਰੀ ਲੋਕ ਅਦਾਲਤ 12.09.2026 ਨੂੰ ਆਯੋਜਿਤ ਕੀਤੀ ਜਾਵੇਗੀ ਅਤੇ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ ਦੀ ਧਾਰਾ 138 ਅਧੀਨ ਮਾਮਲਿਆਂ ਲਈ ਇੱਕ ਵਿਸ਼ੇਸ਼ ਲੋਕ ਅਦਾਲਤ ਵੀ 18.07.2026 ਨੂੰ ਆਯੋਜਿਤ ਕੀਤੀ ਜਾਣੀ ਹੈ। ਅੰਤ ਵਿੱਚ, ਉਨ੍ਹਾਂ ਦੱਸਿਆ ਕਿ ਲੋਕ ਉਕਤ ਲੋਕ ਅਦਾਲਤ ਅਤੇ ਹੋਰ ਕਾਨੂੰਨੀ ਸੇਵਾਵਾਂ ਅਤੇ ਸਹਾਇਤਾ ਬਾਰੇ ਵਧੇਰੇ ਜਾਣਕਾਰੀ ਲਈ ਟੋਲ-ਫ?ਰੀ ਹੈਲਪਲਾਈਨ ਨੰਬਰ 15100 'ਤੇ ਵੀ ਸੰਪਰਕ ਕਰ ਸਕਦੇ ਹਨ। ਇਸ ਮੌਕੇ ਐਡਵੋਕੇਟ ਵਿਪਿਨ ਸੱਗਰ, ਪ੍ਰਧਾਨ ਅਤੇ ਐਡਵੋਕੇਟ ਹਿਮਾਂਸ਼ੂ ਵਾਲੀਆ, ਸਕੱਤਰ, ਡੀ.ਬੀ.ਏ., ਲੁਧਿਆਣਾ ਅਤੇ ਐਡਵੋਕੇਟ ਰਜਨੀਸ਼ ਲਖਨਪਾਲ ਵੀ ਮੌਜੂਦ ਸਨ।

# ਅਰੋੜਾ ਨੇ ਹਲਕੇ ਦੇ ਲੋਕਾਂ ਨਾਲ ਧੋਖਾ ਕੀਤਾ : ਘੁੰਮਣ

ਲੁਧਿਆਣਾ/ਪ੍ਰਿਤਪਾਲ ਸਿੰਘ ਪਾਲੀ



ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਲੁਧਿਆਣਾ ਹਲਕਾ ਪੱਛਮੀ ਦੇ ਇੰਚਾਰਜ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਅੱਜ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਈ.ਡੀ. ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਅਤੇ ਕਰੋੜਾਂ ਰੁਪਏ ਦੇ ਵਿੱਤੀ ਘਪਲਿਆਂ ਦੇ ਖੁਲਾਸੇ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸੰਜੀਵ ਅਰੋੜਾ ਨੇ ਲੁਧਿਆਣਾ ਪੱਛਮੀ ਦੇ ਨਿਵਾਸੀਆਂ ਨੂੰ ਬਹੁਤ ਵੱਡਾ ਧੋਖਾ ਦਿੱਤਾ ਹੈ। ਜਿਸ ਹਲਕੇ ਦੇ ਲੋਕਾਂ ਨੇ ਬਦਲਾਅ ਦੀ ਉਮੀਦ ਵਿੱਚ ਵੋਟਾਂ ਪਾਈਆਂ ਸਨ, ਉਸੇ ਹਲਕੇ ਦੇ ਨੁਮਾਇੰਦੇ ਅੱਜ ਮਨੀ ਲਾਂਡਰਿੰਗ ਅਤੇ ਫਰਜ਼ੀਵਾੜੇ ਦੇ ਗੰਭੀਰ ਦੋਸ਼ਾਂ ਹੇਠ ਹਨ। ਐਡਵੋਕੇਟ ਘੁੰਮਣ ਨੇ ਈ.ਡੀ. ਦੀ ਜਾਂਚ ਦੇ ਹਵਾਲੇ ਨਾਲ ਕਈ ਗੰਭੀਰ ਸਵਾਲ ਖੜ੍ਹੇ ਕੀਤੇ ਹਨ। **157.12 ਕਰੋੜ ਦਾ ਫਰਜ਼ੀਵਾੜਾ:** ਸੰਜੀਵ ਅਰੋੜਾ ਨਾਲ ਜੁੜੀਆਂ ਫਰਮਾਂ ਰਾਹੀਂ ਸ਼ੈੱਲ ਕੰਪਨੀਆਂ ਅਤੇ ਜਾਅਲੀ ਬਿੱਲਾਂ ਦੀ ਵਰਤੋਂ ਕਰਕੇ ਕਰੋੜਾਂ ਰੁਪਏ ਦੀਆਂ ਫਰਜ਼ੀ ਸੇਲਾਂ ਦਿਖਾਈਆਂ ਗਈਆਂ। **ਵਿਦੇਸ਼ੀ ਫੰਡਾਂ ਦੀ ਰਾਊਂਡ-ਟ੍ਰਿੱਪਿੰਗ:** ਜਾਂਚ ਵਿੱਚ ਸਾਹਮਣੇ ਆਇਆ ਹੈ ਕਿ 102.50 ਕਰੋੜ ਦੀ ਐਕਸਪੋਰਟ ਸਿਰਫ਼ ਯੂਏਈ ਦੀਆਂ ਦੋ ਇਕਾਈਆਂ ਰਾਹੀਂ ਰੂਟ ਕੀਤੀ ਗਈ, ਜੋ ਕਿ ਫੇਮਾ ਨਿਯਮਾਂ ਦੀ ਸ਼ਰੇਆਮ ਉਲੰਘਣਾ ਹੈ। ਬੈਂਕਾਂ ਦੇ ਖਾਤੇ, ਡੀਮੈਟ ਅਕਾਊਂਟਸ ਅਤੇ ਲੁਧਿਆਣਾ ਸਮੇਤ ਮੋਹਾਲੀ-ਗੁਰੂਗ੍ਰਾਮ ਦੀਆਂ ਲਗਜ਼ਰੀ ਜਾਇਦਾਦਾਂ ਨੂੰ ਅਟੈਚ ਕਰਨਾ ਸਾਬਤ ਕਰਦਾ ਹੈ ਕਿ ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਹਨ। ਸੰਜੀਵ ਅਰੋੜਾ ਜੋ ਇਸ ਕੰਪਨੀ ਦੇ ਡਾਇਰੈਕਟਰ ਅਤੇ ਪ੍ਰਮੋਟਰ ਹਨ, ਨੇ ਨਿਵੇਸ਼ਕਾਂ ਅਤੇ ਜਨਤਾ ਦੇ ਭਰੋਸੇ ਦੀ ਦੁਰਵਰਤੋਂ ਕੀਤੀ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਇਹ ਸਿਰਫ਼ ਇੱਕ ਵਿੱਤੀ ਘੁਟਾਲਾ ਨਹੀਂ ਹੈ, ਸਗੋਂ ਲੁਧਿਆਣਾ ਦੇ ਲੋਕਾਂ ਨਾਲ ਕੀਤਾ ਗਿਆ ਇੱਕ ਵੱਡਾ ਸਿਆਸੀ ਧੋਖਾ ਹੈ। ਈਮਾਨਦਾਰੀ ਦਾ ਚੋਲਾ ਪਾ ਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੇ ਮੰਤਰੀ ਹੁਣ ਸ਼ੈੱਲ ਕੰਪਨੀਆਂ ਅਤੇ ਬੋਗਸ ਐਕਸਪੋਰਟ ਰਾਹੀਂ ਜਨਤਾ ਦਾ ਪੈਸਾ ਲੁੱਟ ਰਹੇ ਹਨ। ਉਨ੍ਹਾਂ ਅੱਗੇ ਚੇਤਾਵਨੀ ਦਿੱਤੀ ਕਿ ਅਜੇ ਤੋ ਪਿਕਚਰ ਬਾਕੀ ਹੈ, ਕਿਉਂਕਿ ਇਸ ਨੈੱਟਵਰਕ ਦੀਆਂ ਤਾਰਾਂ ਹੋਰ ਵੀ ਕਈ ਵੱਡੇ ਆਗੂਆਂ ਨਾਲ ਜੁੜੀਆਂ ਹੋਣ ਦਾ ਸ਼ੱਕ ਹੈ। ਸ਼੍ਰੋਮਣੀ ਅਕਾਲੀ ਦਲ ਮੰਗ ਕਰਦਾ ਹੈ ਕਿ ਇਸ ਪੂਰੇ ਮਾਮਲੇ ਦੀ ਤਹਿ ਤੱਕ ਜਾਂਚ ਹੋਵੇ ਅਤੇ ਲੁਧਿਆਣਾ ਦੀ ਜਨਤਾ ਦੇ ਇੱਕ-ਇੱਕ ਪੈਸੇ ਦਾ ਹਿਸਾਬ ਲਿਆ ਜਾਵੇ।

# 15 ਕਰੋੜ ਦੀ ਹੈਰੋਇਨ ਸਮੇਤ ਨਾਈਜੀਰੀਅਨ ਮਹਿਲਾ ਕਾਬੂ

ਤਰਨਤਾਰਨ/ਬਿਊਰੋ



ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਵਿੱਚ ਨਸ਼ਾ ਤਸਕਰੀ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਪੁਲਿਸ ਨੂੰ ਇੱਕ ਵੱਡੀ ਸਫ਼ਲਤਾ ਮਿਲੀ ਹੈ। ਸੀ.ਆਈ.ਏ. ਸਟਾਫ਼ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਕੀਤੀ ਨਾਕਾਬੰਦੀ ਦੌਰਾਨ ਇੱਕ ਨਾਈਜੀਰੀਅਨ ਮਹਿਲਾ ਨੂੰ 3.69 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਹੈ। ਬਰਾਮਦ ਕੀਤੀ ਗਈ ਹੈਰੋਇਨ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ 15 ਕਰੋੜ ਰੁਪਏ ਦੱਸੀ ਜਾ ਰਹੀ ਹੈ। ਪੁਲਿਸ ਨੇ ਮਹਿਲਾ ਕੋਲੋਂ ਇੱਕ ਉੱਤਰ ਪ੍ਰਦੇਸ਼ ਨੰਬਰ ਵਾਲੀ ਵੈਗਨ-ਆਰ ਕਾਰ ਵੀ ਕਬਜ਼ੇ ਵਿੱਚ ਲਈ ਹੈ। ਜਾਣਕਾਰੀ ਮੁਤਾਬਕ ਪੁਲਿਸ ਨੂੰ ਇਨਪੁਟ ਮਿਲੀ ਸੀ ਕਿ ਇੱਕ ਅਫ਼ਰੀਕੀ ਮਹਿਲਾ ਸਰਹੱਦੀ ਖੇਤਰ ਵਿੱਚ ਨਸ਼ਿਆਂ ਦੀ ਵੱਡੀ ਖੇਪ ਲੈਣ ਆਈ ਹੋਈ ਹੈ। ਇਸ ਤੋਂ ਬਾਅਦ ਐਸ.ਐਸ.ਪੀ. ਸੁਰਿੰਦਰ ਲਾਂਬਾ ਦੇ ਹੁਕਮਾਂ 'ਤੇ ਜ਼ਿਲ੍ਹੇ ਭਰ ਵਿੱਚ ਸਖ਼ਤ ਨਾਕਾਬੰਦੀ ਕੀਤੀ ਗਈ। ਬਾਈਪਾਸ ਨੇੜੇ ਚੈਕਿੰਗ ਦੌਰਾਨ ਸ਼ੱਕ ਦੇ ਆਧਾਰ 'ਤੇ ਰੋਕੀ ਗਈ ਕਾਰ ਦੀ ਤਲਾਸ਼ੀ ਲੈਣ 'ਤੇ 3.69 ਕਿਲੋ ਹੈਰੋਇਨ ਬਰਾਮਦ ਹੋਈ। ਗ੍ਰਿਫ਼ਤਾਰ ਮਹਿਲਾ ਦੀ ਪਛਾਣ ਬੇਲਾ ਵਜੋਂ ਹੋਈ ਹੈ, ਜੋ ਨਾਈਜੀਰੀਆ ਦੇ ਡੈਲਟਾ ਸਟੇਟ ਦੀ ਰਹਿਣ ਵਾਲੀ ਦੱਸੀ ਜਾ ਰਹੀ ਹੈ। ਪੁਲਿਸ ਅਨੁਸਾਰ ਉਹ ਇਸ ਵੇਲੇ ਦਿੱਲੀ ਦੇ ਸੰਡੇ ਬਾਜ਼ਾਰ ਇਲਾਕੇ ਵਿੱਚ ਰਹਿ ਰਹੀ ਸੀ। ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮਹਿਲਾ ਨੌਕਰੀ ਦੀ ਤਲਾਸ਼ ਵਿੱਚ ਭਾਰਤ ਆਈ ਸੀ, ਪਰ ਬਾਅਦ ਵਿੱਚ ਨਸ਼ਾ ਤਸਕਰਾਂ ਦੇ ਸੰਪਰਕ ਵਿੱਚ ਆ ਕੇ ਇਸ ਗੈਰਕਾਨੂੰਨੀ ਧੰਦੇ ਦਾ ਹਿੱਸਾ ਬਣ ਗਈ। ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਇਸ ਤਸਕਰੀ ਨੈੱਟਵਰਕ ਵਿੱਚ ਹੋਰ ਕੌਣ ਲੋਕ ਸ਼ਾਮਲ ਹਨ ਅਤੇ ਮਹਿਲਾ ਪਹਿਲਾਂ ਕਿੰਨੀਆਂ ਖੇਪਾਂ ਦੀ ਸਪਲਾਈ ਕਰ ਚੁੱਕੀ ਹੈ। ਮਾਮਲੇ ਸਬੰਧੀ ਹੋਰ ਖੁਲਾਸਿਆਂ ਲਈ ਐਸ.ਐਸ.ਪੀ. ਵੱਲੋਂ ਪ੍ਰੈਸ ਕਾਨਫਰੰਸ ਕੀਤੇ ਜਾਣ ਦੀ ਸੰਭਾਵਨਾ ਹੈ।

# 'ਸ਼ੁਕਰਾਨਾ ਯਾਤਰਾ' ਵਿੱਚ ਲੱਖਾਂ ਸੰਗਤਾਂ ਨੇ ਸ਼ਿਰਕਤ ਕਰਕੇ ਬੇਅਦਬੀ ਵਿਰੋਧੀ ਇਤਿਹਾਸਕ ਕਾਨੂੰਨ ਲਈ ਅਕਾਲ ਪੁਰਖ ਦਾ ਧੰਨਵਾਦ ਕੀਤਾ : ਭਗਵੰਤ ਸਿੰਘ ਮਾਨ

ਸ੍ਰੀ ਫਤਿਹਗੜ੍ਹ ਸਾਹਿਬ/ਬਿਊਰੋ

ਬੇਅਦਬੀ ਦੀਆਂ ਘਟਨਾਵਾਂ ਵਿਰੁੱਧ ਸਖ਼ਤੀ ਨਾਲ ਨਿਪਟਣ ਅਤੇ ਪੰਜਾਬ ਵਿੱਚ ਫਿਰਕੂ ਸਦਭਾਵਨਾ ਵਾਲਾ ਮਾਹੌਲ ਮਹਿਫੂਜ਼ ਰੱਖਣ ਲਈ ਆਪਣੇ ਦ੍ਰਿੜ੍ਹ ਸੰਕਲਪ ਨੂੰ ਦੁਹਰਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚਾਰ ਰੋਜ਼ਾ 'ਸ਼ੁਕਰਾਨਾ ਯਾਤਰਾ' ਦੌਰਾਨ ਪਿਆਰ, ਸਨੇਹ ਅਤੇ ਅਪਣੱਤ ਦਿਖਾਉਣ ਲਈ ਪੰਜਾਬ ਦੇ ਲੋਕਾਂ ਦਾ ਦਿਲੋਂ ਧੰਨਵਾਦ ਕੀਤਾ। 6 ਮਈ ਨੂੰ ਖਾਲਸੇ ਦੀ ਜਨਮ ਭੂਮੀ ਤੋਂ ਸ਼ੁਰੂ ਹੋਈ 'ਸ਼ੁਕਰਾਨਾ ਯਾਤਰਾ' ਅੱਜ ਪਵਿੱਤਰ ਨਗਰ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸਮਾਪਤ ਹੋਈ। ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਫਤਿਹਗੜ੍ਹ ਸਾਹਿਬ ਦੀ ਪਵਿੱਤਰ ਧਰਤੀ ਪੰਜਾਬੀਆਂ ਨੂੰ ਜਬਰ-ਜ਼ੁਲਮ ਵਿਰੁੱਧ ਲੜਨ ਲਈ ਪ੍ਰੇਰਿਤ ਕਰਦੀ ਹੈ। ਉਨ੍ਹਾਂ ਕਿਹਾ ਕਿ ਯਾਤਰਾ ਸ੍ਰੀ ਆਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸ਼ੁਰੂ ਹੋਈ ਸੀ। ਦੂਜੇ ਦਿਨ ਯਾਤਰਾ ਦੌਰਾਨ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਿਆ, ਉਸ ਤੋਂ ਬਾਅਦ ਤੀਜੇ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ ਅਤੇ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਮੱਥਾ ਟੇਕਿਆ। ਉਨ੍ਹਾਂ ਅੱਗੇ ਕਿਹਾ ਕਿ ਅੱਜ ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਅਤੇ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਯਾਤਰਾ ਹੁਣ ਸਮਾਪਤ ਹੋ ਗਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਯਾਤਰਾ ਦੌਰਾਨ ਲੋਕਾਂ ਵੱਲੋਂ ਦਿਖਾਏ ਗਏ ਪਿਆਰ ਨੇ ਸਰਕਾਰ ਨੂੰ ਹੋਰ ਵੀ ਜ਼ਿਆਦਾ ਹਲੀਮੀ, ਲੋਕਾਂ ਦੀਆਂ ਇੱਛਾਵਾਂ ਪ੍ਰਤੀ ਜ਼ਿੰਮੇਵਾਰੀ ਅਤੇ ਉਨ੍ਹਾਂ ਦੇ ਹੁਕਮਾਂ ਪ੍ਰਤੀ ਜਵਾਬਦੇਹੀ ਨਾਲ ਭਰ ਦਿੱਤਾ ਹੈ। ਉਨ੍ਹਾਂ ਕਿਹਾ, "ਪੰਜਾਬੀ ਆਪਣੀ ਸਰਕਾਰ ਵੱਲੋਂ 'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਲਾਗੂ ਕਰਨ ਤੋਂ ਬਹੁਤ ਖੁਸ਼ ਹਨ, ਜਿਸ ਵਿੱਚ ਬੇਅਦਬੀ ਦੇ ਵਿਰੁੱਧ ਸਖ਼ਤ ਸਜ਼ਾ ਦੀ ਵਿਵਸਥਾ ਹੈ। ਪਿੰਡ-ਪਿੰਡ ਜਾ ਕੇ ਕਾਨੂੰਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਦੀ ਅਪੀਲ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਘਿਨਾਉਣੇ ਅਪਰਾਧ ਵਿੱਚ ਸ਼ਾਮਲ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨਾਲ ਹੁਣ ਕਰੜੇ ਹੱਥੀਂ ਨਜਿੱਠਿਆ ਜਾਵੇਗਾ ਅਤੇ ਸਖ਼ਤ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦਾ ਬੇਅਦਬੀ ਨੂੰ ਰੋਕਣ ਲਈ ਕਾਨੂੰਨ ਬਣਾਉਣ ਦਾ ਨਾ ਤਾਂ ਇਰਾਦਾ ਸੀ ਅਤੇ ਨਾ ਹੀ ਇੱਛਾ ਸ਼ਕਤੀ, ਜਿਸ ਕਾਰਨ ਉਨ੍ਹਾਂ ਦੇ ਸ਼ਾਸਨਕਾਲ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਾਰ-ਵਾਰ ਹੁੰਦੀ ਰਹੀ। ਉਨ੍ਹਾਂ ਕਿਹਾ, "ਹੁਣ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਇਹ ਇਤਿਹਾਸਕ ਐਕਟ ਇਸ ਨਾ-ਮੁਆਫ਼ੀਯੋਗ ਅਪਰਾਧ ਨੂੰ ਖਤਮ ਕਰ ਦੇਵੇਗਾ ਕਿਉਂਕਿ ਕੋਈ ਵੀ ਦੁਬਾਰਾ ਅਜਿਹੀਆਂ ਕਾਰਵਾਈਆਂ ਕਰਨ ਦੀ ਹਿੰਮਤ ਨਹੀਂ ਕਰੇਗਾ।" ਮੁੱਖ ਮੰਤਰੀ ਨੇ ਕਿਹਾ ਕਿ ਇਸ ਕਾਨੂੰਨ ਵਿੱਚ ਬੇਅਦਬੀ ਦੀਆਂ ਘਟਨਾਵਾਂ ਵਿੱਚ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਲਈ ਮਿਸਾਲੀ ਸਜ਼ਾ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਹ ਭਵਿੱਖ ਵਿੱਚ ਇੱਕ ਸ਼ਕਤੀਸ਼ਾਲੀ ਰੋਕਥਾਮ ਵਜੋਂ ਕੰਮ ਕਰੇਗਾ। ਉਨ੍ਹਾਂ ਕਿਹਾ, "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਰ ਸਿੱਖ ਲਈ ਪਿਤਾ ਵਾਂਗ ਹਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣਾ ਸਾਡਾ ਪਵਿੱਤਰ ਫਰਜ਼ ਹੈ।"ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਸਿੱਖ ਇਸ ਇਤਿਹਾਸਕ ਕਾਨੂੰਨ ਦੇ ਲਾਗੂ ਹੋਣ 'ਤੇ ਬੇਹੱਦ ਖੁਸ਼ ਹਨ ਅਤੇ ਸਰਕਾਰ ਦਾ ਧੰਨਵਾਦ ਕਰ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਸ਼ੁਕਰਾਨਾ ਯਾਤਰਾ' ਦਾ ਇੱਕੋ ਇੱਕ ਉਦੇਸ਼ ਇਸ ਵਿਸ਼ੇਸ਼ ਕਾਨੂੰਨ ਨੂੰ ਲਾਗੂ ਕਰਨ ਲਈ ਸਰਕਾਰ ਨੂੰ ਹਿੰਮਤ ਅਤੇ ਤਾਕਤ ਦੇਣ ਲਈ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਹੈ। ਵਧਦੀ ਗਰਮੀ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਜੋ ਆਗੂ ਗਰਮੀ ਦੇਖ ਕੇ ਹੀ ਆਪਣੇ ਘਰਾਂ ਤੋਂ ਬਾਹਰ ਨਿਕਲਦੇ ਹਨ ਉਨ੍ਹਾਂ ਦੇ ਉਲਟ ਉਹ ਹਮੇਸ਼ਾ ਲੋਕਾਂ ਦੀ ਭਲਾਈ ਲਈ ਉਨ੍ਹਾਂ ਨਾਲ ਵਿਚਰਦੇ ਹਨ। ਕਾਨੂੰਨ ਦੇ ਹੋ ਰਹੇ ਵਿਰੋਧ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਇਹ ਮੰਦਭਾਗਾ ਹੈ ਕਿ ਹੁਣ ਵੀ ਕੁਝ ਲੋਕ ਕਾਨੂੰਨ ਦਾ ਵਿਰੋਧ ਕਰ ਰਹੇ ਹਨ। ਅਕਾਲੀ ਦਲ ਅਤੇ ਕਾਂਗਰਸ, ਦੋਵਾਂ ਨੇ ਕਾਨੂੰਨ ਨੂੰ ਰੱਦ ਕਰਨ ਲਈ ਹਾਈ ਕੋਰਟ ਤੱਕ ਪਹੁੰਚ ਕੀਤੀ ਸੀ। ਉਨ੍ਹਾਂ ਕਿਹਾ



ਕਿ ਪਰ ਹਾਈ ਕੋਰਟ ਨੇ ਨਾ ਸਿਰਫ਼ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸਗੋਂ ਉਨ੍ਹਾਂ 'ਤੇ 10,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਅਤੇ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ।' ਉਨ੍ਹਾਂ ਕਿਹਾ ਕਿ ਕਾਨੂੰਨ ਦਾ ਵਿਰੋਧ ਕਰਨ ਵਾਲਿਆਂ ਨੂੰ ਡਰ ਸੀ ਕਿ ਇਸ ਨਾਲ ਬੇਅਦਬੀ ਦੀਆਂ ਘਟਨਾਵਾਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਬੇਨਕਾਬ ਹੋ ਸਕਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀਆਂ ਨੇ ਬਾਬਾ ਨਾਨਕ ਦੇ ਨਾਮ 'ਤੇ ਇਨ੍ਹਾਂ ਪਾਰਟੀਆਂ 'ਤੇ ਭਰੋਸਾ ਕੀਤਾ ਸੀ ਪਰ ਇਸ ਦੀ ਬਜਾਏ ਉਨ੍ਹਾਂ ਨੇ ਪਵਿੱਤਰ ਗ੍ਰੰਥਾਂ ਨੂੰ ਸੜਕਾਂ ਅਤੇ ਕੂੜੇ ਦੇ ਢੇਰਾਂ 'ਤੇ ਸੁੱਟ ਕੇ ਗੁਰਬਾਣੀ ਦਾ ਨਿਰਾਦਰ ਕੀਤਾ। ਉਨ੍ਹਾਂ ਕਿਹਾ ਕਿ ਸ਼ਾਂਤਮਈ ਇਕੱਠਾਂ 'ਤੇ ਗੋਲੀਆਂ ਚਲਾਈਆਂ ਗਈਆਂ ਅਤੇ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ ਫਿਰ ਵੀ ਬਹਾਨਾ ਬਣਾਇਆ ਗਿਆ ਕਿ ਪੁਲਿਸ ਇਹ ਪਛਾਣ ਨਹੀਂ ਕਰ ਸਕੀ ਕਿ ਗੋਲੀਆਂ ਕਿਸਨੇ ਚਲਾਈਆਂ ਸਨ।

ਉਨ੍ਹਾਂ ਅੱਗੇ ਕਿਹਾ, 'ਇਸ ਸਭ ਦੇ ਬਾਵਜੂਦ ਉਹ ਲੋਕਾਂ ਵਿਚਕਾਰ ਬੇਸ਼ਰਮੀ ਨਾਲ ਘੁੰਮ ਰਹੇ ਹਨ।' ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਕਾਨੂੰਨ ਵਾਪਸ ਲੈਣ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਸਾਰੇ ਨਿਯਮ ਅਤੇ ਕਾਨੂੰਨ ਸੰਤ ਸਮਾਜ, ਉੱਘੇ ਸਿੱਖ ਵਕੀਲਾਂ ਅਤੇ ਦੇਸ਼ ਭਰ ਦੇ ਸੇਵਾ-ਮੁਕਤ ਜੱਜਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਬਣਾਏ ਗਏ ਹਨ। ਉਨ੍ਹਾਂ ਨੇ ਯਾਤਰਾ ਦੌਰਾਨ ਉਨ੍ਹਾਂ ਦਾ ਸਨਮਾਨ ਕਰਨ ਲਈ ਸੰਗਤ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਰਸਤੇ ਵਿੱਚ ਭਾਰੀ ਇਕੱਠ ਹੋਣ ਕਾਰਨ ਹੋਈ ਦੇਰੀ ਦੇ ਚਲਦਿਆਂ ਬਹੁਤ ਸਾਰੇ ਲੋਕਾਂ ਨੂੰ ਘੰਟਿਆਂ ਤੱਕ ਇੰਤਜ਼ਾਰ ਕਰਨਾ ਪਿਆ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕ ਦੇਰ ਰਾਤ ਤੱਕ ਤੇਜ਼ ਗਰਮੀ ਵਿੱਚ ਖੜ੍ਹੇ ਰਹੇ ਜਿਸ ਲਈ ਉਹ ਉਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਨੂੰ ਸੂਬੇ ਵਿੱਚ ਫੁੱਟ ਪਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਚੇਤਾਵਨੀ ਦਿੰਦਿਆਂ ਕਿਹਾ, ਪੰਜਾਬ ਵਿੱਚ ਹਰ ਬੀਜ ਉੱਗ ਸਕਦਾ ਹੈ, ਸਿਵਾਏ ਨਫ਼ਰਤ ਦੇ ਬੀਜ ਦੇ ਉਨ੍ਹਾਂ ਕਿਹਾ, ਫੁੱਟ ਪਾਉਣੀ, ਦੰਗੇ, ਹਿੰਸਾ ਅਤੇ ਗੋਲੀਬਾਰੀ ਕਰਨਾ ਭਾਜਪਾ ਦਾ ਸਿਆਸੀ ਸੱਭਿਆਚਾਰ ਬਣ ਗਿਆ ਹੈ, ਪਰ ਪੰਜਾਬ ਕਦੇ ਵੀ ਫੁੱਟ ਪਾਉਣ ਅਤੇ ਭਾਈਚਾਰਕ ਸਾਂਝ ਨੂੰ ਢਾਹ ਲਾਉਣ ਵਰਗੀਆਂ ਸੌੜੀਆਂ ਚਾਲਾਂ ਨੂੰ ਸਫਲ ਨਹੀਂ ਹੋਣ ਦੇਵੇਗਾ ਕਿਉਂਕਿ ਪੰਜਾਬੀ ਇਸ ਫਿਰਕੂ ਪਾਰਟੀ ਦੇ ਅਸਲ ਚਰਿੱਤਰ ਤੋਂ ਭਲੀ-ਭਾਂਤ ਜਾਣੂ ਹਨ।

ਮੁੱਖ ਮੰਤਰੀ ਨੇ ਕਿਹਾ, "'ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ-2026' ਨੂੰ ਹੁਣ ਰਾਜਪਾਲ ਦੀ ਸਹਿਮਤੀ ਮਿਲ ਗਈ ਹੈ। ਸਿੱਖ ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਤਿਆਰ ਕੀਤਾ ਗਿਆ, ਇਸ ਸਖ਼ਤ ਕਾਨੂੰਨ ਨਾਲ ਕੋਈ ਵੀ ਦੋਸ਼ੀ ਹੁਣ ਸਜ਼ਾ ਤੋਂ ਨਹੀਂ ਬਚ ਸਕੇਗਾ। ਕਾਨੂੰਨ ਨੂੰ ਵਾਪਸ ਲਏ ਜਾਣ ਦੀਆਂ ਅਫਵਾਹਾਂ ਪੂਰੀ ਤਰ੍ਹਾਂ ਝੂਠੀਆਂ ਹਨ। ਇਸ ਦਾ ਵਿਰੋਧ ਕਰਨ ਵਾਲੇ ਅਸਲ ਵਿੱਚ ਗੁਰੂ ਸਾਹਿਬ ਵਿਰੁੱਧ ਕੰਮ ਕਰ ਰਹੇ ਹਨ। ਸ੍ਰੀ ਫ਼ਤਿਹਗੜ੍ਹ ਸਾਹਿਬ ਦੀ ਆਪਣੀ ਯਾਤਰਾ ਦੌਰਾਨ ਇੱਕ ਹੋਰ ਪੋਸਟ ਵਿੱਚ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਿਖਿਆ: 'ਸ਼ੁਕਰਾਨਾ ਯਾਤਰਾ' ਦੌਰਾਨ ਅੱਜ ਮੈਨੂੰ ਸ੍ਰੀ ਫ਼ਤਿਹਗੜ੍ਹ ਸਾਹਿਬ ਦੀ ਪਾਵਨ ਧਰਤੀ 'ਤੇ ਨਤਮਸਤਕ ਹੋਣ ਦਾ ਮੌਕਾ ਮਿਲਿਆ, ਜੋ ਵਿਸ਼ਵ ਦੇ ਇਤਿਹਾਸ ਵਿੱਚ ਸਭ ਤੋਂ ਮਹਾਨ ਕੁਰਬਾਨੀਆਂ ਦਾ ਗਵਾਹ ਹੈ। ਇਹ ਉਹੀ ਸਥਾਨ ਹੈ ਜਿੱਥੇ ਮਾਤਾ ਗੁਜਰੀ ਜੀ ਨੇ ਠੰਡੇ ਬੁਰਜ ਵਿੱਚ ਬੈਠ ਕੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਸੱਚ ਦੇ ਮਾਰਗ 'ਤੇ ਡਟ ਕੇ ਖੜ੍ਹਨ ਦੀ ਤਾਕਤ ਦਿੱਤੀ ਸੀ। ਅਸੀਂ ਇੰਨਾ ਸਖ਼ਤ ਕਾਨੂੰਨ ਲਿਆਏ ਹਾਂ ਕਿ ਕੋਈ ਵੀ ਪੰਜਾਬ ਦੀ ਭਾਈਚਾਰਕ ਸਾਂਝ ਜਾਂ ਕਿਸੇ ਧਾਰਮਿਕ ਗ੍ਰੰਥ 'ਤੇ ਬੁਰੀ ਨਜ਼ਰ ਪਾਉਣ ਦੀ ਹਿੰਮਤ ਨਹੀਂ ਕਰੇਗਾ।" ਇਹ ਯਾਤਰਾ ਸ੍ਰੀ ਅਨੰਦਪੁਰ ਸਾਹਿਬ ਤੋਂ ਸ਼ੁਰੂ ਹੋ ਕੇ ਪਹਿਲੇ ਦਿਨ ਭਰਤਗੜ੍ਹ, ਰੋਪੜ, ਬਲਾਚੌਰ, ਬੰਗਾ ਅਤੇ ਫਗਵਾੜਾ ਵਿੱਚੋਂ ਗੁਜ਼ਰੀ। ਦੂਜੇ ਦਿਨ ਯਾਤਰਾ ਜਲੰਧਰ ਤੋਂ ਆਦਮਪੁਰ, ਕਰਤਾਰਪੁਰ, ਬਾਬਾ ਬਕਾਲਾ, ਰਈਆ, ਜੰਡਿਆਲਾ, ਅੰਮ੍ਰਿਤਸਰ ਦੱਖਣੀ, ਪੂਰਬੀ ਅਤੇ ਮੱਧ, ਪੱਟੀ, ਜ਼ੀਰਾ, ਫਿਰੋਜ਼ਪੁਰ ਦਿਹਾਤੀ, ਫਰੀਦਕੋਟ ਅਤੇ ਕੋਟਕਪੂਰਾ ਤੋਂ ਹੁੰਦੀ ਹੋਈ ਭੁੱਚੋ ਮੰਡੀ ਤੋਂ ਬਠਿੰਡਾ ਪਹੁੰਚੀ। ਤੀਜੇ ਦਿਨ ਇਹ ਯਾਤਰਾ ਬਠਿੰਡਾ, ਕੋਟਸ਼ਮੀਰ, ਤਲਵੰਡੀ ਸਾਬੋ, ਸਰਦੂਲਗੜ੍ਹ, ਮਾਨਸਾ ਅਤੇ ਬਰਨਾਲਾ ਤੋਂ ਹੁੰਦੀ ਹੋਈ ਗੁਰਦੁਆਰਾ ਮਸਤੂਆਣਾ ਸਾਹਿਬ ਵਿਖੇ ਸਮਾਪਤ ਹੋਈ। ਅੱਜ ਇਹ ਯਾਤਰਾ ਸੰਗਰੂਰ ਤੋਂ ਸਮਾਣਾ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ, ਪਟਿਆਲਾ ਦਿਹਾਤੀ ਤੋਂ ਹੁੰਦੀ ਹੋਈ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸਮਾਪਤ ਹੋਈ।

# ਜੇਐੱਸਟੀ ਟਰੱਕ ਪਰਮਿਟ-ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੀ ਧਮਾਕੇਦਾਰ ਸ਼ੁਰੂਆਤ

## ਮੋਗਾ, ਨੀਟਾ ਕਲੱਬ ਰਾਮਪੁਰ, ਘਵੱਦੀ ਅਤੇ ਏਕ ਨੂਰ ਅਕੈਡਮੀ ਤੇਹਿੰਗ ਵੱਲੋਂ ਜੇਤੂ ਸ਼ੁਰੂਆਤ




ਜ਼ਿਕਰ ਪੰਜਾਬ
ਲੁਧਿਆਣਾ/ਬਿਊਰੋ

ਮਾਤਾ ਸਾਹਿਬ ਕੌਰ ਸਪੋਰਟਸ ਚੈਰੀਟੇਬਲ ਟਰੱਸਟ ਪਿੰਡ ਜਰਖੜ ਵੱਲੋਂ 16ਵਾਂ ਜੇ ਐਸ ਟੀ ਟਰੱਕ ਪਰਮਿਟ, ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਅੱਜ ਧੂਮ ਧੜੱਕੇ ਨਾਲ ਜਰਖੜ ਖੇਡ ਸਟੇਡੀਅਮ ਵਿਖੇ ਸ਼ੁਰੂ ਹੋਇਆ। ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਉਦਘਾਟਨ ਪਦਮ ਸ੍ਰੀ ਬਲਦੇਵ ਸਿੰਘ, ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ, ਦਵਿੰਦਰ ਪਾਲ ਸਿੰਘ ਲਾਡੀ,ਮੁਖ ਪ੍ਰਬੰਧਕ ਜਗਰੂਪ ਸਿੰਘ ਜਰਖੜ, ਪ੍ਰਧਾਨ ਐਡਵੋਕੇਟ ਹਰਕਮਲ ਸਿੰਘ , ਅਮਰੀਕ ਸਿੰਘ ਮਿਨਹਾਸ ਏਆਈਜੀ , ਭੁਪਿੰਦਰ ਸਿੰਘ ਰੱਤੀਆਂ, ਪ੍ਰੋ ਰਜਿੰਦਰ ਸਿੰਘ, ਹਰਦੀਪ ਸਿੰਘ ਬੀਰਮਪੁਰ, ਸੁੱਖਵਿੰਦਰ ਸਿੰਘ ਚੇਅਰਮੈਨ ਲੁਧਿਆਣਾ ਸਪੋਰਟਸ ਵੈਲਫੇਅਰ ਐਸੋਸੀਏਸ਼ਨ ਅਤੇ ਹੋਰ ਪਤਵੰਤਿਆਂ ਨੇ ਗੁਬਾਰੇ ਉਡਾ ਕੇ ਟੂਰਨਾਮੈਂਟ ਦਾ ਉਦਘਾਟਨ ਕੀਤਾ ਅਤੇ ਉਦਘਾਟਨੀ ਮੈਚ ਦੀਆਂ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਇਸ ਮੌਕੇ ਸਾਹਿਬ ਜੀਤ ਸਿੰਘ ਸਾਬੀ ਚੇਅਰਮੈਨ ਬਲਾਕ ਸੰਮਤੀ ਡੇਹਲੋਂ, ਇੰਸਪੈਕਟਰ ਜਸਪਾਲ ਸਿੰਘ, ਕੁਲਦੀਪ ਸਿੰਘ ਘਵੱਦੀ, ਰਛਪਾਲ ਸਿੰਘ ਨਾਗੀ, ਸੁਸ਼ੀਲ ਕੁਮਾਰ ਸੈਕਟਰੀ ਸਪੋਰਟਸ ਰੇਲਵੇ ਫਿਰੋਜ਼ਪੁਰ, ਗੁਰਸਤਿੰਦਰ ਸਿੰਘ ਪਰਗਟ, ਸੋਨੀ ਗਿੱਲ, ਸਰਪੰਚ ਅਮਰਿੰਦਰ ਸਿੰਘ ਬੁਲਾਰਾ, ਸ਼ਿੰਗਾਰਾ ਸਿੰਘ ਜਰਖੜ, ਤੇਜਿੰਦਰ ਸਿੰਘ ਜਰਖੜ, ਬੂਟਾ ਸਿੰਘ ਸਿੱਧੂ, ਦਲਵੀਰ ਸਿੰਘ ਜਰਖੜ , ਪਵਨਪ੍ਰੀਤ ਸਿੰਘ ਡੰਗੋਰਾ ਰਘਵੀਰ ਸਿੰਘ ਡੰਗੋਰਾ, ਪਰਮਜੀਤ ਸਿੰਘ ਗਰੇਵਾਲ ਆਦਿ ਹੋਰ ਪ੍ਰਬੰਧਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੇ ਵਿੱਚ 16 ਟੀਮਾਂ ਹਿੱਸਾ ਲੈ ਰਹੀਆਂ ਹਨ । ਟੂਰਨਾਮੈਂਟ ਦਾ ਉਦਘਾਟਨੀ ਮੈਚ ਅੱਜ ਮੋਗਾ ਨੇ ਫਿਰੋਜ਼ਪੁਰ ਨੂੰ 5-2 ਗੋਲਾ ਨਾਲ ਹਰਾਇਆ। ਨੀਟਾ ਕਲੱਬ ਰਾਮਪੁਰ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ ਪੂਰਨ ਮੁਕਾਬਲੇ ਵਿੱਚ ਅਮਰਗੜ੍ਹ ਸੈਂਟਰ ਨਾਲ 7-7 ਗੋਲਾਂ ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 3-1 ਗੋਲਾ ਨਾਲ ਜਿੱਤ ਪ੍ਰਾਪਤ ਕੀਤੀ।ਇਸ ਤੋਂ ਇਲਾਵਾ ਜੂਨੀਅਰ ਵਰਗ ਦਾ ਮੁੱਢਲਾ ਮੈਚ ਐਚਟੀਸੀ ਸੈਂਟਰ ਰਾਮਪੁਰ ਅਤੇ ਘਵੱਦੀ ਸਕੂਲ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਘਵੱਦੀ ਸੈਂਟਰ 2-1 ਗੋਲਾਂ ਨਾਲ ਜੇਤੂ ਰਿਹਾ ਇਕ ਨੂਰ ਅਕੈਡਮੀ ਤੇਹਿੰਗ ਅਤੇ ਅਮਰਗੜ੍ਹ ਹਾਕੀ ਸੈਂਟਰ ਨੂੰ 7-3 ਗੋਲਾ ਨਾਲ ਹਰਾਇਆ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਦੱਸਿਆ ਸੀਨੀਅਰ ਵਰਗ ਦੀਆਂ ਜੇਤੂ ਟੀਮਾਂ ਨੂੰ ਡੇਢ ਲੱਖ ਦੀ ਇਨਾਮੀ ਰਾਸ਼ੀ ਜੀਐਸਟੀ ਟਰੱਕ ਪਰਮਿਟ ਦੇ ਐਮਡੀ ਜੰਗਸ਼ੇਰ ਸਿੰਘ ਅਮਰੀਕਾ ਵਾਲਿਆਂ ਵੱਲੋਂ ਦਿੱਤੀ ਜਾਵੇਗੀ ਜਦ ਕਿ ਜੂਨੀਅਰ ਵਰਗ ਦੇ ਟੀਮਾਂ ਨੂੰ ਇਨਾਮੀ ਰਾਸ਼ੀ ਦੁਪਿੰਦਰ ਸਿੰਘ ਡਿੰਪੀ ਜਰਖੜ ਵੱਲੋਂ ਦਿੱਤੀ ਜਾਵੇਗੀ। ਸੀਨੀਅਰ ਵਰਗ ਦੀ ਚੈਂਪੀਅਨ ਟੀਮ ਨੂੰ 60 ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ, ਓਲੰਪੀਅਨ ਪ੍ਰਿਥੀਪਾਲ ਸਿੰਘ ਰਨਿੰਗ ਹਾਕੀ ਟਰਾਫੀ ਅਤੇ ਸਰਵੋਤਮ ਖਿਡਾਰੀਆਂ ਨੂੰ ਟਾਪ ਕਲਾਸ ਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ । ਜਦ ਕਿ ਉਪ ਜੇਤੂ ਟੀਮ ਨੂੰ 40 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਅਤੇ ਤੀਸਰੇ ਨੰਬਰ ਤੇ ਆਉਣ ਵਾਲੇ ਟੀਮ ਨੂੰ 25 ਹਜਾਰ ਰੁਪਏ, ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 15 ਹਜ਼ਾਰ ਨਾਲ ਸਨਮਾਨਤ ਕੀਤਾ ਜਾਵੇਗਾ। ਸਬ ਜੂਨੀਅਰ ਵਰਗ ਦੀ ਜੇਤੂ ਟੀਮ ਨੂੰ ਜੇਤੂ ਰਨਿੰਗ ਟਰਾਫੀ ਅਤੇ 25000 ਰੁਪਏ ਦੀ ਇਨਾਮੀ ਰਾਸ਼ੀ, ਉਪ ਜੇਤੂ ਟੀਮ ਨੂੰ 18 ਹਜਾਰ, ਤੀਸਰੇ ਨੰਬਰ ਤੇ ਆਉਣ ਵਾਲੇ ਟਾਈਮ ਨੂੰ 13 ਹਜਾਰ,ਅਤੇ ਚੌਥੇ ਨੰਬਰ ਤੇ ਆਉਣ ਵਾਲੀ ਟੀਮ ਨੂੰ 10 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ।

# ਸੁਆਮੀ ਨਲੀਨਾ ਨੰਦ ਗਿਰੀ ਜੀ ਅਤੇ ਮਹੰਤ ਪ੍ਰਵੀਨ ਚੌਧਰੀ ਨੂੰ ਸਰਹਿੰਦ ਫਤਿਹ ਦਿਵਸ ਦੇ ਸਮਾਗਮ 'ਤੇ ਆਉਣ ਦਾ ਦਿੱਤਾ ਸੱਦਾ



ਜ਼ਿਕਰ ਪੰਜਾਬ
ਲੁਧਿਆਣਾ/ਬਿਊਰੋ

ਲੁਧਿਆਣਾ ਵਿਖੇ ਕ੍ਰਿਸ਼ਨ ਮੋਹਨ ਗੁਪਤਾ ਦੇ ਗ੍ਰਹਿ ਵਿਖੇ ਸੁਆਮੀ ਨਲੀਨਾ ਨੰਦ ਗਿਰੀ ਜੀ ਜਿਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਪੀ.ਐਚ.ਡੀ ਕੀਤੀ ਹੋਈ ਹੈ ਅਤੇ ਮਹੰਤ ਪ੍ਰਵੀਨ ਚੌਧਰੀ ਜੀ ਮੁਖੀ ਬਗਲਾ ਮੁਖੀ ਧਾਮ ਨੂੰ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਮੁੱਖ ਸਰਪ੍ਰਸਤ ਮਲਕੀਤ ਸਿੰਘ ਦਾਖਾ, ਹੇਮਰਾਜ ਗੋਇਲ, ਫਤਿਹ ਮਾਰਚ ਦੇ ਕਨਵੀਨਰ ਜਸਵੰਤ ਸਿੰਘ ਛਾਪਾ ਨੇ 12 ਮਈ ਨੂੰ ਸਰਹਿੰਦ ਫਤਿਹ ਦਿਵਸ ਦੇ ਇਤਿਹਾਸਿਕ ਦਿਹਾੜੇ 'ਤੇ ਰਕਬਾ ਭਵਨ ਆਉਣ ਦਾ ਸੱਦਾ ਦਿੱਤਾ। ਇਸ ਸਮੇਂ ਰਾਸ਼ੀ ਅਗਰਵਾਲ ਭਾਜਪਾ ਨੇਤਰੀ ਵੀ ਹਾਜ਼ਰ ਸਨ। ਇਸ ਸਮੇਂ ਬਾਵਾ ਨੇ ਮਹਾਂਪੁਰਸ਼ਾਂ ਨੂੰ ਇਲਾਹੀ ਗਿਆਨ ਦਾ ਸਾਗਰ ਆਦਿ ਗੁਰੂ ਗ੍ਰੰਥ ਸਾਹਿਬ ਪੁਸਤਕ ਭੇਂਟ ਕੀਤੀ ਅਤੇ ਦੋਸ਼ਾਲਾ ਪਹਿਨਾਇਆ। ਇਸ ਸਮੇਂ ਸਵਾਮੀ ਨਲਿਨਾ ਨੰਦ ਗਿਰੀ ਜੀ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਅਸੀਂ ਦੇਸ਼ ਅਤੇ ਵਿਦੇਸ਼ਾਂ ਵਿੱਚ ਜਾ ਕੇ ਵਿਸ਼ਵ ਸ਼ਾਂਤੀ ਦੀ ਪ੍ਰੇਰਨਾ ਦਿੰਦੇ ਹਾਂ। ਉਹਨਾਂ ਕਿਹਾ ਕਿ ਮਨੁੱਖ ਦਾ ਜੀਵਨ ਹੀ ਐਸਾ ਜੀਵਨ ਹੈ ਜੋ ਪ੍ਰਭੂ ਦੀ ਭਗਤੀ, ਚੰਗੇ ਕਰਮਾਂ ਰਾਹੀਂ ਕਰਕੇ ਪ੍ਰਭੂ ਨੂੰ ਪਾ ਸਕਦਾ ਹੈ। ਉਹਨਾਂ ਕਿਹਾ ਕਿ ਮਨੁੱਖ ਦਾ ਜੀਵਨ ਖੇਤ ਦੇ ਸਮਾਨ ਹੈ। ਆਪ ਜਿਹਾ ਬੀਜ ਬੀਜੋਗੇ ਵੈਸਾ ਹੀ ਵੱਢੋਗੇ। ਉਹਨਾਂ ਕਿਹਾ ਕਿ ਜਿੰਦਗੀ ਇੱਕ ਇਮਤਿਹਾਨ ਦੀ ਤਰ੍ਹਾਂ ਹੈ। ਆਮ ਇਮਤਿਹਾਨਾਂ ਦੇ ਨੰਬਰ ਦੂਸਰਾ ਕੋਈ ਲਗਾਉਂਦਾ ਹੈ ਪਰ ਇਸ ਦੇ ਨੰਬਰ ਤੁਸੀਂ ਚੰਗੇ ਕਰਮ, ਮਨੁੱਖਤਾ ਦੀ ਸੇਵਾ, ਭਾਈਚਾਰਕ ਸਾਂਝ ਨੂੰ ਮਜਬੂਤ ਕਰਕੇ ਆਪ ਲਗਾਉਣੇ ਹਨ। ਜਿਸ ਇਮਤਿਹਾਨ ਦੇ ਨੰਬਰ ਆਪ ਲਵਾਉਣੇ ਹਨ ਫਿਰ ਅਸੀਂ ਉਸ ਚੋਂ ਕਿਉਂ ਫੇਲ ਹੋਵਾਂਗੇ। ਉਹਨਾਂ ਕਿਹਾ ਕਿ ਹੇਮ ਰਾਜ ਗੋਇਲ ਅਤੇ ਕ੍ਰਿਸ਼ਨ ਮੋਹਨ ਗੁਪਤਾ ਜੀ ਨਾਲ ਸਾਡਾ ਪੁਰਾਣਾ ਰਿਸ਼ਤਾ ਹੈ। ਇਹਨਾਂ ਵੱਲੋਂ ਕੀਤੀ ਜਾ ਰਹੀ ਮਨੁੱਖਤਾ ਦੀ ਸੇਵਾ ਪ੍ਰਵਾਨ ਹੈ। ਉਹਨਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦਾ ਉਪਦੇਸ਼ ਪੂਰੇ ਵਿਸ਼ਵ ਦੀ ਮਨੁੱਖਤਾ ਲਈ ਹੈ ਜਿਸ ਨੂੰ ਹਿਰਦੇ ਅੰਦਰ ਧਾਰਨ ਕਰਨ ਦੀ ਲੋੜ ਹੈ। ਇਸ ਸਮੇਂ ਅਜੀਤ ਅਗਰਵਾਲ, ਅਮਰਜੀਤ ਗਾਂਧੀ, ਨਵਦੀਪ ਗੋਇਲ, ਹਰਜਿੰਦਰ ਪਨੇਸਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਖ਼ੂਨਦਾਨ ਮਹਾਦਾਨ ਹੁੰਦਾ ਹੈ ਜਿਸ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ : ਸੋਖੀ

ਜ਼ਿਕਰ ਪੰਜਾਬ
ਲੁਧਿਆਣਾ/ਵਰਿੰਦਰ

ਰਾਮਗੜ੍ਹੀਆ ਮਿਸਲ ਦੇ ਬਾਨੀ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਏਕਜੋਤ ਯੂਥ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਸੰਸਥਾ ਦੇ ਪ੍ਰਧਾਨ ਅਨਿਲ ਕੁਮਾਰ ਅਤੇ ਚੇਅਰਮੈਨ ਪਵਿੱਤਰ ਸਿੰਘ ਸਿੱਧੂ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਜਨਰਲ ਸਕੱਤਰ ਅਤੇ ਵਿਧਾਨ ਸਭਾ ਹਲਕਾ ਆਤਮ ਨਗਰ ਦੇ ਇੰਚਾਰਜ ਸ. ਜਗਬੀਰ ਸਿੰਘ ਸੋਖੀ ਇੰਦਰ ਗੈਸ ਸਰਵਿਸ ਦੇ ਸਾਹਮਣੇ ਸੋਖੀ ਰੋਡ ਸਥਿਤ ਦਫਤਰ ਵਿਖੇ ਸਵੇਰੇ 10 ਵਜੇ ਤੋਂ ਲੈਕੇ ਦੁਪਹਿਰ 2 ਵਜੇ ਤੱਕ ਇੱਕ ਵਿਸ਼ਾਲ ਸੇਵਾ ਕੈਂਪ ਲਗਾਇਆ ਗਿਆ। ਜਿਸ ਵਿੱਚ ਖ਼ੂਨਦਾਨ ਕੈਂਪ, ਫਿਜੀਓਥੇਰੇਪੀ, ਜਨਰਲ ਹੇਲਥ ਚੈਕਅਪ ਅਤੇ ਅੱਖਾਂ ਦੀ ਜਾਂਚ ਦਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ ਲਗਭਗ ਪਰੋਲਾਈਫ ਹਸਪਤਾਲ ਦੇ ਮਾਹਿਰ ਡਾਕਟਰਾਂ ਅਤੇ ਟੀਮ ਦਾ 500 ਤੋਂ ਵੱਧ ਲੋਕਾਂ ਨੇ ਪੁੱਜ ਕੇ ਵੱਖ-ਵੱਖ ਸਿਹਤ ਸਹੂਲਤਾਂ ਦਾ ਲਾਭ ਲਿਆ। ਇਸ ਮੌਕੇ ਸ. ਸੋਖੀ ਨੇ ਏਕ ਜੋਤ ਯੂਥ ਵੈਲਫੇਅਰ ਸੋਸਾਇਟੀ ਦੀ ਸਲਾਘਾ ਕਰਦੇ ਹੋਏ ਕਿਹਾ ਕਿ ਖ਼ੂਨਦਾਨ ਕਰਨਾ ਇਕ ਬਹੁਤ ਵੱਡਾ ਪੁੰਨ ਦਾ ਕੰਮ ਹੁੰਦਾ ਹੈ, ਜਿਸ ਨਾਲ ਕਈ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਇਲਾਕਾ ਪਛੜਿਆ ਹੋਇਆ ਹੈ ਅਤੇ ਇੱਥੇ ਬਹੁਤ ਸਾਰੇ ਪ੍ਰੀਵਾਰ ਇਹੋ ਜਿਹੇ ਹਨ ਜੌ ਕਿ ਬਿਮਾਰ ਹੋਣ ਤੇ ਡਾਕਟਰੀ ਖਰਚਾ ਚੁੱਕਣ 'ਚ ਅਸਮਰਥ ਹਨ, ਇਸ ਲਈ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਦੇ ਨਾਲ ਨਾਲ ਮੁਫਤ ਟੈਸਟ ਅਤੇ ਦਵਾਈਆਂ ਵੀ ਮੁਫ਼ਤ ਦਿੱਤੀਆਂ ਗਈਆਂ ਹਨ। ਜੌ ਕਿ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਸੱਚੀ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਇਹ ਦਫਤਰ ਪਹਿਲਾਂ ਦੀ ਤਰਾਂ ਸਵੇਰ ਤੋਂ ਰਾਤ ਤੱਕ ਖੁੱਲਾ ਰਹੇਗਾ ਅਤੇ ਇਲਾਕਾ ਨਿਵਾਸੀਆ ਦੇ ਕੰਮ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੇਰੇ ਹਲਕੇ ਆਤਮ ਨਗਰ ਦੇ ਵਸਨੀਕ ਮੇਰੇ ਪਰਿਵਾਰ ਵਾਂਗ ਹਨ ਅਤੇ ਉਨ੍ਹਾਂ ਲਈ ਸੋਖੀ ਪਰਿਵਾਰ 24 ਘੰਟੇ ਹਾਜਰ ਹੈ। ਇਸ ਮੌਕੇ ਤੇ



ਸਾਬਕਾ ਮੇਅਰ ਹਰਚਰਨ ਸਿੰਘ ਗੋਹਲਵੜੀਆ, ਕੌਂਸਲਰ ਕਮਲ ਅਰੋੜਾ, ਡਾਕਟਰ ਹਿਤੇਸ਼ ਇੰਦਰ ਸਿੰਘ ਗਰੇਵਾਲ, ਡਾਕਟਰ ਹਰਪਾਲ ਸਿੰਘ ਕੋਹਲੀ, ਤੇਜਾ ਸਿੰਘ ਖਾਲਸਾ, ਮਾਸਟਰ ਰਣਜੀਤ ਸਿੰਘ, ਜਥੇਦਾਰ ਕੁਲਦੀਪ ਸਿੰਘ ਖਾਲਸਾ, ਨੇਕ ਸਿੰਘ ਸੇਖੇਵਾਲ ਆਦਿ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸ. ਜਗਬੀਰ ਸਿੰਘ ਸੋਖੀ ਅਤੇ ਇਕਜੋਤ ਯੂਥ ਵੈਲਫੇਅਰ ਸੁਸਾਇਟੀ ਵਲੋਂ ਕੀਤਾ ਗਿਆ ਇਹ ਉਪਰਾਲਾ ਸ਼ਲਾਘਾਯੋਗ ਹੈ ਅਤੇ ਲੋਕ ਹਿੱਤ ਇਹੋ ਜਿਹੇ ਕੈਂਪ ਲਗਦੇ ਰਹਿਣੇ ਚਾਹੀਦੇ ਹਨ। ਉਨ੍ਹਾਂ ਹੋਰ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਸ. ਸੋਖੀ ਨੂੰ ਹਲਕਾ ਇੰਚਾਰਜ ਲਾ ਕੇ ਇਸ਼ਾਰਾ ਕੇ ਦਿੱਤਾ ਹੈ ਕਿ ਆਉਣ ਵਾਲਿਆ ਵਿਧਾਨ ਸਭਾ ਦੀਆਂ ਚੋਣਾਂ ਅਕਾਲੀ ਦਲ ਵਲੋਂ ਸ. ਜਗਬੀਰ ਸਿੰਘ ਸੋਖੀ ਹੀ ਲੜਨਗੇ ਅਤੇ ਸਾਨੂੰ ਪੂਰਨ ਵਿਸ਼ਵਾਸ਼ ਹੈ ਕਿ ਇਹ ਸੀਟ ਸ਼ਾਂ ਨਾਲ ਜਿੱਤ ਕੇ ਸ. ਬਾਦਲ ਦੀ ਝੋਲੀ ਵਿੱਚ ਪਾਈ ਜਾਵੇਗੀ। ਉਨ੍ਹਾਂ ਆਪ ਸਰਕਾਰ ਤੇ ਵਰ੍ਹਦੇ ਹੋਏ ਕਿਹਾ ਕਿ ਕਥਿਤ ਸ਼ਰਾਬੀ ਦੀ ਅਗਵਾਈ ਵਾਲੀ ਸਰਕਾਰ ਨੇ ਰੰਗਲੇ ਪੰਜਾਬ ਨੂੰ ਕੰਗਲਾ ਪੰਜਾਬ ਬਣਾ ਕੇ ਰੱਖ ਦਿੱਤਾ ਹੈ ਅਤੇ ਹੁਣ ਪੰਜਾਬ ਦੇ ਲੋਕ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੀ ਬੇਸਬਰੀ ਨਾਲ ਇੰਤਜਾਰ ਕਰ ਰਹੇ ਹਨ ਤਾਂ ਜੌ ਆਪ ਦੇ ਲੋਟੂ ਟੋਲੇ ਨੂੰ ਚਲਦਾ ਕਰਕੇ ਇਕੋ ਇਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਈ ਜਾ ਸਕੇ। ਇਸ ਮੌਕੇ ਤੇ ਉਕਤ ਆਗੂਆਂ ਤੋਂ ਇਲਾਵਾ ਗੁਰਮੀਤ ਸਿੰਘ ਕੁਲਾਰ, ਜੋਨੀ ਖਾਲਸਾ, ਸਰਬਜੀਤ ਸਿੰਘ ਛਾਪਾ, ਸੰਸਥਾ ਦੇ ਚੇਅਰਮੈਨ ਭੂਪਿੰਦਰ ਸਿੰਘ, ਲੇਡੀਜ ਵਿੰਗ ਚੈਅਰਮੈਨ ਮੈਡਮ ਗੌਰੀ, ਉਪ ਪ੍ਰਧਾਨ ਗੁਰਪ੍ਰੀਤ ਸਿੰਘ ਮੋਹਿਤ, ਸਾਹਿਲ, ਸੰਜੇ, ਦਿਨੇਸ਼, ਪਿਯੂਸ਼, ਜੋਬਨ, ਤੇਜਪਾਲ, ਵੀਰ ਸਿੰਘ, ਹਰਿੰਦਰ ਕੌਰ, ਰਾਜੇਂਦਰ ਪ੍ਰੀਤ, ਗੁਰਦਰਸ਼ਨ ਸਿੰਘ, ਰਾਮ ਮੇਹਰ ਅਤੇ ਹਰਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਆਗੂ, ਵਰਕਰ ਅਤੇ ਹਲਕਾ ਨਿਵਾਸੀ ਹਾਜ਼ਰ ਸਨ।

# ਸਿੱਖਿਆ ਕ੍ਰਾਂਤੀ; ਪੰਜਾਬ ਸਰਕਾਰ ਦੇ ਉਪਰਾਲੇ ਤਹਿਤ ਫਿਨਲੈਂਡ ਤੋਂ ਟ੍ਰੇਨਿੰਗ ਪ੍ਰਾਪਤ ਕਰਕੇ ਪਰਤੇ ਅਧਿਆਪਕਾਂ ਨੇ ਸਾਂਝੇ ਕੀਤੇ ਤਜ਼ੁਰਬੇ



ਜ਼ਿਕਰ ਪੰਜਾਬ
ਜਲੰਧਰ/ਬਲਵਿੰਦਰ ਕੁਮਾਰ

ਪੰਜਾਬ ਸਰਕਾਰ ਦੇ ਉਪਰਾਲੇ ਤਹਿਤ ਫਿਨਲੈਂਡ ਤੋਂ ਟ੍ਰੇਨਿੰਗ ਪ੍ਰਾਪਤ ਕਰਕੇ ਪਰਤੇ ਅਧਿਆਪਕਾਂ ਵੱਲੋਂ ਹਾਸਲ ਕੀਤੇ ਤਜਰਬੇ ਸਾਂਝੇ ਕਰਨ ਅਤੇ ਹੋਰਨਾਂ ਅਧਿਆਪਕਾਂ ਨੂੰ ਨਵੀਆਂ ਸਿੱਖਣ ਤਕਨੀਕਾਂ ਤੋਂ ਜਾਣੂ ਕਰਾਉਣ ਲਈ ਫਿਨਲੈਂਡ ਪੰਜਾਬ ਐਜੂਕੇਸ਼ਨ ਐਕਸੀਲੈਂਸ ਪ੍ਰੋਗਰਾਮ ਤਹਿਤ ਜ਼ਿਲ੍ਹਾ ਪੱਧਰੀ ਵਰਕਸ਼ਾਪ ਕਰਵਾਈ ਗਈ। ਜ਼ਿਲ੍ਹਾ ਸਿਖਿਆ ਅਫ਼ਸਰ (ਐ. ਸਿ.) ਜਲੰਧਰ ਹਰਜਿੰਦਰ ਕੌਰ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਮਨੀਸ਼ ਸ਼ਰਮਾ ਦੀ ਅਗਵਾਈ ਹੇਠ ਸਿੱਖਿਆ ਕ੍ਰਾਂਤੀ ਤਹਿਤ ਸੀ. ਟੀ. ਗਰੁੱਪ ਆਫ਼ ਇੰਸਟੀਟਿਊਨਜ਼ ਮਕਸੂਦਾਂ ਕੈਂਪਸ ਵਿਖੇ ਕਰਵਾਈ ਗਈ ਵਰਕਸ਼ਾਪ ਵਿੱਚ ਜ਼ਿਲ੍ਹੇ ਦੇ ਸਮੂਹ ਬੀ.ਪੀ.ਈ.ਓਜ਼ ਅਤੇ ਸੈਂਟਰ ਹੈਡ ਟੀਚਰਾਂ ਨੇ ਭਾਗ ਲਿਆ। ਵਰਕਸ਼ਾਪ ਵਿੱਚ ਫਿਨਲੈਂਡ ਤੋਂ ਪਰਤੇ ਅਧਿਆਪਕਾਂ ਵੱਲੋਂ ਨਵੀਆਂ ਸਿੱਖਣ ਤਕਨੀਕਾਂ ਬਾਰੇ ਜਾਣਕਾਰੀ ਅਤੇ ਆਪਣੇ ਤਜ਼ਰਬੇ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਜ਼ ਸਿੱਖਿਆ ਪ੍ਰਣਾਲੀ ਨੂੰ ਸਮੇਂ ਦੇ ਹਾਣ ਦਾ ਬਣਾਉਣ ਲਈ ਪੰਜਾਬ ਸਰਕਾਰ ਦਾ ਇਹ ਉਪਰਾਲਾ ਕਾਰਗਰ ਸਾਬਿਤ ਹੋ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਹਰਜਿੰਦਰ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਵਿਸ਼ੇਸ਼ ਉਦਮ ਸਦਕਾ ਹੁਣ ਤਕ ਜ਼ਿਲ੍ਹੇ ਦੇ 9 ਅਧਿਆਪਕਾਂ ਅਮਨਦੀਪ, ਪੰਕਜ ਸ਼ਰਮਾ, ਕਮਲਜੀਤ ਸਿੰਘ ਧਾਮੀ, ਸੰਜੀਵ ਜੋਸ਼ੀ, ਗੁਰਵਿੰਦਰ ਕੌਰ, ਗੁਰਪ੍ਰੀਤ ਕੌਰ, ਸੁਨੀਤਾ ਵਰਮਾ, ਮਨਜਿੰਦਰ ਕੌਰ, ਮਨਜੀਤ ਕੌਰ ਨੇ ਫਿਨਲੈਂਡ ਤੋਂ ਟ੍ਰੇਨਿੰਗ ਪ੍ਰਾਪਤ ਕੀਤੀ ਹੈ, ਜਿਨ੍ਹਾਂ ਵੱਲੋਂ ਅੱਜ ਆਪਣੇ ਤਜਰਬੇ ਵਿਸਥਾਰ ਨਾਲ ਅਧਿਆਪਕਾਂ ਦੇ ਨਾਲ ਸਾਂਝੇ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਇਨ੍ਹਾਂ ਨਵੀਆਂ ਸਿੱਖਣ ਤਕਨੀਕਾਂ ਦਾ ਲਾਭ ਉਠਾਉਣਾ ਚਾਹੀਦਾ ਹੈ। ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਸਮਾਰਟ ਸਕੂਲ ਕੋਆਰਡੀਨੇਟਰ ਅਮਨਦੀਪ, ਪ੍ਰਦੀਪ ਪ੍ਰਿਤਪਾਲ, ਸੁਖਵਿੰਦਰ ਸਿੰਘ, ਰਵਿੰਦਰ ਸਿੰਘ ਕੰਗ, ਵਰਿੰਦਰਵੀਰ ਸਿੰਘ, ਪੰਕਜ ਸ਼ਰਮਾ, ਸੰਦੀਪ ਸਿੱਧੂ, ਬੀ.ਪੀ.ਈ.ਓ. ਬੀ. ਕੇ ਮਹਿਮੀ ਅਤੇ ਸਮੂਹ ਬੀ ਪੀ ਈ ਓ ਸਾਹਿਬਾਨ ਨੇ ਵਡਮੁੱਲਾ ਸਹਿਯੋਗ ਦਿੱਤਾ।

# ਪ੍ਰਿੰਸੀਪਲਾਂ ਤੇ ਅਧਿਆਪਕਾਂ ਦੀ ਮੀਟਿੰਗ 'ਚ ਅੰਤਰ-ਸਕੂਲ ਸੱਭਿਆਚਾਰਕ ਮੁਕਾਬਲਿਆਂ ਬਾਰੇ ਅਹਿਮ ਵਿਚਾਰਾਂ

ਜ਼ਿਕਰ ਪੰਜਾਬ
ਗੋਬਿੰਦਗੜ੍ਹ/ਬਿਊਰੋ

ਵੇਦ ਪ੍ਰਚਾਰ ਮੰਡਲ ਦੀ ਅਗਵਾਈ ਹੇਠ ਗੋਬਿੰਦਗੜ੍ਹ ਪਬਲਿਕ ਕਾਲਜ ਵਿਖੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਦੀ ਇੱਕ ਮੀਟਿੰਗ ਹੋਈ। ਮੀਟਿੰਗ ਦਾ ਉਦੇਸ਼ ਵਿਦਿਆਰਥੀਆਂ ਵਿੱਚ ਸੱਭਿਆਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਮੁੱਲ-ਅਧਾਰਤ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਸੀ। ਇਸ ਸਮਾਗਮ ਦੀ ਮੇਜ਼ਬਾਨੀ ਗੋਬਿੰਦਗੜ੍ਹ ਪਬਲਿਕ ਕਾਲਜ ਵੱਲੋਂ ਕੀਤੀ ਗਈ ਸੀ। ਮੀਟਿੰਗ ਦੀ ਪ੍ਰਧਾਨਗੀ ਵੇਦ ਪ੍ਰਚਾਰ ਮੰਡਲ ਪੰਜਾਬ ਦੇ ਸੰਸਥਾਪਕ ਅਤੇ ਸੂਬਾ ਜਨਰਲ ਸਕੱਤਰ ਸ਼੍ਰੀ ਰੋਸ਼ਨ ਲਾਲ ਆਰੀਆ ਨੇ ਕੀਤੀ। ਉਨ੍ਹਾਂ ਨੇ ਵੇਦ ਪ੍ਰਚਾਰ ਮੰਡਲ ਦੇ ਉਦੇਸ਼ਾਂ ਅਤੇ ਕਾਰਜਾਂ 'ਤੇ ਚਾਨਣਾ ਪਾਇਆ ਅਤੇ ਮੌਜੂਦ ਸਿੱਖਿਅਕਾਂ ਨੂੰ ਵਿਦਿਆਰਥੀਆਂ ਵਿੱਚ ਨੈਤਿਕ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਪੈਦਾ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਦੀ ਟੀਮ ਮੈਂਬਰ, ਸ਼੍ਰੀਮਤੀ ਰਮਨ ਓਬਰਾਏ ਨੇ ਵੀ ਮੀਟਿੰਗ ਵਿੱਚ ਸ਼ਿਰਕਤ ਕੀਤੀ ਅਤੇ ਨੈਤਿਕ ਅਤੇ ਮੁੱਲ-ਅਧਾਰਤ ਸਿੱਖਿਆ ਨੂੰ ਸਿੱਖਿਆ ਵਿੱਚ ਜੋੜਨ ਦੇ ਯਤਨਾਂ ਦੀ ਸ਼ਲਾਘਾ ਕੀਤੀ। 29 ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੇ ਮੀਟਿੰਗ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਆਉਣ



ਵਾਲੇ ਭਾਸ਼ਣ ਮੁਕਾਬਲੇ ਅਤੇ ਹੋਰ ਮੁੱਲ-ਅਧਾਰਤ ਅੰਤਰ-ਸਕੂਲ ਮੁਕਾਬਲਿਆਂ ਬਾਰੇ ਵਿਸਤ੍ਰਿਤ ਚਰਚਾ ਕੀਤੀ ਗਈ, ਜਿਨ੍ਹਾਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਸੰਚਾਰ ਹੁਨਰ ਅਤੇ ਮੁੱਲ-ਅਧਾਰਤ ਸੋਚ ਨੂੰ ਵਿਕਸਤ ਕਰਨਾ ਹੈ। ਇਹ ਫੈਸਲਾ ਕੀਤਾ ਗਿਆ ਕਿ ਉਪਰੋਕਤ ਮੁਕਾਬਲੇ ਜੁਲਾਈ 2026 ਵਿੱਚ ਹੋਣਗੇ, ਜਿਸ ਦੀਆਂ ਤਰੀਕਾਂ ਅਤੇ ਇੱਕ ਵਿਸਤ੍ਰਿਤ ਪ੍ਰੋਗਰਾਮ ਜਲਦੀ ਹੀ ਐਲਾਨਿਆ ਜਾਵੇਗਾ। ਮੀਟਿੰਗ ਦੌਰਾਨ, ਵੇਦ ਪ੍ਰਚਾਰ ਮੰਡਲ ਅਧੀਨ ਗਤੀਵਿਧੀਆਂ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਸਰਬਸੰਮਤੀ ਨਾਲ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਡਾ. ਨੀਨਾ ਸੇਠ ਪਜਨੀ, ਪ੍ਰਿੰਸੀਪਲ, ਗੋਬਿੰਦਗੜ੍ਹ ਪਬਲਿਕ ਕਾਲਜ, ਨੂੰ ਮੰਡੀ ਗੋਬਿੰਦਗੜ੍ਹ ਅਤੇ ਖੰਨਾ ਖੇਤਰ ਦਾ ਪ੍ਰਧਾਨ ਚੁਣਿਆ ਗਿਆ, ਜਦੋਂ ਕਿ ਡਾ. ਪਵਨ ਕੁਮਾਰ, ਪ੍ਰਿੰਸੀਪਲ, ਏ.ਐਸ. ਕਾਲਜ ਆਫ਼ ਐਜੂਕੇਸ਼ਨ, ਨੂੰ ਸੀਨੀਅਰ ਉਪ ਪ੍ਰਧਾਨ ਨਿਯੁਕਤ ਕੀਤਾ ਗਿਆ। ਡਾ. ਨੀਰੂ ਅਰੋੜਾ, ਪ੍ਰਿੰਸੀਪਲ, ਗੋਬਿੰਦਗੜ੍ਹ ਪਬਲਿਕ ਸਕੂਲ, ਮੰਡੀ ਗੋਬਿੰਦਗੜ੍ਹ; ਸ਼੍ਰੀ ਸੰਜੀਵ ਥੋਰ, ਪ੍ਰਿੰਸੀਪਲ, ਐਸ.ਐਨ.ਏ.ਐਸ. ਸੀਨੀਅਰ ਸੈਕੰਡਰੀ ਸਕੂਲ, ਮੰਡੀ ਗੋਬਿੰਦਗੜ੍ਹ; ਸ਼੍ਰੀਮਤੀ ਅਰਚਨਾ ਗੁਪਤਾ, ਪ੍ਰਿੰਸੀਪਲ, ਐਸ.ਡੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਮੰਡੀ ਗੋਬਿੰਦਗੜ੍ਹ; ਅਤੇ ਸ਼੍ਰੀ ਨੀਰਜ, ਪ੍ਰਿੰਸੀਪਲ, ਡੀ.ਏ.ਵੀ. ਸੀਨੀਅਰ ਸੈਕੰਡਰੀ ਸਕੂਲ, ਖੰਨਾ, ਨੂੰ ਉਪ ਪ੍ਰਧਾਨ ਚੁਣਿਆ ਗਿਆ। ਸ਼੍ਰੀਮਤੀ ਰਿਤੂ ਸਿੰਘ, ਪ੍ਰਿੰਸੀਪਲ, ਐਸ.ਐਨ.ਏ.ਐਸ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਮੰਡੀ ਗੋਬਿੰਦਗੜ੍ਹ, ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਸ਼੍ਰੀਮਤੀ ਰਵਿੰਦਰ ਕੌਰ, ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸ਼ਮਸ਼ਪੁਰ; ਡਾ. ਆਰ.ਕੇ. ਸ਼ਰਮਾ, ਪ੍ਰਿੰਸੀਪਲ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਅਮਲੋਹ; ਸ਼੍ਰੀਮਤੀ ਰਜਨੀ ਵਰਮਾ, ਪ੍ਰਿੰਸੀਪਲ, ਹਿੰਦੀ ਪੁਤਰੀ ਪਾਠਸ਼ਾਲਾ, ਖੰਨਾ; ਅਤੇ ਸ਼੍ਰੀਮਤੀ ਰਿਤੂ ਸੂਦ, ਪ੍ਰਿੰਸੀਪਲ, ਐਮਜੀਸੀਏਐਸ ਮਾਡਲ ਹਾਈ ਸਕੂਲ, ਖੰਨਾ, ਨੂੰ ਸੰਯੁਕਤ ਸਕੱਤਰ ਚੁਣਿਆ ਗਿਆ। ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨੂੰ ਕਾਰਜਕਾਰੀ ਮੈਂਬਰ ਨਿਯੁਕਤ ਕੀਤਾ ਗਿਆ, ਜਿਨ੍ਹਾਂ ਵਿੱਚ ਡਾ. ਵੈਸ਼ਾਲੀ ਮਿੱਤਲ, ਸ਼੍ਰੀ ਵਰਿੰਦਰ ਵੜੈਚ, ਸ਼੍ਰੀ ਵਰਿੰਦਰ ਕੁਮਾਰ, ਸ਼੍ਰੀਮਤੀ ਸੁਮਿਤਾ ਖੁੱਲਰ, ਸਰਦਾਰ ਬਲਜਿੰਦਰ ਸਿੰਘ, ਸ਼੍ਰੀਮਤੀ ਨੀਤਿਕਾ, ਸ਼੍ਰੀਮਤੀ ਆਸ਼ਿਮਾ, ਆਭਾ ਮਲਹੋਤਰਾ, ਸ਼੍ਰੀ ਮਨਦੀਪ ਸਿੰਘ, ਸ਼ਵਨੀਤ ਕੌਰ ਅਤੇ ਨੀਰੂ ਮਹਾਵਰ ਸ਼ਾਮਲ ਹਨ। ਕਮੇਟੀ ਦੇ ਗਠਨ ਤੋਂ ਬਾਅਦ, ਸ਼੍ਰੀ ਰੋਸ਼ਨ ਲਾਲ ਆਰੀਆ ਅਤੇ ਸ਼੍ਰੀਮਤੀ ਰਮਨ ਓਬਰਾਏ ਨੇ ਸਾਰੇ ਅਹੁਦੇਦਾਰਾਂ ਅਤੇ ਕਾਰਜਕਾਰੀ ਮੈਂਬਰਾਂ ਦਾ ਸਨਮਾਨ ਕੀਤਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੀਆਂ ਨਵੀਆਂ ਜ਼ਿੰਮੇਵਾਰੀਆਂ ਲਈ ਵਧਾਈ ਦਿੱਤੀ। ਅੰਤ ਵਿੱਚ, ਮੌਜੂਦ ਮੈਂਬਰਾਂ ਨੇ ਡਾ. ਨੀਨਾ ਸੇਠ ਪਜਾਨੀ ਦੀ ਉਨ੍ਹਾਂ ਦੇ ਸਫਲ ਸੰਗਠਨ ਅਤੇ ਨੌਜਵਾਨਾਂ ਵਿੱਚ ਸੱਭਿਆਚਾਰਕ ਜਾਗਰੂਕਤਾ, ਨੈਤਿਕ ਕਦਰਾਂ-ਕੀਮਤਾਂ ਅਤੇ ਚਰਿੱਤਰ ਨਿਰਮਾਣ ਨੂੰ ਉਤਸ਼ਾਹਿਤ ਕਰਨ ਦੇ ਉਨ੍ਹਾਂ ਦੇ ਯਤਨਾਂ ਲਈ ਸ਼ਲਾਘਾ ਕੀਤੀ। ਇਸ ਤੋਂ ਇਲਾਵਾ, ਸ਼੍ਰੀ ਰੋਸ਼ਨ ਲਾਲ ਆਰੀਆ ਦੇ ਪ੍ਰੇਰਨਾਦਾਇਕ ਮਾਰਗਦਰਸ਼ਨ ਅਤੇ ਮੁੱਲ-ਅਧਾਰਤ ਸਿੱਖਿਆ ਪ੍ਰਤੀ ਸਮਰਪਣ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ।

# ਐਮ.ਪੀ. ਮਨੀਸ਼ ਤਿਵਾੜੀ ਨੇ ਚੰਡੀਗੜ੍ਹ ਦੇ ਭੁਲਾ ਦਿੱਤੇ ਗਏ ਪਰਿਵਾਰਾਂ ਲਈ ਮੁਫ਼ਤ ਬਿਜਲੀ ਅਤੇ ਪਾਣੀ ਦੀ ਮੰਗ ਕੀਤੀ

ਜ਼ਿਕਰ ਪੰਜਾਬ

**ਚੰਡੀਗੜ੍ਹ:** ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਨੂੰ ਕੀਤੀ ਇੱਕ ਸੋਚ-ਵਿਚਾਰ ਵਾਲੀ ਅਪੀਲ ਵਿੱਚ, ਸਾਬਕਾ ਕੇਂਦਰੀ ਮੰਤਰੀ ਅਤੇ ਚੰਡੀਗੜ੍ਹ ਤੋਂ ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਸ਼ਹਿਰ ਦੇ ਸ਼ਹਿਰੀ ਗਰੀਬ ਅਤੇ ਹੇਠਲੇ ਮੱਧ ਵਰਗ ਦੇ ਲੋਕਾਂ ਲਈ ਸੁਨਿਸ਼ਚਿਤ ਭਲਾਈ ਸਕੀਮਾਂ ਲਾਗੂ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਚਾਰ ਸਫ਼?ਆਂ ਦੇ ਵਿਸਥਾਰਪੂਰਵਕ ਪੱਤਰ (ਕਾਪੀ ਨੱਥੀ ਹੈ) ਵਿੱਚ ਤਿਵਾੜੀ ਨੇ ਇਨ੍ਹਾਂ ਵਰਗਾਂ ਨੂੰ ਦਰਪੇਸ਼ ਗੰਭੀਰ ਆਰਥਿਕ ਮੁਸ਼ਕਲਾਂ ਉਭਾਰੀਆਂ ਹਨ ਅਤੇ ਅਜਿਹੀਆਂ ਨੀਤੀਆਂ ਲਾਗੂ ਕਰਨ ਦੀ ਮੰਗ ਕੀਤੀ ਹੈ, ਜਿਹੜੀਆਂ ਬੁਨਿਆਦੀ ਜੀਵਨ ਵਿੱਚ ਸਸਤੀ ਸਹੂਲਤਾਂ ਅਤੇ ਇੱਜ਼ਤ ਯਕੀਨੀ ਬਣਾਉਣ। ਤਿਵਾੜੀ ਵੱਲੋਂ ਕੀਤੀ ਗਈ ਸਭ ਤੋਂ ਵੱਡੀ ਮੰਗ ਇਹ ਹੈ ਕਿ ਪ੍ਰਸ਼ਾਸਨ ਵਲੋਂ ਮਹੀਨੇ ਵਿੱਚ 20,000 ਰੁਪਏ ਤੋਂ ਘੱਟ ਆਮਦਨ ਵਾਲੇ ਪਰਿਵਾਰਾਂ ਨੂੰ ਹਰ ਮਹੀਨੇ 300 ਯੂਨਿਟ ਮੁਫ਼ਤ ਬਿਜਲੀ ਅਤੇ 20,000 ਲੀਟਰ ਮੁਫ਼ਤ ਪਾਣੀ ਮੁਹੱਈਆ ਕਰਵਾਏ, ਤਾਂ ਜੋ ਉਹ ਇੱਜ਼ਤ ਅਤੇ ਸਵੈ-ਸਨਮਾਨ ਨਾਲ ਜੀਵਨ ਬਿਤਾ ਸਕਣ। ਤਿਵਾੜੀ ਨੇ ਸਰੋਤਾਂ ਦੀ ਮੁੜ ਵੰਡ ਦੀ ਸੰਭਾਵਨਾ 'ਤੇ ਜ਼ੋਰ ਦਿੰਦਿਆਂ, ਆਪਣੇ ਪੱਤਰ ਵਿੱਚ ਕਿਹਾ ਹੈ ਕਿ ਕੁਝ ਮੁੱਖ ਖੇਤਰਾਂ ਵਿੱਚ ਸਰਕਾਰੀ ਖਰਚ ਘਟਿਆ



ਹੈ ਅਤੇ ਉਸ ਬਚਤ ਨੂੰ ਲੋਕ-ਹਿਤੈਸ਼ੀ ਲਾਭਾਂ, ਜਿਵੇਂ ਕਿ ਸਬਸਿਡੀ ਵਾਲੀਆਂ ਜ਼ਰੂਰੀ ਸੇਵਾਵਾਂ ਵੱਲ ਮੋੜਿਆ ਜਾ ਸਕਦਾ ਹੈ। ਦਿੱਲੀ ਅਤੇ ਪੰਜਾਬ ਵਿੱਚ ਅਪਣਾਈਆਂ ਗਈਆਂ ਨੀਤੀਆਂ ਦਾ ਹਵਾਲਾ ਦਿੰਦਿਆਂ, ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਦਮ ਆਰਥਿਕ ਤੌਰ 'ਤੇ ਟਿਕਾਊ ਅਤੇ ਸਮਾਜਕ ਤੌਰ 'ਤੇ ਪ੍ਰਭਾਵਸ਼ਾਲੀ ਹੋ ਸਕਦੇ ਹਨ। ਤਿਵਾੜੀ ਨੇ ਸ਼ਹਿਰੀ ਗਰੀਬ ਅਤੇ ਹੇਠਲੇ ਮੱਧ ਵਰਗ ਦੀ ਇੱਜ਼ਤ, ਬਰਾਬਰੀ ਅਤੇ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਤੁਰੰਤ ਕਦਮ ਚੁੱਕਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਤਿਵਾੜੀ ਨੇ ਸ਼ਹਿਰ ਦੇ ਗਰੀਬ ਅਤੇ ਹੇਠਲੇ ਮੱਧ ਵਰਗ ਦੇ ਪਰਿਵਾਰਾਂ ਸਾਹਮਣੇ ਵਧ ਰਹੀਆਂ ਆਰਥਿਕ ਮੁਸ਼ਕਲਾਂ 'ਤੇ ਡੂੰਘੀ ਚਿੰਤਾ ਜਤਾਈ ਹੈ। ਉਨ੍ਹਾਂ ਨੇ ਆਪਣੇ ਪੱਤਰ ਵਿੱਚ ਲਿਖਿਆ ਹੈ ਕਿ ਪਿਛਲੇ 23 ਮਹੀਨਿਆਂ ਦੌਰਾਨ ਚੰਡੀਗੜ੍ਹ ਦੇ ਸ਼ਹਿਰੀ ਪਿੰਡਾਂ ਅਤੇ ਰਿਹੈਬਿਲੀਟੇਸ਼ਨ ਕਾਲੋਨੀਆਂ ਦੇ ਦੌਰਿਆਂ ਦੌਰਾਨ ਉਨ੍ਹਾਂ ਨੇ ਲੋਕਾਂ ਨੂੰ ਮਹਿੰਗਾਈ ਅਤੇ ਜੀਵਨ ਜਿਊਣ ਦੇ ਵਧਦੇ ਖਰਚ ਨਾਲ ਜੂਝਦੇ ਦੇਖਿਆ ਹੈ।

# ਵਿਧਾਇਕ ਡਾ. ਅਜੇ ਗੁਪਤਾ ਨੇ ਚਾਰ ਵਾਰਡਾਂ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ



ਜ਼ਿਕਰ ਪੰਜਾਬ
ਅੰਮ੍ਰਿਤਸਰ/ਬਿਊਰੋ

ਕੇਂਦਰੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ. ਅਜੇ ਗੁਪਤਾ ਨੇ ਹਲਕੇ ਦੇ ਚਾਰ ਵਾਰਡਾਂ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਵਿਧਾਇਕ ਡਾ. ਗੁਪਤਾ ਨੇ ਵਾਰਡ ਨੰਬਰ 53, ਮੰਦਰ ਰਵਿਦਾਸ ਇੰਦਰਾ ਕਲੋਨੀ, ਵਾਰਡ ਨੰਬਰ 55, ਗਲੀ ਗੋਕੁਲ ਚੰਦ, ਗਲੀ ਖਾਈ ਵਾਲੀ, ਵਾਰਡ ਨੰਬਰ 56, ਗਲੀ ਗੋਸਾਈਆ, ਗਲੀ ਭਈਆ, ਗਲੀ ਸ਼ੇਖਾ ਵਾਲੀ, ਅਤੇ ਵਾਰਡ ਨੰਬਰ 57, ਗਲੀ ਮਾਵਾ ਵਾਲੀ, ਗੰਡੀ ਗਲੀ ਵਿੱਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਕੇਂਦਰੀ ਵਿਧਾਨ ਸਭਾ ਹਲਕੇ ਵਿੱਚ 100% ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕੇ ਦਾ ਕੋਈ ਵੀ ਖੇਤਰ ਵਿਕਾਸ ਤੋਂ ਰਹਿਤ ਨਹੀਂ ਛੱਡਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੀਆਂ ਗਲੀਆਂ ਵਿੱਚ ਸੀਵਰੇਜ ਸਿਸਟਮ ਨੂੰ ਪਹਿਲਾਂ ਸੁਧਾਰਿਆ ਗਿਆ ਸੀ, ਅਤੇ ਹੁਣ ਗਲੀਆਂ ਨੂੰ ਕੰਕਰੀਟ ਦੇ ਫਰਸ਼ ਨਾਲ ਪੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਗਲੀਆਂ-ਨਾਲੀਆਂ ਦੇ ਨਿਰਮਾਣ ਕਾਰਜ ਸ਼ੁਰੂ ਹੋਣ ਨਾਲ ਇਲਾਕੇ ਦੇ ਲੋਕਾਂ ਵਿੱਚ ਭਾਰੀ ਉਤਸ਼ਾਹ ਪੈਦਾ ਹੋਇਆ ਹੈ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਹਲਕੇ ਦੇ ਸਾਰੇ 14 ਵਾਰਡਾਂ ਵਿੱਚ ਵਿਕਾਸ ਕਾਰਜ ਪਹਿਲਾਂ ਹੀ ਮਨਜ਼ੂਰ ਹੋ ਚੁੱਕੇ ਹਨ। ਹੁਣ ਸਾਰੇ ਵਾਰਡਾਂ ਵਿੱਚ ਰੋਜ਼ਾਨਾ ਵਿਕਾਸ ਕਾਰਜ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ (ਆਪ) ਸਰਕਾਰ ਲੋਕਾਂ ਦੀ ਸਰਕਾਰ ਹੈ ਅਤੇ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਲੋਕਾਂ ਨੂੰ ਉਪਲਬਧ ਕਰਵਾਈਆਂ ਜਾ ਰਹੀਆਂ ਹਨ।

